Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
# ਪੰਜਾਬ ਮੇਲ
ਯੂ. ਐੱਸ. ਏ.
Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

RE/MAX
Gurjatinder S. Randhawa
REALTOR CA DRE licence # 01490567
916-320-9444

Vol. 18, Issue- 832, 12 to 18 Dec., 2024, Ph: 916-320-9444, E-mail: punjabmailusa@yahoo.com, Web: punjabmailusa.com

## ਟਰੰਪ ਦੀ ਨਵੀਂ ਕੈਬਨਿਟ 'ਚ ਹਰਮੀਤ ਢਿੱਲੋਂ ਸਹਾਇਕ ਅਟਾਰਨੀ ਜਨਰਲ ਵਜੋਂ ਨਾਮਜ਼ਦ

■ ਟਰੰਪ ਨੇ ਢਿੱਲੋਂ ਦੀ ਨਾਗਰਿਕ ਸੁਤੰਤਰਤਾ ਪ੍ਰਤੀ ਵਚਨਬੱਧਤਾ ਦੀ ਕੀਤੀ ਪ੍ਰਸ਼ੰਸਾ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤੀ ਮੂਲ ਦੇ ਸਿੱਖ ਹਰਮੀਤ ਢਿੱਲੋਂ ਨੂੰ ਨਿਆਂ ਵਿਭਾਗ ਵਿਚ ਸਹਾਇਕ ਅਟਾਰਨੀ ਜਨਰਲ (ਸਿਵਲ ਰਾਈਟਸ) ਵਜੋਂ ਨਾਮਜ਼ਦ ਕਰਨ ਦਾ ਐਲਾਨ ਕੀਤਾ ਹੈ।

ਅਮਰੀਕੀ ਨਾਗਰਿਕ ਅਧਿਕਾਰ ਕਾਰਕੁਨ ਅਤੇ ਕੈਲੀਫੋਰਨੀਆ ਤੋਂ ਰਿਪਬਲਿਕਨ ਪਾਰਟੀ ਦੇ ਨੇਤਾ ਹਰਮੀਤ ਢਿੱਲੋਂ ਨੂੰ ਪ੍ਰਗਟਾਵੇ ਦੀ ਆਜ਼ਾਦੀ ਤੋਂ ਲੈ ਕੇ ਧਾਰਮਿਕ ਆਜ਼ਾਦੀ ਤੱਕ ਦੇ ਮੁੱਦਿਆਂ 'ਤੇ ਆਪਣੀ ਆਵਾਜ਼ ਬੁਲੰਦ ਕਰਨ ਲਈ ਜਾਣੀ ਜਾਂਦੀ ਹੈ। ਆਪਣੀ ਨਵੀਂ ਭੂਮਿਕਾ ਵਿਚ, ਢਿੱਲੋਂ ਵਿਤਕਰੇ ਦਾ ਮੁਕਾਬਲਾ ਕਰਨ ਅਤੇ ਸੰਵਿਧਾਨਕ ਆਜ਼ਾਦੀਆਂ ਨੂੰ ਬਰਕਰਾਰ ਰੱਖਣ ਸਮੇਤ ਨਾਗਰਿਕ ਅਧਿਕਾਰਾਂ ਦੀ ਰੱਖਿਆ ਲਈ ਜ਼ਿੰਮੇਵਾਰ ਹੋਵੇਗੀ।

ਚੰਡੀਗੜ੍ਹ, ਭਾਰਤ ਵਿਚ ਜਨਮੀਂ ਹਰਮੀਤ ਕੇ. ਢਿੱਲੋਂ 2 ਸਾਲ ਦੀ ਉਮਰ ਵਿਚ ਆਪਣੇ ਪਰਿਵਾਰ ਨਾਲ ਅਮਰੀਕਾ ਆ ਗਈ ਸੀ। ਨਿਊਯਾਰਕ ਆਉਣ ਤੋਂ ਪਹਿਲਾਂ ਉਸਦਾ ਪਾਲਣ-ਪੋਸ਼ਣ ਉੱਤਰੀ ਕੈਰੋਲੀਨਾ ਵਿਚ ਹੋਇਆ ਸੀ। ਢਿੱਲੋਂ ਨੇ ਡਾਰਟਮਾਊਥ ਕਾਲਜ ਤੋਂ ਕਲਾਸੀਕਲ ਸਟੱਡੀਜ਼ ਅਤੇ ਇੰਗਲਿਸ਼ ਵਿਚ ਗ੍ਰੈਜੂਏਸ਼ਨ ਕੀਤੀ।

ਹਰਮੀਤ ਨੇ ਫਿਰ ਯੂਨੀਵਰਸਿਟੀ ਆਫ ਵਰਜੀਨੀਆ ਸਕੂਲ ਆਫ ਲਾਅ ਤੋਂ ਜੂਰੀਸ ਡਾਕਟਰ ਦੀ ਡਿਗਰੀ ਹਾਸਲ ਕੀਤੀ ਅਤੇ ਵਰਜੀਨੀਆ ਲਾਅ ਰਿਵਿਊ ਦੇ ਸੰਪਾਦਕੀ ਬੋਰਡ ਵਿਚ ਸੇਵਾ ਕੀਤੀ। 2006 ਵਿਚ, ਉਸਨੇ ਕੈਲੀਫੋਰਨੀਆ, ਨਿਊਯਾਰਕ, ਨਿਊ ਜਰਸੀ, ਫਲੋਰੀਡਾ ਅਤੇ ਵਰਜੀਨੀਆ ਵਿਚ ਦਫਤਰਾਂ ਦੇ ਨਾਲ ਨੈਸ਼ਨਲ ਲਾਅ ਫਰਮ ਢਿੱਲੋਂ ਲਾਅ ਗਰੁੱਪ ਦੀ ਸਥਾਪਨਾ ਕੀਤੀ।

ਟਰੰਪ ਨੇ ਢਿੱਲੋਂ ਦੀ ਨਾਗਰਿਕ ਸੁਤੰਤਰਤਾ ਪ੍ਰਤੀ ਵਚਨਬੱਧਤਾ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਹਰਮੀਤ ਨੇ ਸੈਂਸਰਸ਼ਿਪ ਨੂੰ ਲੈ ਕੇ ਵੱਡੀਆਂ ਕੰਪਨੀਆਂ ਨੂੰ ਲੈ ਕੇ ਨਾਗਰਿਕ ਅਧਿਕਾਰਾਂ ਦੀ ਰੱਖਿਆ ਲਈ ਲਗਾਤਾਰ ਖੜ੍ਹੇ ਹੋਏ ਹਨ। ਉਨ੍ਹਾਂ ਨੇ ਕੋਵਿਡ ਦੌਰਾਨ ਈਸਾਈਆਂ ਦੇ ਪ੍ਰਾਰਥਨਾ ਕਰਨ ਦੇ ਅਧਿਕਾਰ ਦਾ ਬਚਾਅ ਕੀਤਾ ਹੈ ਅਤੇ ਦਫਤਰਾਂ ਵਿਚ ਪੱਖਪਾਤੀ ਨੀਤੀਆਂ ਨੂੰ ਚੁਣੌਤੀ ਦਿੱਤੀ ਹੈ। ਉਨ੍ਹਾਂ ਸਿੱਖ ਕੌਮ ਨਾਲ ਆਪਣੇ ਡੂੰਘੇ ਸਬੰਧਾਂ ਦਾ ਵੀ ਜ਼ਿਕਰ ਕੀਤਾ।


ਹਰਮੀਤ ਢਿੱਲੋਂ ਨੇ ਐਕਸ 'ਤੇ ਆਪਣੀ ਪੋਸਟ 'ਚ ਟਰੰਪ ਅਤੇ ਉਨ੍ਹਾਂ ਦੇ ਪਰਿਵਾਰ ਦਾ ਧੰਨਵਾਦ ਕਰਦੇ ਹੋਏ ਲਿਖਿਆ ਕਿ ਦੇਸ਼ ਦੇ ਨਾਗਰਿਕ ਅਧਿਕਾਰਾਂ ਦੀ ਰੱਖਿਆ ਲਈ

■ ਬਾਕੀ ਖਬਰ ਸਫਾ 24 'ਤੇ

## ਹੁਣ ਅਮਰੀਕਾ 'ਚ ਜਨਮ ਲੈਣ 'ਤੇ ਨਹੀਂ ਮਿਲੇਗੀ ਨਾਗਰਿਕਤਾ!

■ ਟਰੰਪ ਵੱਲੋਂ ਜਨਮ ਅਧਿਕਾਰ ਨਾਗਰਿਕਤਾ ਕਾਨੂੰਨ ਨੂੰ ਖਤਮ ਕਰਨ ਦਾ ਐਲਾਨ

■ ਅਮਰੀਕਾ 'ਚ ਰਹਿ ਰਹੇ ਲੱਖਾਂ ਭਾਰਤੀਆਂ 'ਤੇ ਪਵੇਗਾ ਅਸਰ



**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)-** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਹੋਰ ਵੱਡਾ ਐਲਾਨ ਕੀਤਾ ਹੈ। ਟਰੰਪ ਨੇ ਅਮਰੀਕਾ ਦੇ ਜਨਮ ਅਧਿਕਾਰ ਨਾਗਰਿਕਤਾ ਕਾਨੂੰਨ ਨੂੰ ਖਤਮ ਕਰਨ ਦਾ ਐਲਾਨ ਕਰਦਿਆਂ ਕਿਹਾ ਕਿ ਜਦੋਂ ਉਹ ਅਮਰੀਕੀ ਰਾਸ਼ਟਰਪਤੀ ਦਾ ਅਹੁਦਾ ਸੰਭਾਲਣਗੇ, ਤਾਂ ਉਹ ਇਸ ਕਾਨੂੰਨ ਨੂੰ ਬਦਲ ਦੇਣਗੇ। ਜੇਕਰ ਅਜਿਹਾ ਹੁੰਦਾ ਹੈ, ਤਾਂ ਇਸ ਦਾ ਅਸਰ ਅਮਰੀਕਾ 'ਚ ਰਹਿ ਰਹੇ ਲੱਖਾਂ ਭਾਰਤੀਆਂ 'ਤੇ ਪਵੇਗਾ।

ਜਨਮ ਅਧਿਕਾਰ ਨਾਗਰਿਕਤਾ ਦਾ ਮਤਲਬ ਹੈ ਕਿ ਅਮਰੀਕਾ ਵਿਚ ਪੈਦਾ ਹੋਇਆ ਕੋਈ ਵੀ ਵਿਅਕਤੀ ਆਪਣੇ ਆਪ ਹੀ ਅਮਰੀਕੀ ਨਾਗਰਿਕ ਬਣ ਜਾਂਦਾ ਹੈ। ਇਹ ਨੀਤੀ ਦਹਾਕਿਆਂ ਤੋਂ ਲਾਗੂ ਹੈ ਅਤੇ ਬਾਹਰੋਂ ਅਮਰੀਕਾ ਆਉਣ ਵਾਲੇ ਲੋਕਾਂ ਨੂੰ ਇਸ ਦਾ ਸਭ ਤੋਂ ਵੱਧ ਫਾਇਦਾ ਹੁੰਦਾ ਹੈ।

ਟਰੰਪ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਦਲੀਲ ਦਿੱਤੀ ਹੈ ਕਿ ਇਸ ਕਾਨੂੰਨ ਦੀ ਦੁਰਵਰਤੋਂ ਹੋ ਰਹੀ ਹੈ ਅਤੇ ਅਮਰੀਕੀ ਨਾਗਰਿਕ ਬਣਨ ਲਈ ਸਖਤ ਮਾਪਦੰਡ ਹੋਣੇ ਚਾਹੀਦੇ ਹਨ। ਐਤਵਾਰ ਨੂੰ ਐੱਨ.ਬੀ.ਸੀ. ਦੇ "ਮੀਟ ਦਿ ਪ੍ਰੈੱਸ" ਵਿਚ ਇੱਕ ਇੰਟਰਵਿਊ ਦੌਰਾਨ, ਟਰੰਪ ਨੇ ਇਸ ਨੂੰ "ਹਾਸੋਹੀਣਾ" ਦੱਸਦੇ ਹੋਏ ਕਿਹਾ ਕਿ ਅਜਿਹਾ ਅਸੀਂ ਕਾਰਜਕਾਰੀ ਆਦੇਸ਼ ਜ਼ਰੀਏ ਕਰ ਸਕਦੇ ਹਾਂ। ਉਨ੍ਹਾਂ ਸੰਕੇਤ ਦਿੱਤਾ ਕਿ ਉਹ ਆਪਣੇ ਪਹਿਲੇ ਦਿਨ ਕਾਰਜਕਾਰੀ ਆਦੇਸ਼ਾਂ ਦੀ ਵਰਤੋਂ ਕਰ ਸਕਦੇ ਹਨ, ਪਰ ਉਨ੍ਹਾਂ ਸੰਵਿਧਾਨਕ ਸੋਧ ਦੀ ਸੰਭਾਵਨਾ ਦਾ ਵੀ ਜ਼ਿਕਰ ਕੀਤਾ। ਟਰੰਪ ਨੇ ਕਿਹਾ, "ਸਾਨੂੰ ਇਸ ਨੂੰ ਖਤਮ ਕਰਨਾ ਹੋਵੇਗਾ। ਉਨ੍ਹਾਂ ਨੇ

■ ਬਾਕੀ ਖਬਰ ਸਫਾ 16 'ਤੇ

## ਅਮਰੀਕਾ 'ਚ 'ਡ੍ਰੀਮਰਸ' ਲਈ ਸਿਹਤ ਬੀਮਾ ਹੋਵੇਗਾ ਬੰਦ!

■ 19 ਸੂਬਿਆਂ 'ਚ ਬੰਦ ਹੋਵੇਗੀ ਇਹ ਸਹੂਲਤ ■ ਭਾਰਤੀ ਹੋਣਗੇ ਸਭ ਤੋਂ ਵੱਧ ਪ੍ਰਭਾਵਿਤ

■ ਬਾਇਡਨ ਪ੍ਰਸ਼ਾਸਨ ਦੁਆਰਾ ਗੈਰ-ਕਾਨੂੰਨੀ ਢੰਗ ਨਾਲ ਲਿਆਂਦੇ ਪ੍ਰਵਾਸੀਆਂ ਦੀ ਮਦਦ ਦੀਆਂ ਕੋਸ਼ਿਸ਼ਾਂ ਹੋਈਆਂ ਸੀਮਤ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਨੇ 'ਡ੍ਰੀਮਰਸ' ਨੂੰ ਵੱਡਾ ਝਟਕਾ ਦਿੱਤਾ ਹੈ। ਹੁਣ ਅਮਰੀਕਾ ਦੇ 19 ਸੂਬਿਆਂ ਵਿਚ "ਡ੍ਰੀਮਰਸ" ਵਜੋਂ ਜਾਣੇ ਜਾਂਦੇ ਨੌਜਵਾਨ ਬਾਲਗ ਪ੍ਰਵਾਸੀਆਂ ਨੂੰ ਅਸਥਾਈ ਤੌਰ 'ਤੇ ਕਿਫਾਇਤੀ ਕੇਅਰ ਐਕਟ (**Affordable Care Act**) ਦੇ ਜਨਤਕ ਮਾਰਕੀਟਪਲੇਸ ਦੁਆਰਾ ਸਿਹਤ ਬੀਮਾ ਪ੍ਰਾਪਤ ਕਰਨ ਤੋਂ ਰੋਕ ਦਿੱਤਾ ਜਾਵੇਗਾ। ਇੱਕ ਸੰਘੀ ਜੱਜ ਨੇ ਇਸ ਸਬੰਧੀ ਫ਼ੈਸਲਾ ਸੁਣਾਇਆ ਹੈ, ਜਿਸ ਨਾਲ ਬਾਇਡਨ ਪ੍ਰਸ਼ਾਸਨ ਦੁਆਰਾ ਬੱਚਿਆਂ ਦੇ ਰੂਪ ਵਿਚ ਗੈਰ-ਕਾਨੂੰਨੀ ਢੰਗ ਨਾਲ ਦੇਸ਼ ਵਿਚ ਲਿਆਂਦੇ ਪ੍ਰਵਾਸੀਆਂ ਦੀ ਮਦਦ ਕਰਨ ਦੀਆਂ ਕੋਸ਼ਿਸ਼ਾਂ ਸੀਮਤ ਹੋ ਗਈਆਂ ਹਨ। ਇਸ ਫ਼ੈਸਲੇ ਨਾਲ ਭਾਰਤੀ ਮੂਲ ਦੇ ਉਹ ਨੌਜਵਾਨ ਸਭ ਤੋਂ ਵੱਧ ਪ੍ਰਭਾਵਿਤ ਹੋਣਗੇ, ਜੋ ਅਮਰੀਕਾ ਦਾ ਨਾਗਰਿਕ ਬਣਨ ਦਾ ਸੁਫਨਾ ਦੇਖ ਰਹੇ ਹਨ।

ਉੱਤਰੀ ਡਕੋਟਾ ਵਿਚ ਯੂ.ਐੱਸ. ਡਿਸਟ੍ਰਿਕਟ ਕੋਰਟ ਦੇ ਜੱਜ ਡੈਨੀਅਲ ਟਰੇਨੋਰ ਨੇ ਬਿਸਮਾਰਕ ਤੋਂ ਸੋਮਵਾਰ ਨੂੰ ਆਦੇਸ਼ ਜਾਰੀ ਕੀਤਾ, ਜੋ ਬਾਇਡਨ ਪ੍ਰਸ਼ਾਸਨ ਦੇ ਉਸ ਨਿਯਮ ਨੂੰ ਝਟਕਾ ਹੈ, ਜਿਸ ਦੇ ਤਹਿਤ 147,000 ਪ੍ਰਵਾਸੀਆਂ ਨੂੰ ਕਵਰੇਜ ਲਈ ਨਾਮਜ਼ਦਗੀ ਲੈਣ ਦੀ ਆਗਿਆ ਦੇਣ ਦਾ ਅੰਦਾਜ਼ਾ ਸੀ। ਟਰੇਨੋਰ ਦਾ ਫ਼ੈਸਲਾ ਪਾਲਿਸੀ 'ਤੇ ਦਾਇਰ ਇਕ ਮੁਕੱਦਮੇ ਵਿਚ ਆਇਆ ਹੈ ਅਤੇ ਇਹ ਉਦੋਂ ਤੱਕ ਪ੍ਰਭਾਵੀ ਰਹੇਗਾ, ਜਦੋਂ ਤੱਕ ਮਾਮਲਾ ਮੁਕੱਦਮੇ ਵਿਚ ਨਹੀਂ ਜਾਂਦਾ। ਇਹ

■ ਬਾਕੀ ਖਬਰ ਸਫਾ 17 'ਤੇ

## ਅਮਰੀਕਾ 'ਚ ਪੜ੍ਹਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 'ਚ ਹੋਈ ਭਾਰੀ ਗਿਰਾਵਟ

■ ਭਾਰਤੀਆਂ ਨੂੰ ਜਾਰੀ ਕੀਤੇ ਗਏ ਵਿਦਿਆਰਥੀ ਵੀਜ਼ਾ 'ਚ 38 ਫੀਸਦੀ ਦੀ ਕਮੀ ਆਈ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ 'ਚ ਪੜ੍ਹਨ ਜਾਣ ਵਾਲੇ ਵਿਦਿਆਰਥੀਆਂ ਸਬੰਧੀ ਹੈਰਾਨੀਜਨਕ ਅੰਕੜੇ ਸਾਹਮਣੇ ਆਏ ਹਨ। ਅੰਕੜਿਆਂ ਮੁਤਾਬਕ ਅਮਰੀਕੀ ਸੰਸਥਾਵਾਂ ਵਿਚ ਪੜ੍ਹਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿਚ ਭਾਰੀ ਗਿਰਾਵਟ ਆਈ ਹੈ। ਕੋਵਿਡ (ਮਹਾਮਾਰੀ) ਤੋਂ ਬਾਅਦ ਇਹ ਸਭ ਤੋਂ ਵੱਡੀ ਗਿਰਾਵਟ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਪਿਛਲੇ ਸਾਲ ਇਨ੍ਹਾਂ ਦਿਨਾਂ ਦੇ ਮੁਕਾਬਲੇ 2024 ਦੇ ਪਹਿਲੇ ਨੌਂ ਮਹੀਨਿਆਂ ਵਿਚ ਭਾਰਤੀਆਂ ਨੂੰ ਜਾਰੀ ਕੀਤੇ ਗਏ ਐੱਫ-1 ਵਿਦਿਆਰਥੀ ਵੀਜ਼ਾ ਵਿਚ 38 ਫੀਸਦੀ ਦੀ ਕਮੀ ਆਈ ਹੈ। ਕੌਂਸਲਰ ਮਾਮਲਿਆਂ ਦੇ ਬਿਊਰੋ ਦੀ ਵੈੱਬਸਾਈਟ 'ਤੇ ਉਪਲਬਧ ਗੈਰ-ਪ੍ਰਵਾਸੀ ਵੀਜ਼ਾ ਰਿਪੋਰਟ ਦਾ ਵਿਸ਼ਲੇਸ਼ਣ ਕੀਤਾ ਗਿਆ, ਜੋ ਦਰਸਾਉਂਦਾ ਹੈ ਕਿ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਐੱਫ-1 ਵੀਜ਼ੇ ਮਹਾਮਾਰੀ ਤੋਂ ਬਾਅਦ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਏ ਹਨ।

ਇਸ ਸਾਲ ਜਨਵਰੀ ਤੋਂ ਸਤੰਬਰ ਤੱਕ 64,008 ਵੀਜ਼ੇ ਜਾਰੀ ਕੀਤੇ ਗਏ ਹਨ, ਜਦੋਂਕਿ 2023 ਦੇ ਇਸੇ ਮਹੀਨਿਆਂ ਦੌਰਾਨ 1,03,495 ਵੀਜ਼ੇ ਜਾਰੀ ਕੀਤੇ ਗਏ ਸਨ।

■ ਬਾਕੀ ਖਬਰ ਸਫਾ 16 'ਤੇ

## ਪੰਜਾਬ 'ਚ ਨਗਰ ਨਿਗਮਾਂ ਤੇ ਕੌਂਸਲਾਂ ਲਈ ਚੋਣਾਂ 21 ਦਸੰਬਰ ਨੂੰ



ਪੰਜਾਬ ਰਾਜ ਚੋਣ ਕਮਿਸ਼ਨਰ ਆਰ.ਕੇ. ਚੌਧਰੀ ਚੋਣ ਪ੍ਰੋਗਰਾਮ ਦਾ ਐਲਾਨ ਕਰਦੇ ਹੋਏ।

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਰਾਜ ਚੋਣ ਕਮਿਸ਼ਨ ਨੇ ਨਗਰ ਨਿਗਮਾਂ ਅਤੇ ਕੌਂਸਲਾਂ/ਨਗਰ ਪੰਚਾਇਤਾਂ ਲਈ ਚੋਣ ਪ੍ਰੋਗਰਾਮ ਐਲਾਨ ਦਿੱਤਾ ਹੈ। ਇਨ੍ਹਾਂ ਸਥਾਨਕ ਸ਼ਹਿਰੀ ਸੰਸਥਾਵਾਂ ਲਈ ਵੋਟਾਂ 21 ਦਸੰਬਰ ਨੂੰ ਪੈਣਗੀਆਂ। ਇਹ ਚੋਣਾਂ ਸੁਪਰੀਮ ਕੋਰਟ ਦੇ ਦਖ਼ਲ ਮਗਰੋਂ ਹੋ ਰਹੀਆਂ ਹਨ। ਕਰੀਬ ਡੇਢ ਸਾਲ ਪਹਿਲਾਂ ਵੱਖ-ਵੱਖ ਨਿਗਮਾਂ ਤੇ ਕੌਂਸਲਾਂ ਦਾ ਕਾਰਜਕਾਲ ਖ਼ਤਮ ਹੋ ਗਿਆ ਸੀ। ਚੋਣਾਂ ਦੇ ਐਲਾਨ ਨਾਲ ਹੀ ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ, ਜੋ ਚੋਣ ਪ੍ਰਕਿਰਿਆ ਮੁਕੰਮਲ ਹੋਣ ਤੱਕ ਜਾਰੀ ਰਹੇਗਾ। ਪੰਜਾਬ ਰਾਜ ਚੋਣ ਕਮਿਸ਼ਨਰ ਆਰ.ਕੇ. ਚੌਧਰੀ ਨੇ ਚੋਣ ਪ੍ਰੋਗਰਾਮ ਜਾਰੀ ਕਰਦਿਆਂ ਦੱਸਿਆ ਕਿ ਇਨ੍ਹਾਂ ਸਥਾਨਕ ਸ਼ਹਿਰੀ ਸੰਸਥਾਵਾਂ ਲਈ ਵੋਟਾਂ 21 ਦਸੰਬਰ ਨੂੰ ਸਵੇਰੇ 7 ਵਜੇ ਤੋਂ ਸ਼ਾਮ ਚਾਰ ਵਜੇ ਤੱਕ ਪੈਣਗੀਆਂ। ਉਸ ਦਿਨ ਹੀ ਚੋਣ ਨਤੀਜੇ ਐਲਾਨੇ ਜਾਣਗੇ। ਵੋਟਿੰਗ ਲਈ ਈ.ਵੀ.ਐੱਮਜ਼ ਦੀ ਵਰਤੋਂ ਕੀਤੀ ਜਾਣੀ ਹੈ ਅਤੇ ਚੋਣ ਕਮਿਸ਼ਨ ਨੇ ਇਸ ਬਾਰੇ ਲੋੜੀਂਦੇ ਪ੍ਰਬੰਧ ਕਰ ਲਏ ਹਨ।

■ ਬਾਕੀ ਖਬਰ ਸਫਾ 24 'ਤੇ

## ਧਾਰਮਿਕ ਪ੍ਰਚਾਰਕ ਢੱਡਰੀਆਂ ਵਾਲੇ ਖ਼ਿਲਾਫ਼ ਕਤਲ ਤੇ ਜਬਰ ਜਨਾਹ ਦਾ ਕੇਸ ਦਰਜ

■ ਮੇਰੇ 'ਤੇ ਲੱਗੇ ਦੋਸ਼ ਬਿਲਕੁਲ ਝੂਠੇ ਸਾਬਿਤ ਹੋਣਗੇ : ਢੱਡਰੀਆਂਵਾਲਾ

■ ਗੁਰਦੁਆਰਾ ਪਰਮੇਸ਼ਰ ਦੁਆਰ 'ਚ 12 ਸਾਲ ਪਹਿਲਾਂ ਲੜਕੀ ਦੀ ਮੌਤ ਦੇ ਸਬੰਧ 'ਚ ਹੋਈ ਪੁਲਿਸ ਕਾਰਵਾਈ



**ਮਾਛੀਵਾੜਾ ਸਾਹਿਬ, (ਪੰਜਾਬ ਮੇਲ)-** ਸਿੱਖ ਧਰਮ ਦੇ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂਵਾਲੇ 'ਤੇ ਕਤਲ ਤੇ ਬਲਾਤਕਾਰ ਦਾ ਮਾਮਲਾ ਦਰਜ ਹੋਣ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਆਪਣਾ ਪੱਖ ਰੱਖਦਿਆਂ ਉਨ੍ਹਾਂ ਕਿਹਾ ਕਿ ਬੇਸ਼ੱਕ ਮਾਣਯੋਗ ਹਾਈਕੋਰਟ ਦੇ ਆਦੇਸ਼ਾਂ ਤੋਂ ਬਾਅਦ ਉਨ੍ਹਾਂ 'ਤੇ ਮਾਮਲਾ ਦਰਜ ਹੋਇਆ ਹੈ ਪਰ ਜਾਂਚ ਤੋਂ ਬਾਅਦ ਉਨ੍ਹਾਂ 'ਤੇ ਲੱਗੇ ਦੋਸ਼ ਬਿਲਕੁਲ ਝੂਠੇ ਸਾਬਿਤ ਹੋਣਗੇ।

ਉਨ੍ਹਾਂ ਕਿਹਾ ਕਿ 13 ਸਾਲ ਪਹਿਲਾਂ ਗੁਰਦੁਆਰਾ ਪਰਮੇਸ਼ਵਰ ਦੁਆਰ ਦੇ ਗੇਟ ਅੱਗੇ ਲੜਕੀ ਨੇ ਖੁਦਕੁਸ਼ੀ ਕੀਤੀ ਸੀ ਅਤੇ ਜਾਂਚ ਤੋਂ ਬਾਅਦ ਕੇਸ ਬਿਲਕੁਲ ਬੰਦ ਹੋ ਗਿਆ ਸੀ। ਉਸ ਸਮੇਂ ਪਰਿਵਾਰ ਨੇ ਕਿਹਾ ਸੀ ਕਿ ਅਸੀਂ ਕੋਈ ਕਾਰਵਾਈ ਨਹੀਂ ਕਰਵਾਉਣੀ ਪਰ ਹੁਣ ਉਹ ਮਾਣਯੋਗ ਹਾਈਕੋਰਟ ਵਿਚ ਗਏ ਹਨ, ਜਿਸ 'ਤੇ ਅਦਾਲਤ ਨੇ ਕਿਹਾ ਕਿ ਐੱਫ.ਆਈ.ਆਰ. ਦਰਜ ਕਰ ਕੇ ਮਾਮਲੇ ਦੀ ਜਾਂਚ ਕੀਤੀ ਜਾਵੇ।

■ ਬਾਕੀ ਖਬਰ ਸਫਾ 24 'ਤੇ

## ਟਰੂਡੋ ਸਰਕਾਰ ਡੇਗਣ ਦੀ ਇਕ ਹੋਰ ਕੋਸ਼ਿਸ਼ ਨਾਕਾਮ

■ ਕੰਜ਼ਰਵੇਟਿਵ ਆਗੂ ਪੋਲੀਵਰ ਵੱਲੋਂ ਰੱਖਿਆ ਆਖਰੀ ਬੇਭਰੋਸਗੀ ਮਤਾ ਵੀ ਹੋਇਆ ਫੇਲ੍ਹ

■ ਐੱਨ.ਡੀ.ਪੀ. ਆਗੂ ਜਗਮੀਤ ਸਿੰਘ ਵੱਲੋਂ ਮਤੇ ਦਾ ਵਿਰੋਧ



**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਦੀ ਘੱਟਗਿਣਤੀ ਜਸਟਿਨ ਟਰੂਡੋ ਸਰਕਾਰ ਖਿਲਾਫ਼ ਵਿਰੋਧੀ ਪਾਰਟੀ ਆਗੂ ਪੀਅਰ ਪੋਲੀਵਰ ਵਲੋਂ ਸੰਸਦ ਵਿਚ ਪੇਸ਼ ਕੀਤਾ ਗਿਆ ਤੀਜਾ ਤੇ ਆਖਰੀ ਬੇਭਰੋਸਗੀ ਮਤਾ ਵੀ ਫੇਲ੍ਹ ਹੋ ਗਿਆ ਹੈ। ਕੰਜ਼ਰਵੇਟਿਵ ਪਾਰਟੀ ਦੇ ਆਗੂ ਵੱਲੋਂ ਪਿਛਲੇ ਮਹੀਨਿਆਂ ਦੌਰਾਨ ਦੋ ਵਾਰ ਅਜਿਹੇ ਬੇਭਰੋਸਗੀ ਮਤੇ ਪੇਸ਼ ਕੀਤੇ ਗਏ ਸਨ, ਪਰ ਕਿਸੇ ਹੋਰ ਪਾਰਟੀ ਵਲੋਂ ਹਮਾਇਤ ਨਾ ਮਿਲਣ ਕਰਕੇ ਇਹ ਕੋਸ਼ਿਸ਼ਾਂ ਠੁੱਸ ਹੋ ਗਈਆਂ। ਪੋਲੀਵਰ ਵੱਲੋਂ ਅਚਾਨਕ ਇਹ ਆਖਰੀ ਦਾਅ ਇਸ ਕਰਕੇ ਖੇਡਿਆ ਗਿਆ ਸੀ ਕਿ ਕਿਉਂਕਿ ਟਰੂਡੋ ਸਰਕਾਰ ਨੂੰ ਬਾਹਰੋਂ ਹਮਾਇਤ ਦੇਣ ਵਾਲੇ ਐੱਨ.ਡੀ.ਪੀ. ਆਗੂ ਜਗਮੀਤ ਸਿੰਘ ਵੱਲੋਂ ਸਰਕਾਰ 'ਤੇ ਜ਼ੋਰ ਪਾਇਆ ਜਾ ਰਿਹਾ ਹੈ ਕਿ ਜੀ.ਐੱਸ.ਟੀ. ਦੀ ਛੋਟ ਅਤੇ ਢਾਈ ਸੌ ਡਾਲਰ ਦੀ ਰਾਹਤ ਅਦਾਇਗੀ ਵਿਚ ਪੈਨਸ਼ਨ ਆਧਾਰਿਤ ਬਜ਼ੁਰਗਾਂ ਨੂੰ ਵੀ ਜੋੜਿਆ ਜਾਵੇ। ਸਿਆਸੀ ਸੂਝ-ਬੂਝ ਰੱਖਣ ਵਾਲੇ ਲੋਕਾਂ ਦਾ

■ ਬਾਕੀ ਖਬਰ ਸਫਾ 17 'ਤੇ

# ਅਮਰੀਕਾ ਆਏ ਪੰਜਾਬੀ ਨੌਜਵਾਨ ਦੀ ਅਚਾਨਕ ਹੋਈ ਮੌਤ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ 'ਚ ਪੰਜਾਬੀ ਨੌਜਵਾਨ ਦੀ ਅਚਨਚੇਤ ਮੌਤ ਹੋਣ ਦੀ ਦੁਖਦ ਖ਼ਬਰ ਸਾਹਮਣੇ ਆਈ ਹੈ। ਪਿੰਡ ਕੋਹਾਟਵਿੰਡ ਹਿੰਦੂਆਣਾ ਨਾਲ ਸਬੰਧਤ ਜਸ਼ਨਦੀਪ ਸਿੰਘ (20) ਨੂੰ ਤਬੀਅਤ ਵਿਗੜਨ ਮਗਰੋਂ ਹਸਪਤਾਲ ਲਿਜਾਇਆ ਗਿਆ, ਜਿਥੇ ਉਸ ਨੇ ਦਮ ਤੋੜ ਦਿਤਾ। ਕੈਲੀਫੋਰਨੀਆ ਦੇ ਲੇਥਰੌਪ ਨਾਲ ਸਬੰਧਤ ਬਘੇਲ ਸਿੰਘ ਨੇ ਗੋਫੰਡਮੀ ਪੇਜ ਸਥਾਪਤ ਕੀਤਾ ਹੈ, ਤਾਂਕਿ ਜਸ਼ਨਦੀਪ ਸਿੰਘ ਦਾ ਅੰਤਿਮ ਸਸਕਾਰ ਕੀਤਾ ਜਾ ਸਕੇ ਅਤੇ ਮਾਪਿਆਂ ਦੀ ਆਰਥਿਕ ਮਦਦ ਕੀਤੀ ਜਾ ਸਕੇ। ਬਘੇਲ ਸਿੰਘ ਮੁਤਾਬਕ ਜਸ਼ਨਦੀਪ ਸਿੰਘ ਸਿਰਫ਼ ਪੰਜ ਮਹੀਨੇ ਪਹਿਲਾਂ ਹੀ ਅਮਰੀਕਾ ਪੁੱਜਾ ਸੀ ਅਤੇ 8 ਦਸੰਬਰ ਨੂੰ ਅਚਾਨਕ ਉਸ ਦੀ ਤਬੀਅਤ ਵਿਗੜਨ ਲੱਗੀ। ਜਸ਼ਨਦੀਪ ਸਿੰਘ ਨੂੰ ਹਸਪਤਾਲ ਲਿਜਾਇਆ ਗਿਆ ਅਤੇ ਡਾਕਟਰਾਂ ਨੇ ਆਈ.ਸੀ.ਯੂ. ਵਿਚ ਭੇਜ ਦਿੱਤਾ, ਇੱਥੇ ਉਸ ਨੂੰ ਦਿਲ ਦਾ ਦੌਰਾ ਪਿਆ ਪਰ ਉਸ ਨੂੰ ਬਚਾਇਆ ਨਾ ਜਾ ਸਕਿਆ। ਇੱਥੇ ਦੱਸਣਾ ਬਣਦਾ ਹੈ ਕਿ ਅਮਰੀਕਾ ਅਤੇ ਕੈਨੇਡਾ ਵਿਚ ਪੰਜਾਬੀ ਨੌਜਵਾਨਾਂ ਦੀ ਬੇਵਕਤੀ ਮੌਤ ਆਮ ਗੱਲ ਹੋ ਚੁੱਕੀ ਹੈ, ਜਿਨ੍ਹਾਂ ਦੇ ਦਿਮਾਗ 'ਤੇ ਵਧ ਰਿਹਾ ਤਣਾਅ ਵੀ ਇਨ੍ਹਾਂ ਅਣਹੋਣੀਆਂ 'ਚ ਵੱਡਾ ਯੋਗਦਾਨ ਪਾਉਂਦਾ ਹੈ।

# ਐੱਨ.ਆਰ.ਆਈ. ਬਜ਼ੁਰਗ ਔਰਤ ਦੇ ਖਾਤੇ 'ਚੋਂ ਨੂੰਹ ਨੇ ਲੱਖਾਂ ਰੁਪਏ ਕੀਤੇ ਗਾਇਬ

**ਖੰਨਾ, (ਪੰਜਾਬ ਮੇਲ)-** ਪੁਲਿਸ ਜ਼ਿਲ੍ਹਾ ਖੰਨਾ ਅਧੀਨ ਪੈਂਦੀ ਕਮਲ ਕਾਲੋਨੀ ਵਿਚ ਰਹਿੰਦੀ ਪ੍ਰਵਾਸੀ ਭਾਰਤੀ ਬਜ਼ੁਰਗ ਔਰਤ ਦੇ ਖਾਤੇ ਵਿਚੋਂ 12 ਲੱਖ 33 ਹਜ਼ਾਰ ਰੁਪਏ ਗਾਇਬ ਹੋ ਗਏ ਸਨ। ਬਜ਼ੁਰਗ ਔਰਤ ਦੀ ਨੂੰਹ ਨੇ ਧੋਖੇ ਨਾਲ ਇਹ ਰਕਮ ਬੈਂਕ ਖਾਤਿਆਂ ਵਿਚ ਟਰਾਂਸਫਰ ਕੀਤੀ ਸੀ, ਜਿਸ 'ਤੇ ਸ਼ਿਕਾਇਤਕਰਤਾ ਅੰਮ੍ਰਿਤ ਰਾਣੀ ਵਾਸੀ ਮਕਾਨ ਨੰਬਰ-10, ਗਲੀ ਨੰਬਰ-2, ਵਾਰਡ ਨੰਬਰ-12 ਕਮਲ ਕਾਲੋਨੀ ਦੀ ਸ਼ਿਕਾਇਤ 'ਤੇ ਉਸ ਦੀ ਨੂੰਹ ਸੰਗੀਤਾ ਰਾਣੀ ਵਰਮਾ ਖਿਲਾਫ ਥਾਣਾ ਸਮਰਾਲਾ ਵਿਚ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਗਿਆ ਸੀ। ਵਰਮਾ ਕੋਠੀ ਨੰਬਰ 1747-ਏ, ਫੇਜ਼-10 ਸੈਕਟਰ-64 ਮੋਹਾਲੀ ਵਿਖੇ ਰਹਿੰਦੀ

## ■ ਹੇਰਾਫੇਰੀ ਕਰਨ ਵਾਲੀ ਨੂੰਹ ਦੀ ਜ਼ਮਾਨਤ ਰੱਦ

ਹੈ। ਇਸ ਮਾਮਲੇ 'ਚ ਮੁਲਜ਼ਮ ਨੂੰਹ ਦੀਆਂ ਮੁਸ਼ਕਲਾਂ ਹੋਰ ਵਧ ਗਈਆਂ ਹਨ। ਉਸ ਨੂੰ ਜ਼ਿਲ੍ਹਾ ਸੈਸ਼ਨ ਅਦਾਲਤ ਵਲੋਂ ਜ਼ਮਾਨਤ ਨਹੀਂ ਮਿਲੀ। ਸੰਗੀਤਾ ਰਾਣੀ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਗਈ ਹੈ। ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਮਾਣਯੋਗ ਜੱਜ ਨੇ ਜੁਰਮ ਦੀ ਗੰਭੀਰਤਾ ਨੂੰ ਦੇਖਦੇ ਹੋਏ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ। ਹੁਣ ਕਥਿਤ ਦੋਸ਼ੀ ਔਰਤ ਨੂੰ ਜੇਲ੍ਹ ਵੀ ਭੁਗਤਣੀ ਪੈ ਸਕਦੀ ਹੈ ਕਿਉਂਕਿ ਮੌਜੂਦਾ ਸਮੇਂ ਵਿਚ ਮਾਣਯੋਗ ਹਾਈ ਕੋਰਟ ਤੋਂ ਵੀ ਜਲਦੀ ਜ਼ਮਾਨਤ ਕਰਵਾਉਣਾ ਉਸ ਲਈ ਆਸਾਨ ਨਹੀਂ ਹੈ।

# ਫਰਿਜ਼ਨੋ ਦੀ ਮਸ਼ਹੂਰ ਰਿਐਲਟਰ ਐਮੀਂ ਗਿੱਲ ਦਾ ਦੇਹਾਂਤ




**ਫਰਿਜ਼ਨੋ, (ਮਾਛੀਕੇ/ਧਾਲੀਆਂ/ਪੰਜਾਬ ਮੇਲ)-** ਫਰਿਜ਼ਨੋ ਦੇ ਪੰਜਾਬੀ ਭਾਈਚਾਰੇ ਅਤੇ ਗਿੱਲ ਪਰਿਵਾਰ ਨੂੰ ਪਿਛਲੇ ਦਿਨੀਂ ਉਸ ਵਕਤ ਗਹਿਰਾ ਸਦਮਾ ਲੱਗਾ, ਜਦੋਂ ਮਸ਼ਹੂਰ ਰਿਐਲਟਰ ਅਮਰਿੰਦਰ ਕੌਰ ਗਿੱਲ, ਜਿਸਨੂੰ ਸਾਰੇ ਪਿਆਰ ਨਾਲ ਐਮੀਂ ਗਿੱਲ ਕਹਿਕੇ ਬਲਾਉਂਦੇ ਸਨ, ਬੜੀ ਛੋਟੀ ਉਮਰ ਵਿਚ ਅਚਾਨਕ ਸਦੀਵੀ ਅਲਵਿਦਾ ਆਖ ਗਈ। ਉਹ ਆਪਣੇ ਪਿੱਛੇ ਦੋ ਧੀਆਂ (10 ਤੇ 5 ਸਾਲ) ਅਤੇ ਪਿਆਰ ਕਰਨ ਵਾਲਾ ਪਤੀ ਛੱਡ ਗਈ। ਐਮੀਂ ਗਿੱਲ ਦੂਸਰਿਆਂ ਦੀ ਮਦਦ ਕਰਨ ਵਾਲੀ ਬਹੁਤ ਹੀ ਨਰਮ ਦਿਲ ਅਤੇ ਮਿਲਾਪੜੀ ਇਨਸਾਨ ਸੀ। ਜਿੱਥੇ ਐਮੀਂ ਦੇ ਅਚਾਨਕ ਵਿਛੋੜੇ ਕਾਰਨ ਗਿੱਲ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ, ਉਥੇ ਫਰਿਜ਼ਨੋ ਦਾ ਪੰਜਾਬੀ ਭਾਈਚਾਰਾ ਵੀ ਇੱਕ ਸੁੱਘੜ, ਸਿਆਣੀ ਰਿਐਲਟਰ ਤੋਂ ਵਾਂਝਾ ਹੋ ਗਿਆ। ਐਮੀਂ ਗਿੱਲ ਦੀ ਦੇਹ ਦਾ ਅੰਤਿਮ ਸਸਕਾਰ 14 ਦਸੰਬਰ, ਦਿਨ ਸ਼ਨੀਵਾਰ, ਸ਼ਾਂਤ ਭਵਨ ਫਿਊਨਰਲ ਹੋਮ ਫਾਊਲਰ, **4800 E Clayton Ave Fowler, ca 93625** ਵਿਖੇ ਸਵੇਰੇ 10 ਤੋਂ ਦੁਪਿਹਰ 12 ਵਜੇ ਦਰਮਿਆਨ ਹੋਵੇਗਾ। ਉਪਰੰਤ ਭੋਗ ਗੁਰਦੁਆਰਾ, ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, 2630 N Locan Ave Fresno ca 93737 ਵਿਖੇ ਪਵੇਗਾ। ਫਰਿਜ਼ਨੋ ਦਾ ਸਮੂਹ ਪੰਜਾਬੀ ਭਾਈਚਾਰਾ ਗਿੱਲ ਪਰਿਵਾਰ ਦੇ ਇਸ ਅਤੀ ਦੁੱਖ ਦੇ ਵਿਚ ਸ਼ਰੀਕ, ਹਮਦਰਦੀ ਪ੍ਰਗਟ ਕਰਦਾ ਹੈ। ਪ੍ਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਅਤੇ ਗਿੱਲ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

# ਯੂਨਾਈਟਿਡ ਹੈਲਥ ਕੇਅਰ ਦੇ ਸੀ.ਈ.ਓ. ਦੀ ਹੱਤਿਆ ਮਾਮਲੇ 'ਚ ਸ਼ੱਕੀ ਗ੍ਰਿਫਤਾਰ

**ਅਲਟੂਨਾ, (ਪੰਜਾਬ ਮੇਲ)-** ਅਮਰੀਕਾ ਦੇ ਮੈਨਹਟਨ 'ਚ ਯੂਨਾਈਟਿਡ ਹੈਲਥ ਕੇਅਰ ਦੇ ਸੀ.ਈ.ਓ. ਦੀ ਬੇਰਹਿਮੀ ਨਾਲ ਹੱਤਿਆ ਦੇ ਮਾਮਲੇ 'ਚ ਸੋਮਵਾਰ ਨੂੰ ਇਕ ਸ਼ੱਕੀ ਨੂੰ ਗ੍ਰਿਫਤਾਰ ਕੀਤਾ ਗਿਆ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ।

ਪੈਨਸਿਲਵੇਨੀਆ 'ਚ ਮੈਕਡੋਨਲਡ ਦੇ ਇਕ ਗਾਹਕ ਨੇ ਸ਼ੱਕੀ ਵਿਅਕਤੀ ਨੂੰ ਦੇਖਿਆ, ਜਿਸ ਕੋਲੋਂ ਅਧਿਕਾਰੀਆਂ ਨੂੰ ਇਕ ਬੰਦੂਕ, ਇਕ ਮਾਸਕ ਅਤੇ ਹਮਲੇ ਨਾਲ ਸਬੰਧਤ ਕੁਝ ਲਿਖਿਆ ਹੋਇਆ ਮਿਲਿਆ। ਅਲਟੂਨਾ ਰੈਸਟੋਰੈਂਟ 'ਚ ਵਾਪਰੀ ਇਸ



ਘਟਨਾ ਨੇ ਜਾਂਚ 'ਚ ਨਾਟਕੀ ਮੋੜ ਲਿਆ ਦਿੱਤਾ।

ਪੁਲਿਸ ਨੇ ਕਿਹਾ ਕਿ ਇਕ ਮੁੱਖ ਮੈਰੀਲੈਂਡ ਰੀਅਲ ਅਸਟੇਟ ਪਰਿਵਾਰ ਨਾਲ ਸਬੰਧਤ ਲੁਈਗੀ ਨਿਕੋਲਸ ਮੈਂਗਿਓਨ (26) ਕੋਲ ਇਕ ਬੰਦੂਕ ਸੀ, ਸੰਭਾਵਨਾ ਹੈ ਕਿ ਇਸ ਦੀ ਵਰਤੋਂ ਪਿਛਲੇ ਬੁੱਧਵਾਰ ਬ੍ਰਾਇਨ ਥਾਮਸਨ ਨੂੰ ਗੋਲੀ ਮਾਰ ਕੇ ਹੱਤਿਆ ਕਰਨ 'ਚ ਕੀਤੀ ਗਈ ਸੀ।

ਇਸ ਤੋਂ ਇਲਾਵਾ ਉਸ ਕੋਲੋਂ ਕੁਝ ਅਜਿਹੀ ਜਾਣਕਾਰੀ ਵੀ ਮਿਲੀ ਸੀ, ਜਿਸ ਤੋਂ ਪਤਾ ਲੱਗਦਾ ਹੈ ਕਿ ਉਸ ਦੀ ਅਮਰੀਕੀ ਇੰਡਸਟਰੀ ਪ੍ਰਤੀ ਨਾਰਾਜ਼ਗੀ ਸੀ। ਸੋਮਵਾਰ ਦੇਰ ਰਾਤ ਮੈਨਹਟਨ ਦੇ ਵਕੀਲਾਂ ਨੇ ਮੈਂਗਿਓਨ ਖਿਲਾਫ ਕਤਲ ਅਤੇ ਹੋਰ ਦੋਸ਼ ਦਾਇਰ ਕੀਤੇ। ਉਸ ਨੂੰ ਪੈਨਸਿਲਵੇਨੀਆ ਦੀ ਇਕ ਜੇਲ੍ਹ 'ਚ ਰੱਖਿਆ ਗਿਆ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**

**www.punjabmailusa.com**

**Global Allianz**

ਕਾਨੂੰਨੀ ਸਲਾਹ

**LAW FIRM LLP**

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

**Asylum & Deportation Defense**



Atul Kapoor
C.E.O



Neat Allen Sawyer
Attorney at law

Designed By Punjab Mail USA

**555 Capitol Mall SUITE 1245, Sacramento, CA 95814**

**Phone:209-808-2136, 209-952-5578, 1-916-806-7042, Fax: 209-476-7188**

# ਅਹੁਦਾ ਸੰਭਾਲਣ ਬਾਅਦ ਸਿਆਸੀ ਵਿਰੋਧੀਆਂ ਤੋਂ ਨਹੀਂ ਲਵਾਂਗਾ ਬਦਲਾ : ਟਰੰਪ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਤਵਾਰ ਨੂੰ ਕਿਹਾ ਕਿ ਉਹ ਅਹੁਦਾ ਸੰਭਾਲਣ ਤੋਂ ਬਾਅਦ ਆਪਣੇ ਸਿਆਸੀ ਵਿਰੋਧੀਆਂ ਤੋਂ ਬਦਲਾ ਨਹੀਂ ਲੈਣਗੇ। ਟਰੰਪ ਨੇ ਐੱਨ.ਬੀ.ਸੀ. ਨਿਊਜ਼ ਨੂੰ ਦਿੱਤੇ ਇੱਕ ਇੰਟਰਵਿਊ ਵਿਚ ਕਿਹਾ, "ਮੈਂ ਅਤੀਤ ਵਿਚ ਵਾਪਸ ਨਹੀਂ ਜਾਣਾ ਚਾਹੁੰਦਾ... ਬਦਲਾ ਸਫਲਤਾ ਦੁਆਰਾ ਲਿਆ ਜਾਵੇਗਾ।"



ਟਰੰਪ ਨੇ 2021 ਦੇ ਕੈਪੀਟਲ ਦੰਗਿਆਂ 'ਚ ਆਪਣੀ ਕਥਿਤ ਭੂਮਿਕਾ ਦੀ ਜਾਂਚ ਦੀ ਅਗਵਾਈ ਕਰਨ ਵਾਲੇ ਅਮਰੀਕੀ ਵਿਸ਼ੇਸ਼ ਵਕੀਲ ਜੈਕ ਸਮਿਥ ਨੂੰ "ਡੂੰਘੇ ਭ੍ਰਿਸ਼ਟ" ਦੱਸਿਆ ਅਤੇ ਕਿਹਾ ਕਿ 6 ਜਨਵਰੀ ਦੇ ਹਮਲੇ ਦੀ ਜਾਂਚ ਕਰ ਰਹੀ ਕਮੇਟੀ ਦੇ ਮੈਂਬਰ "ਸਿਆਸੀ ਠੱਗ" ਸਨ, ਜਿਨ੍ਹਾਂ ਨੂੰ "ਜੇਲ੍ਹ ਜਾਣਾ ਚਾਹੀਦਾ ਹੈ।" ਪਰ ਉਸਨੇ ਕਿਹਾ ਕਿ ਉਹ ਵਿਸ਼ੇਸ਼ ਤੌਰ 'ਤੇ ਐੱਫ.ਬੀ.ਆਈ. ਅਤੇ ਨਿਆਂ ਵਿਭਾਗ ਦੁਆਰਾ ਉਨ੍ਹਾਂ ਨੂੰ ਸਜ਼ਾ ਨਾ ਦੇਣ ਲਈ ਕਹਿਣਗੇ। ਹਾਲਾਂਕਿ ਉਸ ਦਾ ਮੰਨਣਾ ਹੈ ਕਿ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਇਸ ਦੀ ਜਾਂਚ ਕਰਨੀ ਚਾਹੀਦੀ ਹੈ।

ਚੁਣੇ ਗਏ ਰਾਸ਼ਟਰਪਤੀ ਨੇ ਬਿਨਾਂ ਦਸਤਾਵੇਜ਼ੀ ਪ੍ਰਵਾਸੀਆਂ ਦੇ ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਕਰਨ ਅਤੇ ਜਨਮ ਅਧਿਕਾਰ ਨਾਗਰਿਕਤਾ ਨੂੰ ਖ਼ਤਮ ਕਰਨ ਦੀਆਂ ਆਪਣੀਆਂ ਯੋਜਨਾਵਾਂ ਦੀ ਪੁਸ਼ਟੀ ਕੀਤੀ। ਇਹ ਇੱਕ ਸੰਵਿਧਾਨਕ ਵਿਵਸਥਾ ਹੈ, ਜੋ ਅਮਰੀਕਾ ਵਿਚ ਪੈਦਾ ਹੋਏ ਸਾਰੇ ਬੱਚਿਆਂ ਨੂੰ ਅਮਰੀਕੀ ਨਾਗਰਿਕਤਾ ਦੀ ਗਰੰਟੀ ਦਿੰਦੀ ਹੈ, ਚਾਹੇ ਉਨ੍ਹਾਂ ਦੇ ਮਾਤਾ-ਪਿਤਾ ਦੀ ਕੌਮੀਅਤ ਕੁਝ ਵੀ ਹੋਵੇ।

ਟਰੰਪ ਨੇ 06 ਜਨਵਰੀ, 2021 ਦੇ ਵਿਰੋਧ ਪ੍ਰਦਰਸ਼ਨਾਂ ਵਿਚ ਆਪਣੀ ਭੂਮਿਕਾਵਾਂ ਲਈ ਸੰਘੀ ਅਪਰਾਧਾਂ ਲਈ ਦੋਸ਼ੀ ਠਹਿਰਾਏ ਗਏ ਲੋਕਾਂ ਨੂੰ ਮੁਆਫ ਕਰਨ ਦਾ ਵਾਅਦਾ ਵੀ ਕੀਤਾ। ਉਨ੍ਹਾਂ ਦਲੀਲ ਦਿੱਤੀ ਕਿ ਉਨ੍ਹਾਂ ਵਿਚੋਂ ਕਈਆਂ ਨਾਲ ਜੇਲ੍ਹਾਂ ਵਿਚ ਬਦਸਲੂਕੀ ਕੀਤੀ ਜਾ ਰਹੀ ਹੈ। ਟਰੰਪ ਨੇ ਕਿਹਾ, "ਇਹ ਲੋਕ ਨਰਕ ਵਿਚ ਰਹਿ ਰਹੇ ਹਨ।" ਨਵੇਂ ਚੁਣੇ ਗਏ ਰਾਸ਼ਟਰਪਤੀ ਨੇ ਕਸਮ ਖਾਧੀ ਕਿ ਜਿਸ ਦਿਨ ਉਹ ਅਹੁਦੇ ਦੀ ਸਹੁੰ ਚੁੱਕਣਗੇ, ਉਸੇ ਦਿਨ ਮੁਆਫੀ ਜਾਰੀ ਕੀਤੀ ਜਾਵੇਗੀ।

## ਵਕੀਲ ਐਲੀਨਾ ਹੱਬਾ ਟਰੰਪ ਦੀ ਸਲਾਹਕਾਰ ਨਿਯੁਕਤ



**ਫੋਰਟ ਲਾਡਰਡੇਲ, (ਪੰਜਾਬ ਮੇਲ)-** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਨਿਊਯਾਰਕ 'ਚ ਰਿਸ਼ਵਤ ਦੇ ਇਕ ਕੇਸ 'ਚ ਆਪਣਾ ਕੇਸ ਲੜਨ ਵਾਲੇ ਵਕੀਲ ਨੂੰ 'ਰਾਸ਼ਟਰਪਤੀ ਦਾ ਸਲਾਹਕਾਰ' ਨਿਯੁਕਤ ਕਰਨ ਦਾ ਐਲਾਨ ਕੀਤਾ ਹੈ।

ਟਰੰਪ ਦੀ ਵਕੀਲ ਐਲੀਨਾ ਹੱਬਾ (40) ਨੇ ਇਸ ਸਾਲ ਦੇ ਸ਼ੁਰੂ 'ਚ ਟਰੰਪ ਦੇ ਬਚਾਅ 'ਚ ਕੇਸ ਲੜਿਆ ਸੀ ਅਤੇ ਉਹ ਉਨ੍ਹਾਂ ਦੀ ਕਾਨੂੰਨੀ ਬੁਲਾਰਾ ਵੀ ਰਹੀ ਹੈ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਲਿਖਿਆ, 'ਹੱਬਾ ਆਪਣੀ ਵਫ਼ਾਦਾਰੀ 'ਚ ਅਡੋਲ ਰਹੀ ਹੈ ਅਤੇ ਉਸ ਦਾ ਦ੍ਰਿੜ੍ਹ ਇਰਾਦਾ ਬੇਮਿਸਾਲ ਹੈ।'

# ਕੈਲੀਫੋਰਨੀਆ 'ਚ ਚੋਣ ਜਿੱਤੀ ਭਾਰਤੀ ਮੂਲ ਦੀ ਡਾਕਟਰ ਪਟੇਲ ਨੇ ਵਿਧਾਇਕ ਵਜੋਂ ਸਹੁੰ ਚੁੱਕੀ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਕੈਲੀਫੋਰਨੀਆ ਦੇ 76ਵੇਂ ਅਸੈਂਬਲੀ ਡਿਸਟ੍ਰਿਕਟ ਤੋਂ ਚੋਣ ਜਿੱਤੀ ਡੈਮੋਕ੍ਰੈਟਿਕ ਆਗੂ ਭਾਰਤੀ ਮੂਲ ਦੀ ਡਾਕਟਰ ਦਰਸ਼ਨਾ ਆਰ. ਪਟੇਲ ਨੇ ਸਟੇਟ ਅਸੈਂਬਲੀ ਮੈਂਬਰ ਵਜੋਂ ਸਹੁੰ ਚੁੱਕੀ। ਇਸ ਮੌਕੇ ਆਪਣੇ ਸੰਖੇਪ ਸੰਬੋਧਨ ਵਿਚ ਉਨ੍ਹਾਂ ਨੇ ਹਲਕੇ ਦੇ ਵਸਨੀਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਉਨ੍ਹਾਂ ਦੀਆਂ ਉਮੀਦਾਂ ਉਪਰ ਖਰਾ ਉਤਰਨ ਦੀ ਪੂਰੀ ਕੋਸ਼ਿਸ਼ ਕਰਾਂਗੀ। ਉਨ੍ਹਾਂ ਕਿਹਾ ਕਿ ਹਲਕੇ ਦੇ ਵਸਨੀਕਾਂ ਨੇ ਮੈਨੂੰ ਸਟੇਟ ਅਸੈਂਬਲੀ 'ਚ 76ਵੇਂ ਡਿਸਟ੍ਰਿਕਟ ਦੀ ਪ੍ਰਤੀਨਿੱਧਤਾ ਕਰਨ ਦਾ ਮਾਣ ਬਖਸ਼ਿਆ ਹੈ ਤੇ ਮੈਂ ਉਨ੍ਹਾਂ ਲਈ ਕੰਮ ਕਰਨ ਵਾਸਤੇ ਬਹੁਤ ਉਤਸਕ ਹਾਂ। ਮੈਂ ਇਸ ਜ਼ਿੰਮੇਵਾਰੀ ਨੂੰ ਬਹੁਤ ਹੀ ਗੰਭੀਰਤਾ ਤੇ ਸੁਹਿਰਦਤਾ ਨਾਲ ਨਿਭਾਵਾਂਗੀ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਮੇਰੇ ਉਪਰ ਭਰੋਸਾ ਪ੍ਰਗਟਾਇਆ ਹੈ, ਮੈਂ ਉਨ੍ਹਾਂ ਪ੍ਰਤੀ ਸਮਰਪਿਤ ਭਾਵਨਾ ਨਾਲ ਕੰਮ ਕਰਾਂਗੀ। ਪਟੇਲ ਨੇ ਰਿਪਬਲੀਕਨ ਉਮੀਦਵਾਰ ਕ੍ਰਿਸਟੀ ਬਰੂਸ ਲੇਨ ਨੂੰ 53% ਵੋਟਾਂ ਪ੍ਰਾਪਤ ਕਰਕੇ 14000 ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਰਿਪਬਲੀਕਨ ਪ੍ਰਭਾਵ ਵਾਲੇ 76ਵੇਂ ਡਿਸਟ੍ਰਿਕਟ ਵਿਚ ਪਟੇਲ ਦੀ ਜਿੱਤ ਨੂੰ ਅਹਿਮ ਮੰਨਿਆ ਜਾ ਰਿਹਾ ਹੈ। ਚੋਣ ਮੁਹਿੰਮ ਦੌਰਾਨ ਜਿਥੇ ਵਿਰੋਧੀ ਉਮੀਦਵਾਰ ਬਰੂਸ ਲੇਨ ਪਟੇਲ ਦੀ ਨਿੱਜੀ ਆਲੋਚਨਾ ਕਰਦੀ ਰਹੀ, ਉਥੇ ਪਟੇਲ ਨੇ ਆਪਣੇ ਪ੍ਰਚਾਰ ਦੌਰਾਨ ਲੋਕਾਂ ਦੇ ਮੁੱਦਿਆਂ ਨੂੰ ਉਭਾਰਿਆ ਤੇ ਉਨ੍ਹਾਂ ਮੁੱਦਿਆਂ ਲਈ ਕੰਮ ਕਰਨ ਦਾ ਵਾਅਦਾ ਕੀਤਾ।



**ਡਾਕਟਰ ਦਰਸ਼ਨਾ ਆਰ. ਪਟੇਲ ਵਿਧਾਇਕ ਵਜੋਂ ਸਹੁੰ ਚੁੱਕਦੀ ਹੋਈ।**

# ਟਰੰਪ ਨੇ ਅਮਰੀਕਾ ਦੇ ਨਾਟੋ ਤੋਂ ਬਾਹਰ ਹੋਣ ਦੀ ਸੰਭਾਵਨਾ ਪ੍ਰਗਟਾਈ !

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਤਵਾਰ ਨੂੰ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ 'ਤੇ ਯੂਕਰੇਨ ਨਾਲ ਤੁਰੰਤ ਜੰਗਬੰਦੀ 'ਤੇ ਪਹੁੰਚਣ ਲਈ ਕਦਮ ਚੁੱਕਣ ਲਈ ਦਬਾਅ ਪਾਇਆ। ਉਨ੍ਹਾਂ ਨੇ ਇਸਨੂੰ ਅਮਰੀਕੀ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਲਈ ਬਹੁਤ ਸਮਾਂ ਬਾਕੀ ਹੋਣ ਦੇ ਬਾਵਜੂਦ ਇਸ ਲੜਾਈ ਨੂੰ ਖਤਮ ਕਰਨ ਲਈ ਰਾਸ਼ਟਰਪਤੀ ਵਜੋਂ ਆਪਣੇ ਸਰਗਰਮ ਯਤਨਾਂ ਦਾ ਹਿੱਸਾ ਦੱਸਿਆ।

ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਦਾ ਹਵਾਲਾ ਦਿੰਦੇ ਹੋਏ ਟਰੰਪ ਨੇ ਸੋਸ਼ਲ ਮੀਡੀਆ 'ਤੇ ਲਿਖਿਆ, 'ਜ਼ੇਲੇਂਸਕੀ ਅਤੇ ਯੂਕਰੇਨ ਇੱਕ ਸਮਝੌਤਾ ਕਰਨਾ ਚਾਹੁੰਣਗੇ ਅਤੇ ਪਾਗਲਪਣ ਬੰਦ ਕਰਨਾ ਪਸੰਦ ਕਰਨਗੇ।' ਐਤਵਾਰ ਨੂੰ ਇੱਕ ਟੈਲੀਵਿਜ਼ਨ ਇੰਟਰਵਿਊ ਵਿਚ, ਟਰੰਪ ਨੇ ਇਹ ਵੀ ਕਿਹਾ ਕਿ ਉਹ ਯੂਕਰੇਨ ਨੂੰ ਦਿੱਤੀ ਜਾਣ ਵਾਲੀ ਫੌਜੀ ਸਹਾਇਤਾ ਨੂੰ ਘੱਟ ਕਰਨ ਅਤੇ ਅਮਰੀਕਾ ਨੂੰ ਨਾਟੋ ਤੋਂ ਬਾਹਰ ਕੱਢਣ ਲਈ ਤਿਆਰ ਹਨ। ਇਹ ਦੋ ਅਜਿਹੀਆਂ ਧਮਕੀਆਂ ਹਨ, ਜਿਨ੍ਹਾਂ ਨਾਲ ਯੂਕਰੇਨ, ਨਾਟੋ ਸਹਿਯੋਗੀ ਅਤੇ ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਭਾਈਚਾਰੇ ਦੇ ਕਈ ਲੋਕ ਚਿੰਤਤ ਹਨ।

ਜਦੋਂ ਟਰੰਪ ਨੂੰ ਐੱਨ.ਬੀ.ਸੀ. ਦੇ 'ਮੀਟ ਦਿ ਪ੍ਰੈੱਸ' ਪ੍ਰੋਗਰਾਮ 'ਚ ਪੁੱਛਿਆ ਗਿਆ ਕਿ ਕੀ ਉਹ ਲਗਭਗ 3 ਸਾਲ ਪੁਰਾਣੇ ਯੂਕਰੇਨ ਯੁੱਧ ਨੂੰ ਖਤਮ ਕਰਨ ਲਈ ਸਰਗਰਮੀ ਨਾਲ ਕੰਮ ਕਰ ਰਹੇ ਹਨ, ਤਾਂ ਟਰੰਪ ਨੇ ਕਿਹਾ, 'ਮੈਂ ਕਰ ਰਿਹਾ ਹਾਂ।' ਉਨ੍ਹਾਂ ਨੇ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਕਿ ਨਵੰਬਰ ਵਿਚ ਚੋਣ ਜਿੱਤਣ ਤੋਂ ਬਾਅਦ ਉਨ੍ਹਾਂ ਨੇ ਪੁਤਿਨ ਨਾਲ ਗੱਲ ਕੀਤੀ ਹੈ ਜਾਂ ਨਹੀਂ।




# ਫਰਿਜ਼ਨੋ ’ਚ ਲੱਗਾ ਪਹਿਲਾ ਮੈਂਟਲ ਹੈਲਥ ਸੈਮੀਨਰ



**ਫਰਿਜ਼ਨੋ, (ਪੰਜਾਬ ਮੇਲ)-** ਹਰਸਿਮਰਨ ਸਿੰਘ ਭੰਡਾਲ (**MA, 4th year medical student**) ਵੱਲੋਂ ਪੰਜਾਬੀ ਕਮਿਊਨਿਟੀ ਅੰਦਰ ਵੱਧ ਰਹੇ ਮੈਂਟਲ ਹੈਲਥ ਮੁੱਦਿਆਂ ਨੂੰ ਲੈ ਕੇ ਇੱਕ ਬੜਾ ਵਧੀਆ ਪ੍ਰੋਗਰਾਮ ਇੰਡੀਅਨ ਕਬਾਬ ਰੈਸਟੋਰੈਂਟ ਫਰਿਜ਼ਨੋ ਵਿਖੇ ਕਰਵਾਇਆ ਗਿਆ। ਜਿੱਥੇ ਉਸਦਾ ਸਾਥ ਦੇਣ ਲਈ ਹੋਰ ਪੰਜਾਬੀ ਡਾਕਟਰਾਂ ਨੇ ਇਸ ਪ੍ਰੋਗਰਾਮ ਵਿਚ ਹਿੱਸਾ ਲਿਆ। ਇਹ ਆਪਣੀ ਕਿਸਮ ਦਾ ਫਰਿਜ਼ਨੋ ਵਿਖੇ ਪਹਿਲਾ ਮੈਂਟਲ ਹੈਲਥ ਨਾਲ ਸਬੰਧਤ ਪ੍ਰੋਗਰਾਮ ਸੀ। ਇਸ ਪ੍ਰੋਗਰਾਮ ਦਾ ਲਾਹਾ ਲੈਣ ਲਈ ਆਸ ਤੋਂ ਵੱਧ ਪੰਜਾਬੀ ਪਹੁੰਚੇ। ਇਸ ਦੌਰਾਨ ਹਰਸਿਮਰਨ ਸਿੰਘ ਭੰਡਾਲ ਨੇ ਡਾਕਟਰਾਂ ਦਾ ਇੱਕ ਪੈਨਲ ਬਣਾਇਆ। ਇਸ ਪੈਨਲ ਤੋਂ ਲੋਕ ਮੈਂਟਲ ਹੈਲਥ ਨੂੰ ਲੈ ਕੇ ਸਵਾਲ ਪੁੱਛ ਰਹੇ ਸਨ। ਇਸ ਮੌਕੇ ਬੋਲਦਿਆਂ ਹਰਸਿਮਰਨ ਭੰਡਾਲ ਨੇ ਕਿਹਾ ਕਿ ਮੈਂਟਲ ਹੈਲਥ ਪੰਜਾਬੀ ਕਮਿਊਨਿਟੀ ਲਈ ਇੱਕ ਵੱਡਾ ਮੁੱਦਾ ਹੈ, ਇਸ ਬਾਰੇ ਗੱਲਬਾਤ ਕਰਨ ਤੋਂ ਪੰਜਾਬੀ ਕਮਿਊਨਿਟੀ ਵਿਚ ਬੜੀ ਵੱਡੀ ਝਿੱਜਕ ਹੈ। ਹੌਲੀ-ਹੌਲੀ ਇਹ ਬਿਮਾਰੀ ਵੱਡਾ ਰੂਪ ਧਾਰਨ ਕਰ ਜਾਂਦੀ ਹੈ, ਜਿਹੜੀ ਕਿ ਬਾਅਦ ਵਿਚ ਬੜੀਆਂ ਵੱਡੀਆਂ ਮੁਸ਼ਕਲਾਂ ਪੈਦਾ ਕਰਦੀ ਹੈ। ਉਨ੍ਹਾਂ ਇਹਦੇ ਲੱਛਣਾਂ ਤੇ ਇਲਾਜ ਬਾਰੇ ਖੁੱਲ੍ਹ ਕੇ ਗੱਲਬਾਤ ਕੀਤੀ। ਇਸ ਮੌਕੇ ਉਨ੍ਹਾਂ ਦਾ ਸਾਥ ਦੇਣ ਲਈ ਪੈਨਲ ਵਿਚ ਗੁਲਵੀਨ ਕੌਰ ਚੀਮਾ ਐੱਲ.ਸੀ.ਐੱਸ.ਡਬਲਯੂ. (ਕਲੀਨਿਕਲ ਸ਼ੋਸ਼ਲ ਵਰਕਰ ਅਤੇ ਥੈਰਪਿਸਟ), ਡਾ. ਸਿਮਰਨ ਕੌਰ ਮਾਨ (ਪੀ.ਐੱਚ.ਡੀ., ਐੱਮ.ਪੀ.ਐੱਚ., ਸੀ.ਐੱਚ.ਈ.ਐੱਸ. ਪਬਲਿਕ ਹੈਲਥ ਰੀਸਚਰ), ਡਾ. ਜਗਮੀਤ ਕੌਰ ਚੰਨ (ਐੱਮ.ਡੀ. **psychiatrist**), ਜਗਦੀਪ ਬਰਾੜ (ਸ਼ੋਸ਼ਲ ਵਰਕਰ) ਆਦਿ ਸ਼ਾਮਲ ਸਨ। ਡਾ. ਹਰਸਿਮਰਨ ਸਿੰਘ ਭੰਡਾਲ ਜਿਹੜੇ ਕਿ ਪੀ.ਸੀ.ਏ. ਮੈਬਰ ਸ. ਸੁਖਬੀਰ ਸਿੰਘ ਭੰਡਾਲ ਦੇ ਬੇਟੇ ਹਨ। ਇਹ ਆਪ ਮੈਡੀਕਲ ਦੇ ਚੌਥੇ ਸਾਲ ਦੇ ਵਿਦਿਆਰਥੀ ਹਨ। ਇਨ੍ਹਾਂ ਨੇ ਅਗਲੇ ਚੌਹ ਮਹੀਨਿਆਂ ਵਿਚ (ਐੱਮ.ਪੀ.ਐੱਚ., ਡਬਲ ਐੱਮ.ਡੀ. (ਸਾਈਕ ਅਤੇ ਇੰਨਟਰਨਲ ਮੈਡੀਸਨ) ਦੀ ਪੜ੍ਹਾਈ ਸਮਾਪਤ ਕਰ ਲੈਣੀ ਹੈ। ਇਸ ਨੌਜਵਾਨ ਦਾ ਸੁਪਨਾ ਹੈ ਕਿ ਪੰਜਾਬੀਆਂ ਨੂੰ ਮੈਂਟਲ ਹੈਲਥ ਤੋਂ ਜਾਣੂ ਕਰਵਾਇਆ ਜਾਵੇ ਤੇ ਇਹ ਸਮਾਗਮ ਇੱਕ ਸ਼ੁਰੂਆਤ ਸੀ। ਅਗਲਾ ਪ੍ਰੋਗਰਾਮ ਵੱਡੀ ਪੱਧਰ ਅਤੇ ਪੀ.ਸੀ.ਏ. ਦੇ ਸਹਿਯੋਗ ਨਾਲ ਜਲਦ ਦੁਬਾਰਾ ਫਰਿਜ਼ਨੋ ਵਿਖੇ ਕਰਵਾਇਆ ਜਾਵੇਗਾ।

# ਟਰੰਪ ਦੀ ਟੈਰਿਫ ਵਧਾਉਣ ਦੀ ਧਮਕੀ ’ਤੇ ਚੀਨੀ ਰਾਸ਼ਟਰਪਤੀ ਵੱਲੋਂ ਚਿਤਾਵਨੀ

**ਬੀਜਿੰਗ, (ਪੰਜਾਬ ਮੇਲ)-** ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਮੰਗਲਵਾਰ ਨੂੰ ਚਿਤਾਵਨੀ ਦਿੱਤੀ ਕਿ ਅਮਰੀਕਾ ਅਤੇ ਚੀਨ ਵਿਚਾਲੇ ਟੈਰਿਫ ਅਤੇ ਟੈਕਨਾਲੋਜੀ ਦੀ ਲੜਾਈ ਵਿਚ ਕੋਈ ਨਹੀਂ ਜਿੱਤੇਗਾ ਅਤੇ ਬੀਜਿੰਗ ਮਜ਼ਬੂਤੀ ਨਾਲ ਆਪਣੇ ਹਿੱਤਾਂ ਦੀ ਰੱਖਿਆ ਕਰੇਗਾ। ਉਨ੍ਹਾਂ ਦਾ ਇਹ ਬਿਆਨ ਡੋਨਾਲਡ ਟਰੰਪ ਦੇ ਜਨਵਰੀ 2025 ’ਚ ਇਕ ਵਾਰ ਫਿਰ ਅਮਰੀਕਾ ਦੀ ਰਾਸ਼ਟਰਪਤੀ ਦੀ ਵਾਗਡੋਰ ਸੰਭਾਲਣ ਤੋਂ ਪਹਿਲਾਂ ਆਇਆ ਹੈ।

ਸ਼ੀ ਨੇ ਬੀਜਿੰਗ ਵਿਚ ਵਿਸ਼ਵ ਬੈਂਕ, ਅੰਤਰਰਾਸ਼ਟਰੀ ਮੁਦਰਾ ਫੰਡ (ਆਈ.ਐੱਮ.ਐੱਫ.) ਸਮੇਤ 10 ਪ੍ਰਮੁੱਖ ਅੰਤਰਰਾਸ਼ਟਰੀ ਸੰਗਠਨਾਂ ਦੇ ਮੁਖੀਆਂ ਨਾਲ ਇੱਕ ਬੈਠਕ ਵਿਚ ਕਿਹਾ, “ਟੈਰਿਫ, ਵਪਾਰ ਅਤੇ ਤਕਨਾਲੋਜੀ ਦੀ ਲੜਾਈ ਆਰਥਿਕ ਕਾਨੂੰਨਾਂ ਦੇ ਉਲਟ ਹੈ ਅਤੇ ਇਨ੍ਹਾਂ ਵਿਚੋਂ ਕੋਈ ਵੀ ਜੇਤੂ ਨਹੀਂ ਹੋਵੇਗਾ।” ਚੀਨੀ ਰਾਸ਼ਟਰਪਤੀ ਨੇ ਬੈਠਕ ਦੌਰਾਨ ਅਮਰੀਕਾ ਨਾਲ ਸਬੰਧਾਂ ਲਈ ਚੀਨ ਦੇ ਸਿਧਾਂਤਾਂ ’ਤੇ ਜ਼ੋਰ ਦਿੱਤਾ। ਸਰਕਾਰੀ ਮੀਡੀਆ ਦੁਆਰਾ ਇੱਥੇ ਜਾਰੀ ਕੀਤੀ ਗਈ ਖ਼ਬਰ ਅਨੁਸਾਰ, ਉਸਨੇ ਕਿਹਾ, “ਚੀਨ ਹਮੇਸ਼ਾ ਆਪਣੇ ਮਾਮਲਿਆਂ ’ਤੇ ਧਿਆਨ ਦੇਵੇਗਾ ਅਤੇ ਆਪਣੀ ਪ੍ਰਭੂਸੱਤਾ, ਸੁਰੱਖਿਆ ਅਤੇ ਵਿਕਾਸ ਹਿੱਤਾਂ ਦੀ ਦ੍ਰਿੜ੍ਹਤਾ ਨਾਲ ਰਾਖੀ ਕਰੇਗਾ।” ਚੀਨ ਆਜ਼ਾਦ ਅਰਥਵਿਵਸਥਾ ਨੂੰ ਉਤਸ਼ਾਹਿਤ ਕਰਨ ਲਈ ਆਪਣੀ ਵਚਨਬੱਧਤਾ ’ਤੇ ਕਾਇਮ ਰਹੇਗਾ।

# ਯੂ.ਐੱਸ. ਡਿਪਾਰਟਮੈਂਟ ਵੱਖ-ਵੱਖ ਰੁਜ਼ਗਾਰ-ਆਧਾਰਿਤ ਵੀਜ਼ਾ ਨੰਬਰਾਂ ਨੂੰ ਰੱਖਣ ਦੀ ਕਰ ਰਿਹੈ ਕੋਸ਼ਿਸ਼

**ਵਾਸ਼ਿੰਗਟਨ, (ਪੰਜਾਬ ਮੇਲ)-** ਦਸੰਬਰ 2024 ਦੇ ਮਾਸਿਕ ਵੀਜ਼ਾ ਬੁਲੇਟਿਨ ਵਿਚ ਰੋਜ਼ਗਾਰ-ਆਧਾਰਿਤ ਤਰਜੀਹੀ ਕੇਸਾਂ ਲਈ ਚਾਰਟ ਫਾਈਲ ਕਰਨ ਦੀਆਂ ਤਰੀਕਾਂ ਦੀ ਵਰਤੋਂ ਕਰਨਾ ਜਾਰੀ ਰੱਖ ਕੇ, ਯੂ.ਐੱਸ. ਡਿਪਾਰਟਮੈਂਟ ਆਫ਼ ਸਟੇਟ ਨੇ ਇਹ ਵੀ ਸੰਕੇਤ ਦਿੱਤਾ ਹੈ ਕਿ ਉਹ ਅਜੇ ਵੀ ਵੱਖ-ਵੱਖ ਰੁਜ਼ਗਾਰ-ਆਧਾਰਿਤ ਵੀਜ਼ਾ ਨੰਬਰਾਂ ਨੂੰ ਰੱਖਣ ਦੀ ਪੂਰੀ ਕੋਸ਼ਿਸ਼ ਕਰ ਰਿਹਾ ਹੈ।

ਯੂ.ਐੱਸ. ਡਿਪਾਰਟਮੈਂਟ ਆਫ਼ ਸਟੇਟ (ਡੀ.ਓ.ਐੱਸ.) ਆਪਣੇ ਵੀਜ਼ਾ ਬੁਲੇਟਿਨ ’ਤੇ ਮੌਜੂਦਾ ਪ੍ਰਵਾਸੀ ਵੀਜ਼ਾ ਉਪਲਬਧਤਾ ਜਾਣਕਾਰੀ ਪ੍ਰਕਾਸ਼ਿਤ ਕਰਦਾ ਹੈ। ਵੀਜ਼ਾ ਬੁਲੇਟਿਨ ਦਿਖਾਉਂਦਾ ਹੈ ਕਿ ਕਦੋਂ ਪ੍ਰਵਾਸੀ ਵੀਜ਼ਾ ਸੰਭਾਵੀ ਪ੍ਰਵਾਸੀਆਂ ਨੂੰ ਉਨ੍ਹਾਂ ਦੀਆਂ ਵਿਅਕਤੀਗਤ ਤਰਜੀਹੀ ਮਿਤੀਆਂ ਦੇ ਆਧਾਰ ’ਤੇ ਜਾਰੀ ਕਰਨ ਲਈ ਉਪਲਬਧ ਹੁੰਦਾ ਹੈ। ਹਰ ਮਹੀਨੇ, ਡੀ.ਓ.ਐੱਸ. ਆਪਣੇ ਵੀਜ਼ਾ ਬੁਲੇਟਿਨ ’ਤੇ ਪ੍ਰਤੀ ਵੀਜ਼ਾ ਤਰਜੀਹ ਸ਼੍ਰੇਣੀ ਲਈ ਦੋ ਚਾਰਟ ਪ੍ਰਕਾਸ਼ਿਤ ਕਰਦਾ ਹੈ। ਚਾਰਟ ਐਪਲੀਕੇਸ਼ਨ ਦੀਆਂ ਅੰਤਿਮ ਮਿਤੀਆਂ ਅਤੇ ਅਰਜ਼ੀਆਂ ਭਰਨ ਦੀਆਂ ਤਰੀਕਾਂ ’ਤੇ ਆਧਾਰਿਤ ਹਨ।

ਅੰਤਿਮ ਕਾਰਵਾਈ ਮਿਤੀਆਂ ਦਾ ਚਾਰਟ ਉਨ੍ਹਾਂ ਤਾਰੀਖਾਂ ਨੂੰ ਦਰਸਾਉਂਦਾ ਹੈ ਜਦੋਂ ਅੰਤ ਵਿੱਚ ਵੀਜ਼ਾ ਜਾਰੀ ਕੀਤਾ ਜਾ ਸਕਦਾ ਹੈ ਅਤੇ ਅਰਜ਼ੀਆਂ ਭਰਨ ਦੀਆਂ ਤਾਰੀਖਾਂ ਸਭ ਤੋਂ ਪਹਿਲੀਆਂ ਤਾਰੀਖਾਂ ਨੂੰ ਦਰਸਾਉਂਦੀਆਂ ਹਨ, ਜਦੋਂ ਬਿਨੈਕਾਰ ਅਰਜ਼ੀ ਦੇਣ ਦੇ ਯੋਗ ਹੋ ਸਕਦੇ ਹਨ।

ਯੂ.ਐੱਸ.ਸੀ.ਆਈ.ਐੱਸ. ਸਟੇਟਸ ਐਪਲੀਕੇਸ਼ਨਾਂ ਦੇ ਰੁਜ਼ਗਾਰ-ਆਧਾਰਿਤ ਸਮਾਯੋਜਨ ਲਈ ਫਾਈਲ ਕਰਨ ਦੀਆਂ ਤਰੀਕਾਂ ਦੀ ਵਰਤੋਂ ਕਰਨਾ ਜਾਰੀ ਰੱਖੇਗਾ।

## ਦਸੰਬਰ 2024 ਵੀਜ਼ਾ ਬੁਲੇਟਿਨ

ਇਹ ਅਕਤੂਬਰ 2024 ਦੇ ਵੀਜ਼ਾ ਬੁਲੇਟਿਨ ਵਿਚ ਸ਼ੁਰੂ ਹੋਏ ਬਦਲਾਅ ਦੀ ਨਿਰੰਤਰਤਾ ਹੈ। ਇਸ ਤੋਂ ਇਲਾਵਾ, ਯੂ.ਐੱਸ.ਸੀ.ਆਈ.ਐੱਸ. ਨੇ ਫੈਮਿਲੀ-ਸਪਾਂਸਰਡ ਐਡਜਸਟਮੈਂਟ ਆਫ ਸਟੇਟਸ ਐਪਲੀਕੇਸ਼ਨ ਟੇਬਲ ਲਈ ਫਾਈਲ ਕਰਨ ਦੀਆਂ ਤਰੀਕਾਂ ਦੀ ਪਾਲਣਾ ਕਰਨਾ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ। ਜਦੋਂ ਕਿ ਦਸੰਬਰ 2024 ਵੀਜ਼ਾ ਬੁਲੇਟਿਨ ਦੁਨੀਆ ਭਰ ਦੇ ਵਿਅਕਤੀਆਂ ਲਈ ਅੰਦੋਲਨ ਦੀਆਂ ਤਾਰੀਖਾਂ ਨੂੰ ਦਰਸਾਉਂਦਾ ਹੈ, ਇਹ ਲੇਖ ਖਾਸ ਤੌਰ ’ਤੇ ਉਨ੍ਹਾਂ ਤਾਰੀਖਾਂ ’ਤੇ ਧਿਆਨ ਕੇਂਦਰਿਤ ਕਰੇਗਾ, ਜੋ ਭਾਰਤੀ ਨਾਗਰਿਕਾਂ ਨੂੰ ਪ੍ਰਭਾਵਤ ਕਰਦੀਆਂ ਹਨ।

**ਭਾਰਤੀ ਨਾਗਰਿਕਾਂ/ ਯੂ.ਐੱਸ.ਸੀ.ਆਈ.ਐੱਸ. ਲਈ ਖਾਸ ਪਰਿਵਾਰਕ-ਪ੍ਰਾਯੋਜਿਤ ਤਰਜੀਹੀ ਮਾਮਲੇ :** ਪਰਿਵਾਰ ਆਧਾਰਿਤ ਪਹਿਲੀ ਤਰਜੀਹ ਸ਼੍ਰੇਣੀ (ਐੱਫ.-1 -ਯੂ.ਐੱਸ. ਨਾਗਰਿਕਾਂ ਦੇ ਅਣਵਿਆਹੇ ਪੁੱਤਰ ਅਤੇ ਧੀਆਂ): ਭਾਰਤ ਦੀ ਵੀਜ਼ਾ ਕੱਟ-ਆਫ ਮਿਤੀ 1 ਸਤੰਬਰ, 2017 ਨੂੰ ਰਹੇਗੀ।

ਪਰਿਵਾਰ-ਆਧਾਰਿਤ ਦੂਜੀ ਤਰਜੀਹ ਸ਼੍ਰੇਣੀ (ਐੱਫ2ਏ - ਸਥਾਈ ਨਿਵਾਸੀਆਂ ਦੇ ਜੀਵਨ ਸਾਥੀ ਅਤੇ ਬੱਚੇ): ਭਾਰਤ ਦੀ ਵੀਜ਼ਾ ਕੱਟ-ਆਫ ਮਿਤੀ ਵੀ 15 ਜੁਲਾਈ, 2024 ਨੂੰ ਰਹਿੰਦੀ ਹੈ।

ਸਥਾਈ ਨਿਵਾਸੀਆਂ ਦੀ ਪਰਿਵਾਰਕ-ਆਧਾਰਿਤ ਦੂਜੀ ਤਰਜੀਹ ਸ਼੍ਰੇਣੀ (ਐੱਫ2ਬੀ - ਅਣਵਿਆਹੇ ਪੁੱਤਰ ਅਤੇ ਧੀਆਂ (21 ਸਾਲ ਜਾਂ ਇਸ ਤੋਂ ਵੱਧ ਉਮਰ ਦੇ): ਭਾਰਤ ਦੀ ਵੀਜ਼ਾ ਕੱਟ-ਆਫ ਮਿਤੀ 1 ਜਨਵਰੀ, 2017 ਨੂੰ ਰਹੇਗੀ।




# ਟਰੰਪ ਵੱਲੋਂ 2020 ਦੀਆਂ ਚੋਣਾਂ ਦੇ ਨਤੀਜਿਆਂ ਨੂੰ ਬਦਲਣ ਸਬੰਧੀ ਚੱਲ ਰਹੇ ਮਾਮਲੇ ਨੂੰ ਰੱਦ ਕਰਨ ਦੀ ਬੇਨਤੀ

**■ ਵਕੀਲ ਵੱਲੋਂ 5 ਸਫ਼ਿਆਂ ਦੀ ਬੇਨਤੀ ਦਾਇਰ**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਰਾਸ਼ਟਰਪਤੀ ਚੁਣੇ ਗਏ ਡੋਨਾਲਡ ਟਰੰਪ ਵੱਲੋਂ ਜਾਰਜੀਆ ਕੋਰਟ ਆਫ ਅਪੀਲਜ਼ ਨੂੰ ਕਿਹਾ ਗਿਆ ਹੈ ਕਿ ਉਸ ਵਿਰੁੱਧ 2020 ਦੀਆਂ ਚੋਣਾਂ ਦੇ ਨਤੀਜਿਆਂ ਨੂੰ ਬਦਲਣ ਸਬੰਧੀ ਚੱਲ ਰਿਹਾ ਮਾਮਲਾ ਖਤਮ ਕਰ ਦਿੱਤਾ ਜਾਵੇ। ਇਕ ਵਕੀਲ ਦੁਆਰਾ ਦਾਇਰ 5 ਸਫ਼ਿਆਂ ਦੀ ਲਿਖਤੀ ਬੇਨਤੀ ਵਿਚ ਕਿਹਾ ਗਿਆ ਹੈ ਕਿ ਟਰੰਪ ਵਿਰੁੱਧ ਲਾਏ ਦੋਸ਼ ਗੈਰਸੰਵਿਧਾਨਕ ਹਨ ਕਿਉਂਕਿ ਉਹ ਦੇਸ਼ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਵਾਲੇ ਹਨ। ਇਸ ਮਾਮਲੇ 'ਚ ਟਰੰਪ ਸਮੇਤ 18



ਵਿਅਕਤੀਆਂ ਵਿਰੁੱਧ 2020 ਦੀਆਂ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਨੂੰ ਉਲਟਾਉਣ ਲਈ ਰਚੀ ਗਈ ਕਥਿਤ ਅਪਰਾਧਿਕ ਸਾਜ਼ਿਸ਼ 'ਚ ਨਿਭਾਈ ਵੱਖ-ਵੱਖ ਭੂਮਿਕਾ ਨੂੰ ਲੈ ਕੇ ਦੋਸ਼ ਦਰਜ ਕੀਤੇ ਗਏ ਸਨ। ਟਰੰਪ ਦੇ ਵਕੀਲ ਸਟੀਵਨ ਸੈਡੋਅ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ "ਟਰੰਪ ਵੱਲੋਂ ਦਾਇਰ ਅਪੀਲ ਵਿਚ ਜਾਰਜੀਆ ਕੋਰਟ ਆਫ ਅਪੀਲਜ਼ ਨੂੰ ਬੇਨਤੀ ਕੀਤੀ ਗਈ ਹੈ ਕਿ ਅਦਾਲਤ ਮਾਮਲੇ 'ਤੇ ਸੁਣਵਾਈ ਜਾਰੀ ਰੱਖਣ ਸਬੰਧੀ ਆਪਣੇ ਅਧਿਕਾਰ ਖੇਤਰ ਦੀ ਪੁਸ਼ਟੀ ਕਰ ਲਵੇ ਕਿਉਂਕਿ ਹੁਣ ਉਹ ਰਾਸ਼ਟਰਪਤੀ ਚੁਣੇ ਗਏ ਹਨ ਤੇ ਉਹ ਛੇਤੀ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਬਣ ਜਾਣਗੇ, ਤਾਂ ਉਹ ਅਦਾਲਤ ਨੂੰ ਤੁਰੰਤ ਮਾਮਲਾ ਰੱਦ ਕਰਨ ਦਾ ਆਦੇਸ਼ ਦੇ ਦੇਣਗੇ।" ਦਲੀਲ ਦਿੱਤੀ ਗਈ ਹੈ ਕਿ ਅਮਰੀਕੀ ਸੰਵਿਧਾਨ ਤਹਿਤ ਮੌਜੂਦਾ ਰਾਸ਼ਟਰਪਤੀ ਵਿਰੁੱਧ ਕੋਈ ਵੀ ਅਪਰਾਧਿਕ ਮਾਮਲਾ ਨਹੀਂ ਚਲਾਇਆ ਜਾ ਸਕਦਾ। ਇਥੇ ਜ਼ਿਕਰਯੋਗ ਹੈ ਕਿ ਸੰਘੀ ਜੱਜਾਂ ਵੱਲੋਂ ਪਹਿਲਾਂ ਹੀ ਟਰੰਪ ਵਿਰੁੱਧ ਚੱਲ ਰਹੇ 2 ਅਪਰਾਧਕ ਮਾਮਲੇ ਰੱਦ ਕਰ ਦਿੱਤੇ ਗਏ ਹਨ।

## ਯੂਰਪ 'ਚ 80,000 ਅਮਰੀਕੀ ਹਥਿਆਰਬੰਦ ਬਲਾਂ ਦੇ ਜਵਾਨ ਕੀਤੇ ਗਏ ਤਾਇਨਾਤ: ਬਾਇਡਨ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਅਹੁਦਾ ਛੱਡ ਰਹੇ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ



ਹੈ ਕਿ ਕਥਿਤ ਰੂਸੀ ਹਮਲੇ ਨੂੰ ਰੋਕਣ ਲਈ ਯੂਰਪ 'ਚ 80,000 ਅਮਰੀਕੀ ਹਥਿਆਰਬੰਦ ਬਲਾਂ ਦੇ ਜਵਾਨਾਂ ਨੂੰ ਤਾਇਨਾਤ ਕੀਤਾ ਗਿਆ ਹੈ। ਬਾਇਡਨ ਨੇ ਅਮਰੀਕੀ ਕਾਂਗਰਸ ਦੇ ਦੋਹਾਂ ਸਦਨਾਂ ਦੇ ਨੇਤਾਵਾਂ ਨੂੰ ਲਿਖੇ ਪੱਤਰ 'ਚ ਇਹ ਜਾਣਕਾਰੀ ਦਿੱਤੀ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਫਰਵਰੀ ਵਿਚ ਅਮਰੀਕੀ ਪੱਤਰਕਾਰ ਟਕਰ ਕਾਰਲਸਨ ਨਾਲ ਇੱਕ ਇੰਟਰਵਿਊ ਵਿਚ ਵਿਸਤਾਰ ਨਾਲ ਕਿਹਾ ਸੀ ਕਿ ਮਾਸਕੋ ਨਾਟੋ ਦੇ ਦੇਸ਼ਾਂ 'ਤੇ ਹਮਲਾ ਨਹੀਂ ਕਰੇਗਾ, ਇਸਦਾ ਕੋਈ ਮਤਲਬ ਨਹੀਂ ਹੈ।

# ਟਰੰਪ ਵੱਲੋਂ ਜਾਰਜੀਆ ਦਾ ਸਾਬਕਾ ਸੈਨੇਟਰ ਡੇਵਿਡ ਪਰਡਿਊ ਚੀਨ ਦੇ ਰਾਜਦੂਤ ਨਾਮਜ਼ਦ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀਰਵਾਰ ਨੂੰ ਕਿਹਾ ਕਿ ਉਨ੍ਹਾਂ ਨੇ ਜਾਰਜੀਆ ਦੇ ਸਾਬਕਾ ਸੈਨੇਟਰ ਡੇਵਿਡ ਪਰਡਿਊ ਨੂੰ ਚੀਨ 'ਚ ਅਗਲੇ ਰਾਜਦੂਤ ਵਜੋਂ ਨਾਮਜ਼ਦ ਕੀਤਾ ਹੈ। ਵਪਾਰਕ ਖੇਤਰ ਤੋਂ ਰਾਜਨੀਤੀ ਵਿਚ ਆਏ ਪਰਡਿਊ ਨੂੰ ਅਮਰੀਕਾ ਦੇ ਸਭ ਤੋਂ ਸ਼ਕਤੀਸ਼ਾਲੀ ਆਰਥਿਕ ਅਤੇ ਫੌਜੀ ਵਿਰੋਧੀ ਚੀਨ ਵਿਚ ਟਰੰਪ ਪ੍ਰਸ਼ਾਸਨ ਦਾ ਰਾਜਦੂਤ ਬਣਾਇਆ ਜਾਵੇਗਾ।

ਟਰੰਪ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵਿਚ ਕਿਹਾ ਕਿ ਪਰਡਿਊ "ਚੀਨ ਨਾਲ ਸਾਡੇ ਸਬੰਧਾਂ ਨੂੰ ਬਿਹਤਰ ਬਣਾਉਣ ਵਿਚ ਮਦਦ ਕਰਨ ਲਈ ਕੀਮਤੀ ਮੁਹਾਰਤ ਰੱਖਦੇ ਹੈ।" ਪਰਡਿਊ 4 ਸਾਲ ਪਹਿਲਾਂ ਡੈਮੋਕਰੇਟਿਕ ਪਾਰਟੀ ਦੇ ਜੋਨ ਓਸੌਫ ਤੋਂ ਆਪਣੀ ਸੈਨੇਟ ਸੀਟ ਹਾਰ ਗਏ ਸਨ ਅਤੇ ਜਾਰਜੀਆ ਦੇ ਗਵਰਨਰ ਬ੍ਰਾਇਨ ਕੈਂਪ ਦੇ ਖਿਲਾਫ 2022 ਪ੍ਰਾਇਮਰੀ ਵਿਚ ਅਸਫਲ ਰਹੇ ਸਨ। ਜਾਰਜੀਆ ਦੇ ਗਵਰਨਰ ਦੇ ਮੁਕਾਬਲੇ ਦੌਰਾਨ ਪਰਡਿਊ ਨੇ ਚੋਣ



ਧੋਖਾਧੜੀ ਬਾਰੇ ਟਰੰਪ ਦੇ ਝੂਠ ਨੂੰ ਉਜਾਗਰ ਕੀਤਾ ਸੀ। ਹਾਲਾਂਕਿ, ਪਰਡਿਊ ਗਵਰਨਰ ਦੀ ਚੋਣ ਵਿਚ ਸਫਲ ਨਹੀਂ ਹੋਏ ਸਨ।

ਸੈਨੇਟ ਵਿਚ ਆਪਣੇ ਕਾਰਜਕਾਲ ਦੌਰਾਨ, 2019 'ਚ ਚੀਨੀ ਥਿੰਕ ਦੀ ਰਿਪੋਰਟ ਵਿਚ ਪਰਡਿਊ ਨੂੰ "ਚੀਨ ਵਿਰੋਧੀ" ਕਰਾਰ ਦਿੱਤਾ ਗਿਆ ਸੀ। ਜਾਰਜੀਆ ਦੇ ਸਾਬਕਾ ਸੰਸਦ ਮੈਂਬਰ ਪਰਡਿਊ ਦਾ ਕਹਿਣਾ ਹੈ ਕਿ ਅਮਰੀਕਾ ਨੂੰ ਚੀਨ ਸਮੇਤ ਹੋਰ ਖ਼ਤਰਿਆਂ ਨਾਲ ਨਜਿੱਠਣ ਲਈ ਹੋਰ ਮਜ਼ਬੂਤ ਜਲ ਸੈਨਾ ਬਣਾਉਣ ਦੀ ਲੋੜ ਹੈ। ਆਪਣੇ ਸਿਆਸੀ ਕਰੀਅਰ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ, ਪਰਡਿਊ ਨੇ ਸਾਰਾ ਲੀ, ਰੀਬੋਕ ਅਤੇ ਡਾਲਰ ਜਨਰਲ ਸਮੇਤ ਕਈ ਕੰਪਨੀਆਂ ਵਿਚ ਉੱਚ ਅਹੁਦਿਆਂ 'ਤੇ ਕੰਮ ਕੀਤਾ। ਅਮਰੀਕਾ ਅਤੇ ਚੀਨ ਵਿਚਾਲੇ ਵੱਖ-ਵੱਖ ਖੇਤਰਾਂ 'ਚ ਲੰਬੇ ਸਮੇਂ ਤੋਂ ਟਕਰਾਅ ਚੱਲ ਰਿਹਾ ਹੈ। ਅਜਿਹੇ 'ਚ ਪਰਡਿਊ ਨੂੰ ਦੋਹਾਂ ਦੇਸ਼ਾਂ ਦੇ ਸਬੰਧਾਂ ਨੂੰ ਆਮ ਬਣਾਉਣ ਲਈ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ।

# ਐਡਮਿੰਟਨ 'ਚ ਪੰਜਾਬੀ ਨੌਜਵਾਨ ਦੀ ਹੱਤਿਆ; 2 ਦੋਸ਼ੀ ਗ੍ਰਿਫਤਾਰ

**ਵੈਨਕੂਵਰ, (ਪੰਜਾਬ ਮੇਲ)-** ਸਾਲ ਕੁ ਪਹਿਲਾਂ ਕੈਨੇਡਾ ਆਏ ਪੰਜਾਬੀ ਨੌਜਵਾਨ ਨੂੰ ਦੋ ਜਣਿਆਂ ਵੱਲੋਂ ਕਤਲ ਕਰ ਦਿੱਤਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਅੰਬਾਲਾ ਨੇੜਲੇ ਪਿੰਡ ਮੁਟੇਰੀ ਜੱਟਾਂ ਦਾ ਰਹਿਣ ਵਾਲਾ ਹਰਸ਼ਾਨਦੀਪ ਸਿੰਘ ਅੰਟਾਲ (20) ਸਾਲ ਕੁ ਪਹਿਲਾਂ ਸਟੱਡੀ ਵੀਜੇ 'ਤੇ ਕੈਨੇਡਾ ਦੇ ਸ਼ਹਿਰ ਐਡਮਿੰਟਨ ਆਇਆ ਸੀ ਤੇ ਹੁਣ ਪੜ੍ਹਾਈ ਦੇ ਨਾਲ-ਨਾਲ ਸਕਿਓਰਿਟੀ ਗਾਰਡ ਵਜੋਂ ਕੰਮ ਕਰ ਰਿਹਾ ਸੀ। ਪੁਲਿਸ ਅਨੁਸਾਰ



ਸ਼ਨਿੱਚਰਵਾਰ ਸਵੇਰੇ ਇੱਕ ਘਰ 'ਚ ਗੜਬੜ ਦੀ ਸੂਚਨਾ ਮਿਲਣ 'ਤੇ ਪੁਲਿਸ ਮੌਕੇ 'ਤੇ ਪਹੁੰਚੀ, ਤਾਂ ਨੌਜਵਾਨ ਤੜਫ ਰਿਹਾ ਸੀ। ਉਸ ਨੂੰ ਤੁਰੰਤ ਡਾਕਟਰੀ ਸਹਾਇਤਾ ਦੇਣ ਦੇ ਬਾਵਜੂਦ ਬਚਾਇਆ ਨਾ ਜਾ ਸਕਿਆ। ਉਸਨੂੰ ਮਾਰਨ ਵਾਲੇ 30-30 ਸਾਲਾਂ ਦੇ ਦੋ ਵਿਅਕਤੀਆਂ ਨੂੰ ਮੌਕੇ ਤੋਂ ਗ੍ਰਿਫਤਾਰ ਕਰ ਕੇ ਉਨ੍ਹਾਂ 'ਤੇ ਪਹਿਲਾ ਦਰਜਾ ਕਤਲ ਦੇ ਦੋਸ਼ ਆਇਦ ਕੀਤੇ ਗਏ ਹਨ। ਹੋਰ ਜਾਣਕਾਰੀ ਅਨੁਸਾਰ ਹਰਸ਼ਾਨਦੀਪ ਨੂੰ ਉਸ ਘਰ ਦੀ ਰਖਵਾਲੀ ਵਾਸਤੇ ਸਕਿਓਰਿਟੀ ਗਾਰਡ ਵਜੋਂ ਭੇਜਿਆ ਗਿਆ ਸੀ। ਮਾਰਨ ਵਾਲਿਆਂ ਉੱਤੇ ਪਹਿਲਾਂ ਵੀ ਕਈ ਅਪਰਾਧਿਕ ਮਾਮਲੇ ਦਰਜ ਹਨ। ਰੁਜ਼ਗਾਰ ਦੇ ਮੌਕਿਆਂ ਦਾ ਫਾਇਦਾ ਲੈਣ ਕੈਨੇਡਾ ਆਏ ਮਾਪਿਆਂ ਦੇ ਇਕਲੌਤੇ ਪੁੱਤਰ ਹਰਸ਼ਾਨਦੀਪ ਨੂੰ ਲਾਸ਼ ਦੇ ਰੂਪ ਵਿਚ ਵਤਨ ਭੇਜਣ ਅਤੇ ਉਸਦੇ ਮਾਪਿਆਂ ਦੀ ਆਰਥਿਕ ਮਦਦ ਲਈ ਉਸਦੇ ਰਿਸ਼ਤੇਦਾਰਾਂ ਵਲੋਂ ਬਣਾਏ ਗੋਫੰਡ ਖਾਤੇ ਵਿਚ ਦਾਨੀਆਂ ਨੇ ਖੁੱਲ੍ਹੇ ਮਨ ਨਾਲ ਪੈਸੇ ਜਮ੍ਹਾਂ ਕਰਵਾਏ ਹਨ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com



# ਲਾਸ ਏਂਜਲਸ 'ਚ ਯੂਨਾਈਟਿਡ ਏਅਰਲਾਈਨਜ਼ ਸ਼ਟਲ ਬੱਸ 'ਚ ਇਕ ਔਰਤ ਵੱਲੋਂ ਭਾਰਤੀ-ਅਮਰੀਕੀ ਪਰਿਵਾਰ ਨਾਲ ਨਸਲੀ ਦੁਰਵਿਵਹਾਰ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਲਾਸ ਏਂਜਲਸ ਇੰਟਰਨੈਸ਼ਨਲ ਏਅਰਪੋਰਟ 'ਤੇ ਯੂਨਾਈਟਿਡ ਏਅਰਲਾਈਨਜ਼ ਸ਼ਟਲ ਬੱਸ ਵਿਚ ਵਾਪਰੀ ਇਕ ਹੈਰਾਨੀਜਨਕ ਘਟਨਾ ਵਿਚ ਇਕ ਔਰਤ ਵੱਲੋਂ ਇਕ ਭਾਰਤੀ-ਅਮਰੀਕੀ ਪਰਿਵਾਰ ਉਪਰ ਨਸਲੀ ਟਿੱਪਣੀਆਂ ਕਰਨ ਦੀ ਖਬਰ ਹੈ। ਫੋਟੋਗ੍ਰਾਫਰ ਪਰਵੇਜ਼ ਤਾਫੀਕ ਜਿਸ ਦੇ ਪਰਿਵਾਰ ਨਾਲ ਔਰਤ ਨੇ ਨਸਲੀ ਦੁਰਵਿਵਹਾਰ ਕੀਤਾ, ਨੇ ਸਾਰੀ ਘਟਨਾ ਦੀ ਵੀਡੀਓ ਬਣਾਈ ਹੈ। ਔਰਤ ਨੇ ਤਾਫੀਕ ਦੇ 11 ਸਾਲਾ ਲੜਕੇ ਦੇ ਭਾਰਤੀ ਪਿਛੋਕੜ ਨੂੰ ਲੈ ਕੇ ਬੁਰਾ-ਭਲਾ ਕਿਹਾ, ਜਿਸ ਦਾ ਤਾਫੀਕ ਨੇ ਵਿਰੋਧ ਕੀਤਾ। ਔਰਤ ਨੇ



**ਤਾਫੀਕ ਜਿਸ ਦੇ ਪਰਿਵਾਰ ਨਾਲ ਘਟਨਾ ਵਾਪਰੀ ਤੇ ਸੱਜੇ ਆਪੇ ਤੋਂ ਬਾਹਰ ਹੋਈ ਔਰਤ ਬੁਰਾ-ਭਲਾ ਬੋਲਦੀ ਹੋਈ।**

ਆਪਣੇ ਹੱਥਾਂ ਦੀਆਂ ਦੋਨੋਂ ਵਿਚਕਾਰਲੀਆਂ ਉਂਗਲੀਆਂ ਖੜ੍ਹੀਆਂ ਕਰਕੇ ਕਿਹਾ, ਤੁਹਾਡਾ ਪਰਿਵਾਰ ਭਾਰਤੀ ਹੈ, ਤੁਹਾਡੀ ਕੋਈ ਇੱਜ਼ਤ ਨਹੀਂ ਹੈ। ਤਾਫੀਕ ਨੇ ਕਿਹਾ ਕਿ ਉਹ ਅਮਰੀਕਾ ਵਿਚ ਪੈਦਾ ਹੋਇਆ ਹੈ, ਤਾਂ ਔਰਤ ਨੇ ਇਸ ਤੋਂ ਇਨਕਾਰ ਕਰਦਿਆਂ ਆਪਣਾ ਦੁਰਵਿਵਹਾਰ ਜਾਰੀ ਰੱਖਿਆ। ਸਥਿਤੀ ਉਸ ਸਮੇ ਹੋਰ ਖਰਾਬ ਹੋ ਗਈ, ਜਦੋਂ ਔਰਤ ਨੇ ਤਾਫੀਕ ਨੂੰ ਮੂੰਹ ਬੰਦ ਰੱਖਣ ਲਈ ਕਿਹਾ। ਇਸ 'ਤੇ ਕੁਝ ਹੋਰ ਯਾਤਰੀਆਂ ਨੇ ਔਰਤ ਨੂੰ ਬੱਸ ਵਿਚੋਂ ਉਤਾਰ ਦੇਣ ਲਈ ਕਿਹਾ। ਯਾਤਰੀਆਂ ਦਾ ਕਹਿਣਾ ਸੀ ਕਿ ਉਸ ਨੇ ਸ਼ਰਾਬ ਪੀਤੀ ਹੋਈ ਹੈ ਤੇ ਉਹ ਆਪੇ ਤੋਂ ਬਾਹਰ ਹੋ ਚੁੱਕੀ ਹੈ। ਇਸ 'ਤੇ ਸਟਾਫ ਨੇ ਔਰਤ ਨੂੰ ਬੱਸ ਵਿਚੋਂ ਲਾਹ ਦਿੱਤਾ। ਇਸ ਘਟਨਾ ਦੀ ਆਨਲਾਈਨ ਵਿਆਪਕ ਨਿੰਦਾ ਹੋ ਰਹੀ ਹੈ। ਤਾਫੀਕ ਨੇ ਘਟਨਾ ਦੌਰਾਨ ਉਸ ਦੇ ਪਰਿਵਾਰ ਦਾ ਸਾਥ ਦੇਣ ਵਾਲੇ ਯਾਤਰੀਆਂ ਦਾ ਧੰਨਵਾਦ ਕੀਤਾ ਹੈ।

## ਸ਼ੋਕ ਸਮਾਚਾਰ

# ਡਾ. ਬਲਜਿੰਦਰ ਸੇਖੋਂ ਨੂੰ ਸਦਮਾ: ਨੌਜਵਾਨ ਪੋਤਰੇ ਹਰਮਨ ਸੇਖੋਂ ਦਾ ਦਿਹਾਂਤ

**ਬਰੈਂਪਟਨ, (ਪੰਜਾਬ ਮੇਲ)**- ਕੈਨੇਡਾ ਦੇ ਭਾਈਚਾਰੇ ਦੀ ਨਾਮਵਰ ਸ਼ਖਸੀਅਤ ਤੇ ਤਰਕਸ਼ੀਲ ਆਗੂ ਡਾ. ਬਲਜਿੰਦਰ ਸੇਖੋਂ (ਬੋੜਾਵਾਲ, ਸਾਬਕਾ ਕੀਟ ਵਿਗਿਆਨੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ, ਜੋ ਅੱਜਕੱਲ੍ਹ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਖੇ ਸਮੇਤ ਪਰਿਵਾਰ ਰਹਿ ਰਹੇ ਹਨ) ਦੇ ਪਰਿਵਾਰ ਨੂੰ ਉਸ ਸਮੇਂ ਵੱਡਾ ਸਦਮਾ ਪਹੁੰਚਿਆ, ਜਦੋਂ ਉਨ੍ਹਾਂ ਦਾ ਪੋਤਰਾ ਹਰਮਨ ਸੇਖੋਂ ਪੁੱਤਰ ਹਰਪ੍ਰੀਤ ਸੇਖੋਂ ਰਿਆਲਟਰ ਸਿਰਫ 21 ਸਾਲ ਦੀ ਭਰ ਜਵਾਨੀ ਉਮਰ 'ਚ ਸਦੀਵੀ ਵਿਛੋੜਾ ਦੇ ਗਿਆ। ਉਨ੍ਹਾਂ ਦਾ ਸਸਕਾਰ 15 ਦਸੰਬਰ, 2024 ਨੂੰ ਸਵੇਰੇ 9 ਤੋਂ 11 ਵਜੇ ਤੱਕ Brampton Crematorium & Visitation Centre Suite D&E, 30 Bramwin Court, Brampton, ON L6T 5G2 ਵਿਖੇ ਹੋਵੇਗਾ। ਉਪਰੰਤ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਮਾਲਟਨ, B7280 Airport Rd. Mississauga, ON L4T 2H3 ਵਿਖੇ 12 ਤੋਂ 2 ਵਜੇ ਤੱਕ ਹੋਵੇਗੀ।



**ਹਰਮਨ ਸੇਖੋਂ**

ਸੇਖੋਂ ਪਰਿਵਾਰ ਵਾਸਤੇ ਇਹ ਬੜਾ ਅਸਹਿ ਅਤੇ ਅਕਹਿ ਸਮਾਂ ਹੈ। ਅਸੀਂ ਇਸ ਦੁੱਖ ਦੀ ਘੜੀ ਵਿਚ ਦਿਲੋਂ ਉਨ੍ਹਾਂ ਦੇ ਦੁੱਖ ਵਿਚ ਸ਼ਾਮਲ ਹਾਂ। ਪ੍ਰਮਾਤਮਾ ਪਰਿਵਾਰ ਨੂੰ ਸਦਮਾ ਸਹਿਣ ਕਰਨ ਦੀ ਤਾਕਤ ਅਤੇ ਹਿੰਮਤ ਬਖ਼ਸ਼ੇ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਜਾਂ ਹੋਰ ਜਾਣਕਾਰੀ ਲਈ ਡਾ. ਬਲਜਿੰਦਰ ਸਿੰਘ ਸੇਖੋਂ +1-905-781-1197 ਜਾਂ ਸ. ਹਰਪ੍ਰੀਤ ਸੇਖੋ ਨਾਲ +1-416-458-4062 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਰੋਟਰੀ ਕਲੱਬ ਕਰਮਨ ਕੈਲੀਫੋਰਨੀਆ ਵੱਲੋਂ ਸਾਲਾਨਾ ਕ੍ਰਿਸਮਿਸ ਡਿਨਰ ਅਤੇ ਆਪਣੀ 67ਵੀਂ ਵਰੇਗੰਢ ਮਨਾਈ ਗਈ

**ਫਰਿਜ਼ਨੋ, (ਪੰਜਾਬ ਮੇਲ)**- ਕਰਮਨ ਦੇ 'ਰੋਟਰੀ ਕਲੱਬ ਕਰਮਨ' ਪਿਛਲੇ ਲੰਮੇ ਅਰਸੇ ਤੋਂ ਸਥਾਨਕ ਸੱਭਿਆਚਾਰਕ ਗਤੀਵਿਧੀਆਂ ਅਤੇ ਸਥਾਨਕ ਵਪਾਰਕ ਅਦਾਰਿਆਂ ਲਈ ਸਹਿਯੋਗੀ ਬਣ ਅੱਗੇ ਵੱਧ ਰਿਹਾ। ਇਸ ਸੰਸਥਾ ਦੁਆਰਾ ਕਰਮਨ ਸ਼ਹਿਰ ਵਿਚ ਹਰ ਸਾਲ





ਖੇਤੀਬਾੜੀ ਦੀ ਕਟਾਈ ਅਤੇ ਝੜਾਈ ਖਤਮ ਹੋਣ 'ਤੇ ਸਾਲਾਨਾ ਕਰਮਨ ਹਾਰਵੈਸਟਰ ਫੈਸਟੀਵਲ, ਕ੍ਰਿਸਮਿਸ ਪਰੇਡ ਅਤੇ ਹੋਰ ਬਹੁਤ ਸਾਰੇ ਕਾਰਜ ਕੀਤੇ ਜਾਂਦੇ ਹਨ। ਇਸੇ ਮੇਲੇ ਵਿਚ ਪਿਛਲੇ ਦੋ ਸਾਲਾਂ ਤੋਂ ਕਿਰਨਜੋਤ ਕੌਰ ਢੇਸੀ ਦੇ ਉੱਦਮ ਅਤੇ ਗੁਲਬਿੰਦਰ ਗੈਰੀ ਢੇਸੀ ਦੀ ਪੂਰੀ 'ਪੰਜਾਬੀ ਸਿੱਖ ਕਮਿਊਨਟੀ' ਦੀ ਟੀਮ ਦੇ ਸਹਿਯੋਗ ਸਦਕਾ ਹਾਰਵੈਸਟ ਫਿਸਟੀਵਲ ਵਿਚ ਪੰਜਾਬੀ ਸੱਭਿਆਚਾਰਕ ਵਿਰਸੇ ਦੀ ਸਟੇਜ ਵੀ ਲੱਗਦੀ ਹੈ। ਜਿਸ ਵਿਚ ਰੋਟਰੀ ਕਲੱਬ ਕਰਮਨ ਵੱਲੋਂ ਪੂਰਾ ਸਹਿਯੋਗ ਦਿੱਤਾ ਜਾਂਦਾ ਹੈ। ਅਗਲੇ ਸਾਲ ਰੋਟਰੀ ਕਲੱਬ ਦੇ ਸਹਿਯੋਗ ਨਾਲ ਕਰਮਨ ਵਿਚ ਵਿਸਾਖੀ ਮੇਲਾ ਵੀ ਵੱਡੇ ਪੱਧਰ 'ਤੇ ਕਰਵਾਇਆ ਜਾਵੇਗਾ।

ਬੀਤੇ ਦਿਨੀਂ ਰੋਟਰੀ ਕਲੱਬ ਕਰਮਨ ਵੱਲੋਂ ਆਪਣੇ 67 ਸਾਲ ਪੂਰੇ ਹੋਣ 'ਤੇ ਕੇਕ ਕੱਟਿਆ ਗਿਆ ਅਤੇ ਸਾਲਾਨਾ ਕ੍ਰਿਸਮਿਸ ਡਿਨਰ ਪਾਰਟੀ ਕੀਤੀ ਗਈ। ਇਸ ਸਮੇਂ ਰੋਟਰੀ ਕਲੱਬ ਦੇ ਸਮੂਹ ਮੈਂਬਰਾਂ ਨੇ ਪਹੁੰਚ ਕੇ ਜਿੱਥੇ ਸੁਆਦਿਸ਼ਟ ਖਾਣਿਆਂ ਦਾ ਅਨੰਦ ਮਾਣਿਆ, ਉੱਥੇ ਆਪਸੀ ਪਿਆਰਾ ਦੀ ਸਾਂਝ ਪਾਉਂਦੇ ਹੋਏ ਤੋਹਫੇ ਵੀ ਬਦਲੇ ਗਏ। ਇਸ ਸਮੇਂ ਬੋਲਦੇ ਹੋਏ ਰੋਟਰੀ ਕਲੱਬ ਦੀ ਮੁੱਖ ਮੈਂਬਰ ਵੈਰੋਨੀਕਾ ਨੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਸਾਰੇ ਪ੍ਰਬੰਧਾਂ ਲਈ ਸਮੂਹ ਹਾਜ਼ਰੀਨ ਵਧਾਈ ਦੇ ਪਾਤਰ ਹਨ।



# ਪੰਜਾਬੀ ਸਾਹਿਤ ਸਭਾ ਸਟਾਕਟਨ ਦੀ ਮੀਟਿੰਗ ਸਫਲਤਾਪੂਰਵਕ ਸਪੰਨ



ਸਟਾਕਟਨ, (ਪੰਜਾਬ ਮੇਲ)- ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਬੀਤੇ ਸ਼ਨੀਵਾਰ 23 ਨਵੰਬਰ ਨੂੰ ਰਾਇਲ ਇੰਡੀਅਨ ਕੁਜ਼ੀਨ ਸਟਾਕਟਨ ਵਿਖੇ ਇੱਕ ਸਾਹਿਤਕ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਸਾਹਿਤ ਰਸੀਆਂ ਅਤੇ ਵਿਦਵਾਨਾਂ ਨੇ ਵਧ-ਚੜ੍ਹ ਕੇ ਭਾਗ ਲਿਆ। ਹਾਜ਼ਰ ਸੱਜਣਾਂ ਨੂੰ ਜੀ ਆਇਆਂ ਕਹਿਣ ਉਪਰੰਤ ਸਮੁੱਚੀ ਸਾਹਿਤ ਸਭਾ ਵਲੋਂ ਡਾ. ਮਨਰੀਤ ਗਰੇਵਾਲ ਦੇ ਪਿਤਾ ਜੀ ਦੇ ਪਿਛਲੇ ਦਿਨੀਂ ਸਦੀਵੀ ਵਿਛੋੜੇ ਤੇ ਦੋ ਮਿੰਟ ਦਾ ਮੌਨ ਧਾਰਨ ਕਰ ਗਹਿਰਾ ਸ਼ੋਕ ਪ੍ਰਗਟ ਕੀਤਾ ਗਿਆ। ਇਸ ਉਪਰੰਤ ਸਭਾ ਦੇ ਵੱਖ-ਵੱਖ ਆਹੁਦਿਆਂ ਲਈ ਚੋਣ ਕੀਤੀ ਗਈ, ਜੋ ਸਰਬਸੰਮਤੀ ਨਾਲ ਨੇਪਰੇ ਚੜ੍ਹੀ। ਇਸ ਹੋਈ ਚੋਣ ਅਨੁਸਾਰ ਡਾ. ਹਰਮਿੰਦਰ ਸਿੰਘ ਸਿੱਧੂ, (ਜੋ ਪੰਜਾਬ ਵਿਚ ਵੱਖ-ਵੱਖ ਨਾਮਵਰ ਅਹੁਦਿਆਂ ਤੋਂ ਇਲਾਵਾ ਪੰਜਾਬ ਯੂਨੀਵਰਸਟੀ ਚੰਡੀਗੜ੍ਹ ਦੀ ਅਕਾਦਮਿਕ ਕੌਂਸਲ ਦੇ ਮੈਂਬਰ ਵੀ ਰਹਿ ਚੁੱਕੇ ਹਨ) ਅਤੇ ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਮੀਤ ਪ੍ਰਧਾਨ (ਹਰਨੇਕ ਸਿੰਘ) ਨੂੰ ਸਭਾ ਦੇ ਡਾਇਰੈਕਟਰ ਦੇ ਅਹੁਦੇ ਨਾਲ ਨਿਵਾਜਿਆ ਗਿਆ। ਪੰਜਾਬੀ ਸਾਹਿਤ ਜਗਤ ਦੀ ਨਾਮਵਰ ਗ਼ਜ਼ਲਗੋ, (ਪ੍ਰੋਫੈਸਰ ਲਖਵਿੰਦਰ ਕੌਰ ਲੱਕੀ) ਨੂੰ ਸਭਾ ਦੀ ਜਨਰਲ ਸਕੱਤਰ, ਅਮਰਪਾਲ ਸਿੰਘ ਕੰਬੋਜ, (ਉੱਭਰ ਰਿਹਾ ਪ੍ਰਗਤੀਵਾਦੀ ਕਵੀ) ਨੂੰ ਸਹਾਇਕ ਸਕੱਤਰ ਦਾ ਅਹੁਦਾ ਸੰਭਾਲਿਆ ਗਿਆ। ਮਨਜੀਤ ਕੌਰ ਸੰਧੂ (ਸਭਾ ਦੀ ਆਰਗੇਨਾਈਜ਼ਰ) ਅਤੇ ਗੁਰਪ੍ਰੀਤ ਕੌਰ ਨੇ ਹਰਜਿੰਦਰ ਪੰਧੇਰ ਦਾ ਸਭਾ ਦਾ ਫਿਰ ਪ੍ਰਧਾਨ ਚੁਣੇ ਜਾਣ ਅਤੇ ਉਨ੍ਹਾਂ ਦੀਆਂ ਪੰਜਾਬੀ ਸਾਹਿਤ ਸਭਾ ਸਟਾਕਟਨ ਪ੍ਰਤੀ ਲਗਾਤਾਰ ਕੀਤੀਆਂ ਬਹੁਮੁੱਲੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਇੱਕ ਕੀਮਤੀ ਸ਼ਾਲ ਨਾਲ ਭਰਵੀਆਂ ਤਾੜੀਆਂ ਦੇ ਮਾਹੌਲ ਵਿਚ ਸ਼ਾਨਦਾਰ ਸਵਾਗਤ ਕੀਤਾ। ਇਸ ਮੌਕੇ ਮਨਜੀਤ ਕੌਰ ਸੰਧੂ ਵਲੋਂ ਡਾ: ਹਰਮਿੰਦਰ ਸਿੰਘ ਸਿੱਧੂ ਦਾ ਵੀ ਫੁਲਾਂ ਦੇ ਖ਼ੂਬਸੂਰਤ ਗੁੱਲਦਸਤੇ ਨਾਲ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ।

ਇਸ ਤੋਂ ਬਾਅਦ ਡਾ. ਹਰਮਿੰਦਰ ਸਿੰਘ ਸਿੱਧੂ ਦੀ ਨਵ-ਪ੍ਰਕਾਸ਼ਤ ਪੁਸਤਕ, 'ਮਨ ਤਨ ਭਏ ਅਰੋਗਾ' ਰਿਲੀਜ਼ ਕੀਤੀ ਗਈ। ਆਪਣੀ ਪੁਸਤਕ ਪ੍ਰਤੀ ਡਾ. ਸਾਹਿਬ ਨੇ ਭਰਪੂਰ ਜਾਣਕਾਰੀ ਸਾਂਝੀ ਕੀਤੀ। ਮਿਥਿਹਾਸਕ ਤੱਥਾਂ ਨੂੰ ਮੌਲਿਕ ਰੂਪ ਦੇਣ ਅਤੇ ਨਵੀਆਂ ਪੈੜਾਂ ਸਿਰਜਣ ਵਾਲੀ ਗ਼ਜ਼ਲਗੋ ਪ੍ਰੋ. ਲੱਖਵਿੰਦਰ ਕੌਰ ਲੱਕੀ ਨੇ ਆਪਣੀ ਕਾਵਿ-ਪੁਸਤਕ, 'ਧੜਕਣ ਲੱਗੀ ਹਾਂ ਮੈਂ' ਨੂੰ ਪਾਠਕਾਂ ਦੀ ਸੱਥ ਵਿਚ ਉਤਾਰਦਿਆਂ ਆਪਣੇ ਕਾਵਿ ਬੋਲ ਸਾਂਝੇ ਕੀਤੇ। 'ਹਰ ਇੱਕ ਥਾਂ ਤੋਂ ਹਨੇਰੇ ਨੂੰ ਭਜਾਉਂਣਾ ਲੋਚਦੀ ਹਾਂ ਮੈਂ, ਕਿ ਨਗ਼ਮੇ ਰੋਸ਼ਨੀ ਦੇ ਗੁਣਗੁਣਾਉਂਣਾ ਲੋਚਦੀ ਹਾਂ ਮੈਂ। ਅਮਰ ਪਾਲ ਸਿੰਘ ਕੰਬੋਜ ਨੇ ਅਜਿਹੇ ਹੀ ਭਾਵਾਂ ਨੂੰ ਪ੍ਰਗਟਾਉਂਦੇ ਆਪਣੇ ਬੋਲ; 'ਇਸੇ ਆਸ ਵਿਚ ਉਹ ਭੀੜ 'ਚੋਂ ਉੱਠ ਕੇ ਤੁਰਿਆ, ਜਿਨ੍ਹਾਂ ਦੀ ਸੋਚ ਰਲਦੀ ਹੋਊ, ਉਹ ਆਪੇ ਨਾਲ ਉੱਠਣਗੇ। ਸਰੋਤਿਆਂ ਨਾਲ ਸਾਂਝੇ ਕੀਤੇ। ਅਨੰਤ ਕੌਰ ਨੇ, 'ਤੇਰੇ ਇਸ਼ਕ ਦੀ ਰਾਖੀ ਦੇ ਲਈ ਸੱਜਣਾ ਵੇ, ਕੰਡਿਆਂ ਵਾਂਗ ਗੁਲਾਬਾਂ ਵਿਚ ਰਹਿੰਦੇ ਹਾਂ। ਅਤੇ ਇੱਕ ਸੂਫੀਆਨਾ ਤਰਜ਼ ਦਾ ਗੀਤ, 'ਸਾਈਂ ਕੁੱਝ ਨਾ ਮੇਰੇ ਕੋਲ, ਖਾਲੀ ਹੱਥ 'ਤੇ ਖਾਲੀ ਝੋਲੀ, ਖਾਲੀ ਏ ਕਸ਼ਕੋਲ। ਸੁਣਾ ਮਹੌਲ ਦਾ ਰੰਗ ਬਦਲਿਆ। ਸ਼ਾਹ ਢਿਲੋਂ ਨੇ ਹਰਿੰਦਰ ਅਣਜਾਣ ਦੀ ਕਵਿਤਾ, 'ਰਾਹਾਂ ਅੱਗੇ ਕੰਧਾਂ ਹੋਵਣ, ਤੁਰਨੇ ਨੂੰ ਜਦ ਦਿਲ ਕਰਦਾ। ਅਤੇ ਆਪਣੇ ਇਹ ਬੋਲ, "ਬੋਲ ਕੇ ਦੁੱਖ ਦੱਸਿਆ ਜਾਂਦਾ, ਪਰ ਖਾਮੋਸ਼ੀ ਵਿਚ ਕਿੰਨਾ ਕੁੱਝ ਕਹਿ ਜਾਂਦੀ ਤੇਰੀ ਸਾਦਗੀ। ਡਾ: ਗੋਬਿੰਦਰ ਸਿੰਘ ਸਮਰਾਓ ਨੇ, ਹੈਪੀ ਬਰਥਡੇ ਦਾ ਰਿਕਾਰਡ ਕੀਤਾ ਗੀਤ ਸੁਣਾਇਆ।

ਪ੍ਰੋਗਰਾਮ ਦੇ ਅਗਲੇ ਸੈਸ਼ਨ ਵਿਚ ਹਰਨੇਕ ਸਿੰਘ ਨੇ 'ਬਲੀਦਾਨ' ਅਤੇ ਹਰਜਿੰਦਰ ਪੰਧੇਰ ਦੁਆਰਾ 'ਰੋਸ਼ਨੀ' ਕਹਾਣੀਆਂ ਸੁਣਾਈਆਂ ਗਈਆਂ। ਮ੍ਰਿਗਿੰਦਰ ਪੰਧੇਰ, ਗੁਰਪ੍ਰੀਤ ਕੌਰ, ਮਨਜੀਤ ਕੌਰ ਸੰਧੂ, ਰਾਜ ਕੁਮਾਰੀ ਅਤੇ ਹੋਰ ਸਰੋਤਿਆਂ ਨੇ ਭਾਗ ਲਿਆ।

**-ਰਿਪੋਰਟਰ: ਹਰਜਿੰਦਰ ਪੰਧੇਰ**
(ਫੋਨ: 209-610-5055)

# ਪ੍ਰਸਿੱਧ ਅਮਰੀਕੀ ਅਦਾਕਾਰ ਨਰਗਿਸ ਫਾਖਰੀ ਦੀ ਭੈਣ ਆਲੀਆ ਫਾਖਰੀ ਦੋਹਰੇ ਕਤਲ ਮਾਮਲੇ 'ਚ ਗ੍ਰਿਫਤਾਰ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਪ੍ਰਸਿੱਧ ਅਦਾਕਾਰ ਨਰਗਿਸ ਫਾਖਰੀ ਦੀ ਭੈਣ ਆਲੀਆ ਫਾਖਰੀ ਨੂੰ ਨਿਊਯਾਰਕ ਵਿਚ ਦੂਸਰਾ ਦਰਜਾ ਹੱਤਿਆਵਾਂ ਤੇ ਅਗਜ਼ਨੀ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਕੁਈਨਜ਼ ਵਿਚ ਵਾਪਰੀ ਅਗਜ਼ਨੀ ਦੀ ਘਟਨਾ ਵਿਚ ਆਲੀਆ ਦੇ ਸਾਬਕਾ ਦੋਸਤ ਐਡਵਰਡ ਜੈਕੋਬਸ (35) ਤੇ ਜੈਕੋਬਸ ਦੇ ਮਿੱਤਰ ਅਨਾਸਟਾਸੀਆ ਈਟੀਨ (33) ਦੀ ਮੌਤ ਹੋ ਗਈ ਸੀ। ਕੁਈਨਜ਼ ਡਿਸਟ੍ਰਿਕਟ ਅਟਾਰਨੀ ਮੇਲਿੰਡਾ ਕਟਜ਼ ਅਨੁਸਾਰ 2 ਨਵੰਬਰ ਦੀ ਸਵੇਰ ਨੂੰ ਫਾਖਰੀ (43) ਦੋ ਮੰਜਿਲਾ ਗੈਰਾਜ ਵਿਖੇ ਪੁੱਜੀ ਤੇ ਉਸ ਨੇ ਕਥਿਤ ਤੌਰ 'ਤੇ ਇਮਾਰਤ ਨੂੰ ਅੱਗ ਲਾ ਦਿੱਤੀ। ਜੈਕੋਬ ਉਸ ਸਮੇਂ ਉਪਰਲੀ ਮੰਜ਼ਿਲ 'ਤੇ ਸੁੱਤਾ ਪਿਆ ਸੀ। ਈਟੀਨ ਨੂੰ ਅੱਗ ਲੱਗਣ ਬਾਰੇ ਪਤਾ ਲੱਗਣ 'ਤੇ ਆਪਣੇ ਆਪ ਅਤੇ ਜੈਕੋਬ ਨੂੰ ਬਚਾਉਣ ਦਾ ਯਤਨ ਕੀਤਾ ਪਰੰਤੂ ਉਹ ਦੋਨੋਂ ਸਾਹ ਘੁੱਟਣ ਕਾਰਨ ਮਾਰੇ ਗਏ। ਇਕ ਗਵਾਹ ਅਨੁਸਾਰ ਫਾਖਰੀ ਨੇ ਘਟਨਾ ਤੋਂ ਪਹਿਲਾਂ ਜੈਕੋਬ ਦੇ ਘਰ ਨੂੰ ਅੱਗ ਲਾ ਦੇਣ ਦੀ ਧਮਕੀ ਦਿੱਤੀ ਸੀ। ਜੈਕੋਬ ਨੇ ਤਕਰੀਬਨ ਇਕ ਸਾਲ ਪਹਿਲਾਂ ਆਲੀਆ ਫਾਖਰੀ ਨਾਲੋਂ ਸਬੰਧ ਤੋੜ ਲਏ ਸਨ, ਜਿਸ ਕਾਰਨ ਫਾਖਰੀ ਪ੍ਰੇਸ਼ਾਨ ਤੇ ਦੁੱਖੀ ਸੀ। ਇਸ ਸਮੇਂ ਫਾਖਰੀ ਪੁਲਿਸ ਹਿਰਾਸਤ ਵਿਚ ਹੈ। ਅਦਾਲਤ ਵਿਚ ਉਸ ਨੂੰ 9 ਦਸੰਬਰ ਨੂੰ ਪੇਸ਼ ਕੀਤਾ ਜਾਵੇਗਾ। ਅਦਾਕਾਰ ਨਰਗਿਸ ਫਾਖਰੀ ਨੇ ਮਾਮਲੇ 'ਤੇ ਕੁਝ ਕਹਿਣ ਤੋਂ ਇਨਕਾਰ ਕਰ ਦਿੱਤਾ ਹੈ, ਜਦਕਿ ਆਲੀਆ ਫਾਖਰੀ ਦੀ ਮਾਂ ਨੇ ਆਪਣੀ ਧੀ ਨੂੰ ਨਿਰਦੋਸ਼ ਦੱਸਿਆ ਹੈ।

- ਭਾਰਤ ਵੀ ਬ੍ਰਿਕਸ ਵਿਚ ਸ਼ਾਮਲ
- ਟਰੰਪ ਦੇ ਸੁਰੱਖਿਆਵਾਦੀ ਏਜੰਡੇ ਦੇ ਮੱਦੇਨਜ਼ਰ ਕਈ ਦੇਸ਼ਾਂ ਵਿਚ ਹਲਚਲ ਮਚੀ



ਆਲੀਆ ਫਾਖਰੀ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ਕੈਨੇਡੀਅਨ ਸੰਸਦ ’ਚ 1984 ਦੇ ਦੰਗਿਆਂ ਨੂੰ ਸਿੱਖ ਨਸਲਕੁਸ਼ੀ ਐਲਾਨਣ ਦਾ ਮਤਾ ਰੱਦ

**ਵਿਨੀਪੈਗ, (ਪੰਜਾਬ ਮੇਲ)-** ਕੈਨੇਡੀਅਨ ਸੰਸਦ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਨਸਲਕੁਸ਼ੀ ਐਲਾਨਣ ਦੇ ਮਤੇ ਨੂੰ ਰੱਦ ਕਰ ਦਿੱਤਾ ਹੈ, ਜਿਸ ਨੂੰ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਸੰਸਦ ਮੈਂਬਰ ਸੁੱਖ ਧਾਲੀਵਾਲ ਨੇ ਵਿਦੇਸ਼ ਮਾਮਲਿਆਂ ਅਤੇ ਅੰਤਰਰਾਸ਼ਟਰੀ ਵਿਕਾਸ ਬਾਰੇ ਹਾਊਸ ਆਫ਼ ਕਾਮਨਜ਼ ਦੀ ਸਥਾਈ ਕਮੇਟੀ ਸਾਹਮਣੇ ਪੇਸ਼ ਕੀਤਾ ਸੀ। ਧਾਲੀਵਾਲ ਨੇ ਆਪਣਾ ਮਤਾ ਰੱਦ ਹੋਣ ਤੋਂ ਬਾਅਦ ਸੋਸ਼ਲ ਮੀਡੀਆ ’ਤੇ ਕਿਹਾ ਕਿ ਉਨ੍ਹਾਂ ਸੰਸਦ ਵਿਚ ਸਰਬਸੰਮਤੀ ਨਾਲ ਸਹਿਮਤੀ ਮਤਾ ਪੇਸ਼ ਕੀਤਾ ਕਿ 1984 ਦੌਰਾਨ ਅਤੇ ਉਸ ਤੋਂ ਬਾਅਦ ਭਾਰਤ ਵਿਚ ਸਿੱਖਾਂ ਵਿਰੁੱਧ ਕੀਤੇ ਗਏ ਅਪਰਾਧਾਂ ਨੂੰ ਨਸਲਕੁਸ਼ੀ ਵਜੋਂ ਮਾਨਤਾ ਦਿੱਤੀ ਜਾਵੇ ਪਰ ਕੁਝ ਕੰਜ਼ਰਵੇਟਿਵ ਸੰਸਦ ਮੈਂਬਰਾਂ ਅਤੇ ਇਕ ਲਿਬਰਲ ਸੰਸਦ ਮੈਂਬਰ ਨੇ ਇਸ ਦਾ ਵਿਰੋਧ ਕੀਤਾ।

**■ ਧਾਲੀਵਾਲ ਵਲੋਂ ਪੇਸ਼ ਮਤੇ ਦਾ ਕੰਜ਼ਰਵੇਟਿਵ ਮੈਂਬਰਾਂ ਵੱਲੋਂ ਵਿਰੋਧ**

ਸੁਖ ਧਾਲੀਵਾਲ ਵੱਲੋਂ ਜਿਉਂ ਹੀ 1984 ਦੇ ਸਿੱਖ ਕਤਲੇਆਮ ਨੂੰ ਸਰਬਸੰਮਤੀ ਨਾਲ ਸਿੱਖ ਨਸਲਕੁਸ਼ੀ ਐਲਾਨੇ ਜਾਣ ਦਾ ਮਤਾ ਪੇਸ਼ ਕੀਤਾ ਗਿਆ, ਤਾਂ ਹਾਊਸ ਆਫ਼ ਕਾਮਨਜ਼ ਵਿਚੋਂ ਕਈਆਂ ਨੇ ਵਿਰੋਧ ਕੀਤਾ, ਜਿਸ ਮਗਰੋਂ ਸਪੀਕਰ ਨੇ ਮਤੇ ਨੂੰ ਸਿੱਧੇ ਤੌਰ ’ਤੇ ਰੱਦ ਮੰਨ ਲਿਆ। ਇਸੇ ਦੌਰਾਨ ਐੱਮ.ਪੀ. ਚੰਦਰਾ ਆਰੀਆ ਨੇ ਹਾਊਸ ਆਫ਼ ਕਾਮਨਜ਼ ਵਿਚ ਦੋਸ਼ ਲਾਇਆ ਕਿ ਇਕ ਸਾਥੀ ਐੱਮ.ਪੀ. ਵੱਲੋਂ ਉਨ੍ਹਾਂ ਨੂੰ ਧਮਕਾਇਆ ਗਿਆ। ਸਦਨ ਵਿਚ ਭਾਵੇਂ ਚੰਦਰਾ ਆਰੀਆ ਵੱਲੋਂ ਕਿਸੇ ਦਾ ਨਾਂ ਨਹੀਂ ਲਿਆ ਗਿਆ ਪਰ ਆਪਣੇ ਐਕਸ ਅਕਾਊਂਟ ’ਤੇ ਅਪਲੋਡ ਵੀਡੀਓ ਵਿਚ ਉਹ ਸੁਖ ਧਾਲੀਵਾਲ ਦਾ ਨਾਂ ਲੈਂਦੇ ਸੁਣੇ ਜਾ ਸਕਦੇ ਹਨ।

ਚੰਦਰਾ ਆਰੀਆ ਵੱਲੋਂ ਦਾਅਵਾ ਕੀਤਾ ਗਿਆ ਕਿ ਸਿਰਫ਼ ਉਨ੍ਹਾਂ ਦੇ ਨਾਂਹ ਕਹਿਣ ਨਾਲ ਮਤਾ ਰੱਦ ਹੋ ਗਿਆ ਪਰ ਰਿਪੋਰਟ ’ਚ ਸਪੱਸ਼ਟ ਤੌਰ ’ਤੇ ਦੱਸਿਆ ਗਿਆ ਹੈ ਕਿ ਕਈ ਐੱਮ.ਪੀਜ਼ ਨੇ ਇਸ ਮਤੇ ਦਾ ਵਿਰੋਧ ਕੀਤਾ। ਚੰਦਰਾ ਆਰੀਆ ਵੱਲੋਂ ਸਿੱਖ ਨਸਲਕੁਸ਼ੀ ਦੇ ਮੁੱਦੇ ਨੂੰ ਖ਼ਾਲਿਸਤਾਨ ਹਮਾਇਤੀਆਂ ਨਾਲ ਜੋੜਨ ਦਾ ਯਤਨ ਵੀ ਕੀਤਾ ਗਿਆ ਅਤੇ ਸੋਸ਼ਲ ਮੀਡੀਆ ਪੋਸਟ ਰਾਹੀਂ ਹਿੰਦੂ ਕੈਨੇਡੀਅਨਜ਼ ਨੂੰ ਮੈਦਾਨ ’ਚ ਆਉਣ ਦਾ ਸੱਦਾ ਵੀ ਦਿੱਤਾ ਗਿਆ। ਸੰਸਦ ਮੈਂਬਰ ਨੇ ਚਿਤਾਵਨੀ ਦਿੱਤੀ ਕਿ ਖਾਲਿਸਤਾਨੀ ਲਾਬੀ ਇਕ ਵਾਰ ਫਿਰ ਸੰਸਦ ’ਤੇ ਦਬਾਅ ਪਾਉਣ ਦੀ ਕੋਸ਼ਿਸ਼ ਕਰੇਗੀ ਕਿ ਉਹ 1984 ਦੇ ਦੰਗਿਆਂ ਨੂੰ ਨਸਲਕੁਸ਼ੀ ਕਰਾਰ ਦੇਵੇ।

# ਯੂਕਰੇਨ ਨੂੰ ਇਕ ਅਰਬ ਅਮਰੀਕੀ ਡਾਲਰ ਦੀ ਵਾਧੂ ਸਹਾਇਤਾ ਦੇਵੇਗਾ ਅਮਰੀਕਾ

**ਸਿਮੀ ਵੈਲੀ, (ਪੰਜਾਬ ਮੇਲ)-** ਅਮਰੀਕਾ ਦੇ ਰੱਖਿਆ ਮੰਤਰੀ ਲਾਇਡ ਆਸਟਿਨ ਨੇ ਸ਼ਨੀਵਾਰ ਨੂੰ ਕਿਹਾ ਕਿ ਯੂਕਰੇਨ ਨੂੰ ਹਥਿਆਰ ਮੁਹੱਈਆ ਕਰਾਉਣ ਲਈ ਲਗਭਗ ਇਕ ਅਰਬ ਅਮਰੀਕੀ ਡਾਲਰ ਦੀ ਹੋਰ ਸਹਾਇਤਾ ਦਿੱਤੀ ਜਾਵੇਗੀ। ਮੰਨਿਆ ਜਾ ਰਿਹਾ ਹੈ ਕਿ ਅਜਿਹਾ ਇਸ ਲਈ ਕੀਤਾ ਗਿਆ ਕਿਉਂਕਿ ਬਾਇਡਨ ਪ੍ਰਸ਼ਾਸਨ ਅਗਲੇ ਮਹੀਨੇ ਨਵੇਂ ਚੁਣੇ ਗਏ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਹੁਦਾ ਸੰਭਾਲਣ ਤੋਂ ਪਹਿਲਾਂ ਕੀਵ ਨੂੰ ਮਜ਼ਬੂਤ ਕਰਨ ਲਈ ਕਾਂਗਰਸ (ਸੰਸਦ) ਵੱਲੋਂ ਮਨਜ਼ੂਰ ਸਾਰੀ ਰਕਮ ਖਰਚ ਕਰਨਾ ਚਾਹੁੰਦਾ ਹੈ। ਅਮਰੀਕੀ ਸਰਕਾਰ ਯੂਕਰੇਨ ਨੂੰ ‘ਹਾਈ ਮੋਬਿਲਿਟੀ ਆਰਟਿਲਰੀ ਰਾਕੇਟ ਸਿਸਟਮ’ ਜਾਂ ਐੱਚ.ਆਈ.ਐੱਮ.ਏ.ਆਰ.ਐੱਮ. ਲਈ ਡਰੋਨ ਅਤੇ ਗੋਲਾ ਬਾਰੂਦ ਮੁਹੱਈਆ ਕਰਵਾਏਗੀ। ਯੂਕਰੇਨ ਨੂੰ ਇਸ ਸਮੇਂ ਇਨ੍ਹਾਂ ਹਥਿਆਰਾਂ ਦੀ ਬਹੁਤ ਲੋੜ ਹੈ, ਜੋ ‘ਯੂਕਰੇਨ ਸੁਰੱਖਿਆ ਸਹਾਇਤਾ ਪਹਿਲਕਦਮੀ’ ਰਾਹੀਂ ਮੁਹੱਈਆ ਕਰਵਾਏ ਜਾਣਗੇ। ਇਸ ਪਹਿਲਕਦਮੀ ਰਾਹੀਂ ਪ੍ਰਦਾਨ ਕੀਤੇ ਗਏ ਹਥਿਆਰਾਂ ਦਾ ਮੰਤਵ ਯੂਕਰੇਨ ਫੌਜ ਦੀ ਭਵਿੱਖੀ ਸਮਰੱਥਾ ਨੂੰ ਵਧਾਉਣਾ ਹੈ, ਨਾ ਕਿ ਜੰਗ ਦੇ ਮੈਦਾਨ ’ਚ ਤੁਰੰਤ ਤਬਦੀਲੀ ਲਿਆਉਣਾ ਹੈ।

# ਟਰੰਪ ਨੂੰ ਰਾਸ਼ਟਰਪਤੀ ਚੋਣ ਜਿਤਾਉਣ ਲਈ ਐਲੋਨ ਮਸਕ ਨੇ ਖਰਚ ਕੀਤੇ 2200 ਕਰੋੜ ਰੁਪਏ

**ਵਾਸ਼ਿੰਗਟਨ, (ਪੰਜਾਬ ਮੇਲ)-** ਡੋਨਾਲਡ ਟਰੰਪ ਨੂੰ ਅਮਰੀਕੀ ਰਾਸ਼ਟਰਪੀ ਚੋਣਾਂ ਜਿਤਾਉਣ ਵਿਚ ਅਰਬਪਤੀ ਉਦਯੋਗਪਤੀ ਐਲੋਨ ਮਸਕ ਨੇ ਅਹਿਮ ਭੂਮਿਕਾ ਨਿਭਾਈ। ਇਸ ਦੇ ਲਈ ਮਸਕ ਨੇ ਟਰੰਪ ਨੂੰ ਜਿਤਾਉਣ ਲਈ 270 ਮਿਲੀਅਨ ਡਾਲਰ (2200 ਕਰੋੜ ਰੁਪਏ) ਖਰਚ ਕਰ ਦਿੱਤੇ, ਜਿਸ ਨਾਲ ਉਹ ਦੇਸ਼ ਦੇ ਸਭ ਤੋਂ ਵੱਡੇ ਸਿਆਸੀ ਦਾਨੀ ਬਣ ਗਏ ਹਨ। ਨਵੇਂ ਸੰਘੀ ਦਸਤਾਵੇਜ਼ਾਂ ’ਚ ਇਹ ਖੁਲਾਸਾ ਹੋਇਆ ਹੈ। ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਮਸਕ ਨੇ ਅਮਰੀਕੀ ਰਾਸ਼ਟਰਪਤੀ ਚੋਣਾਂ ’ਚ ਟਰੰਪ ਦਾ ਖੁੱਲ੍ਹ ਕੇ ਸਮਰਥਨ ਕੀਤਾ ਸੀ ਅਤੇ ਉਨ੍ਹਾਂ ਲਈ ਜ਼ੋਰਦਾਰ ਪ੍ਰਚਾਰ ਵੀ ਕੀਤਾ ਸੀ। ਉਨ੍ਹਾਂ ਨੇ ਟਰੰਪ ਦੀ ਚੋਣ ਮੁਹਿੰਮ ’ਤੇ ਵੀ ਖੁੱਲ੍ਹੇਆਮ ਪੈਸਾ ਖਰਚ ਕੀਤਾ। ਨਵੇਂ ਸੰਘੀ ਦਸਤਾਵੇਜ਼ਾਂ ਅਨੁਸਾਰ, ਸਪੇਸਐਕਸ ਅਤੇ ਟੇਸਲਾ ਦੇ ਸੀ.ਈ.ਓ., ਮਸਕ ਨੇ ਅਮਰੀਕਾ ਪੀ.ਏ.ਸੀ. ਨੂੰ 238 ਮਿਲੀਅਨ ਡਾਲਰ ਦਾਨ ਕੀਤੇ, ਜੋ ਇੱਕ ਰਾਜਨੀਤਿਕ ਐਕਸ਼ਨ ਕਮੇਟੀ ਹੈ, ਜਿਸਦੀ ਸਥਾਪਨਾ ਉਨ੍ਹਾਂ ਨੇ ਟਰੰਪ ਦੇ ਸਮਰਥਨ ਲਈ ਕੀਤੀ ਸੀ।



ਇਸ ਤੋਂ ਇਲਾਵਾ 20 ਮਿਲੀਅਨ ਡਾਲਰ ਆਰ.ਬੀ.ਜੀ. ਪੀ.ਏ.ਸੀ. ਨੂੰ ਦਿੱਤੇ ਸਨ, ਜੋ ਇੱਕ ਅਜਿਹਾ ਸਮੂਹ ਸੀ, ਜਿਸਨੇ ਗਰਭਪਾਤ ਦੇ ਮੁੱਖ ਵੋਟਰ ਮੁੱਦੇ ’ਤੇ ਟਰੰਪ ਦੇ ਕੱਟੜਪੰਥੀ ਅਕਸ ਨੂੰ ਨਰਮ ਕਰਨ ਲਈ ਵਿਗਿਆਪਨ ਦੀ ਵਰਤੋਂ ਕੀਤੀ ਸੀ। ਵਾਸ਼ਿੰਗਟਨ ਪੋਸਟ ਦੇ ਅਨੁਸਾਰ, ਐਲੋਨ ਨੇ ਦਾਨ ਦੇ ਮਾਮਲੇ ਵਿਚ ਟਿਮ ਮੇਲਨ ਨੂੰ ਪਿੱਛੇ ਛੱਡ ਦਿੱਤਾ ਹੈ, ਜਿਨ੍ਹਾਂ ਨੇ ਰਿਪਬਲਿਕਨਾਂ ਨੂੰ ਲਗਭਗ 200 ਮਿਲੀਅਨ ਡਾਲਰ ਦਾ ਦਾਨ ਦਿੱਤਾ ਸੀ ਅਤੇ ਰਿਪਬਲਿਕਨਾਂ ਲਈ ਸਭ ਤੋਂ ਵੱਧ ਦਾਨੀ ਸਨ।

ਅਮਰੀਕੀ ਰਾਸ਼ਟਰਪਤੀ ਚੋਣਾਂ ਜਿੱਤਣ ਤੋਂ ਬਾਅਦ ਟਰੰਪ ਨੇ ਐਲੋਨ ਮਸਕ ਦੀ ਮਦਦ ਨੂੰ ਯਾਦ ਰੱਖਿਆ ਅਤੇ ਉਨ੍ਹਾਂ ਨੂੰ **DOGE** ਵਿਭਾਗ ਦੀ ਜ਼ਿੰਮੇਵਾਰੀ ਸੌਂਪੀ। ਦਰਅਸਲ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਨਵਾਂ ਵਿਭਾਗ ਬਣਾਉਣ ਦਾ ਐਲਾਨ ਕੀਤਾ ਸੀ। ਇਸ ਵਿਭਾਗ ਦਾ ਨਾਂ **DOGE (Department of Government Efficiency, DOGE)** ਰੱਖਿਆ ਗਿਆ ਸੀ। ਇਸ ਵਿਭਾਗ ਦੀ ਜ਼ਿੰਮੇਵਾਰੀ ਐਲੋਨ ਮਸਕ ਦੇ ਨਾਲ ਵਿਵੇਕ ਰਾਮਾਸਵਾਮੀ ਨੂੰ ਦਿੱਤੀ ਗਈ ਹੈ। ਇਹ ਵਿਭਾਗ ਸਰਕਾਰੀ ਕੰਮਾਂ ਦੀ ਆਊਟਪੁੱਟ ਵਧਾਉਣ ਦੇ ਕਦਮਾਂ ’ਤੇ ਕੰਮ ਕਰੇਗਾ ਅਤੇ ਸਰਕਾਰੀ ਖਰਚਿਆਂ ਨੂੰ ਘਟਾਉਣ ’ਤੇ ਵੀ ਕੰਮ ਕਰੇਗਾ।



# ਕੈਨੇਡਾ 'ਚ 2 ਭਰਾਵਾਂ ਨੂੰ ਅਣਪਛਾਤਿਆਂ ਨੇ ਮਾਰੀਆਂ ਗੋਲੀਆਂ; ਇੱਕ ਦੀ ਮੌਤ

**ਤਰਨ ਤਾਰਨ, (ਪੰਜਾਬ ਮੇਲ)-** ਇਲਾਕੇ ਦੇ ਨੰਦਪੁਰ ਨੇੜਲੇ ਨੌਸ਼ਹਿਰਾ ਪੰਨੂਆਂ ਦੇ ਕਿਸਾਨ ਸਰਬਜੀਤ ਸਿੰਘ ਦੇ ਕੈਨੇਡਾ ਰਹਿੰਦੇ ਦੋ ਪੁੱਤਰਾਂ ਨੂੰ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਦਿੱਤੀਆਂ। ਇਸ ਘਟਨਾ ਵਿਚ ਇੱਕ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਦੂਜਾ ਗੰਭੀਰ ਜ਼ਖ਼ਮੀ ਹੋ ਗਿਆ, ਜਿਸ ਨੂੰ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ।

ਕਿਸਾਨ ਸਰਬਜੀਤ ਸਿੰਘ ਨੇ ਦੱਸਿਆ ਕਿ ਉਸ ਦਾ ਛੋਟਾ ਪੁੱਤਰ



ਪ੍ਰਿਤਪਾਲ ਸਿੰਘ (22) ਅਤੇ ਵੱਡਾ ਪੁੱਤਰ ਖੁਸ਼ਵੰਤਪਾਲ ਸਿੰਘ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਕਿਰਾਏ ਦੇ ਮਕਾਨ ਵਿਚ ਰਹਿ ਰਹੇ ਸਨ। ਉਹ ਅੱਜ ਸਵੇਰੇ ਘਰ ਦੇ ਬਾਹਰ ਆਪਣੀ ਕਾਰ ਤੋਂ ਬਰਫ਼ ਹਟਾ ਰਹੇ ਸਨ ਕਿ ਅਣਪਛਾਤੇ ਵਿਅਕਤੀਆਂ ਨੇ ਉਨ੍ਹਾਂ 'ਤੇ ਗੋਲੀਆਂ ਚਲਾ ਦਿੱਤੀਆਂ। ਪ੍ਰਿਤਪਾਲ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਖੁਸ਼ਵੰਤਪਾਲ ਸਿੰਘ ਗੰਭੀਰ ਜ਼ਖ਼ਮੀ ਹੋ ਗਿਆ, ਜਿਸ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਸਰਬਜੀਤ ਸਿੰਘ ਨੇ ਦੱਸਿਆ ਕਿ ਘਰ ਦੇ ਮਾਲਕ ਨੂੰ ਕੁਝ ਦਿਨ ਪਹਿਲਾਂ ਹੀ ਫ਼ਿਰੌਤੀ ਲਈ ਫੋਨ ਆਇਆ ਸੀ, ਜਿਸ ਕਰ ਕੇ ਉਹ ਘਰ ਛੱਡ ਕੇ ਕਿਧਰੇ ਹੋਰ ਚਲਾ ਗਿਆ ਸੀ।

## ਕੈਨੇਡਾ ਦੇ ਸਾਰਨੀਆ 'ਚ ਮਾਮੂਲੀ ਤਕਰਾਰ ਕਾਰਨ ਪੰਜਾਬੀ ਨੌਜਵਾਨ ਦਾ ਕਤਲ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡੀਅਨ ਸੂਬੇ ਓਨਟਾਰੀਓ 'ਚ



**ਗੁਰਅਸੀਸ ਸਿੰਘ ਦੀ ਫਾਈਲ ਫੋਟੋ।**

ਅਮਰੀਕਾ ਦੀ ਸਰਹੱਦ ਨਾਲ ਲੱਗਦੇ ਸ਼ਹਿਰ ਸਾਰਨੀਆ ਦੀ ਕੁਈਨਜ਼ ਰੋਡ ਸਥਿਤ ਇੱਕੋ ਘਰ ਵਿਚ ਨਾਲ ਰਹਿੰਦੇ ਵਿਅਕਤੀ ਵਲੋਂ ਬੀਤੇ ਦਿਨੀਂ ਪੰਜਾਬੀ ਨੌਜੁਆਨ ਦੀ ਹੱਤਿਆ ਕਰ ਦਿੱਤੀ ਗਈ। ਦੋਵੇਂ ਇੱਕ ਘਰ 'ਚ ਕਿਰਾਏ 'ਤੇ ਰਹਿੰਦੇ ਸੀ। ਘਟਨਾ ਦਾ ਕਾਰਨ ਦੋਹਾਂ 'ਚ ਕਿਸੇ ਮਾਮਲੇ ਨੂੰ ਲੈ ਕੇ ਮਾਮੂਲੀ ਤਕਰਾਰ ਹੋਣਾ ਦੱਸਿਆ ਗਿਆ ਹੈ।

ਮ੍ਰਿਤਕ ਨੌਜੁਆਨ ਦੀ ਪਛਾਣ ਗੁਰਅਸੀਸ ਸਿੰਘ (22) ਵਜੋਂ ਹੋਈ ਹੈ, ਜੋ ਲੁਧਿਆਣੇ ਦਾ ਰਹਿਣ ਵਾਲਾ ਸੀ ਤੇ ਬੀ ਟੈੱਕ ਕਰਕੇ ਉਚੇਰੀ ਪੜ੍ਹਾਈ ਲਈ ਕੁਝ ਮਹੀਨੇ ਪਹਿਲਾਂ ਹੀ ਕੈਨੇਡਾ ਪਹੁੰਚਾ ਸੀ। ਸਾਰਨੀਆ ਪੁਲਿਸ ਵਲੋਂ ਮ੍ਰਿਤਕ ਦੀ ਪਛਾਣ ਜਾਰੀ ਕਰਨ ਤੋਂ ਬਾਅਦ ਦੱਸਿਆ ਗਿਆ ਹੈ ਕਿ 35 ਸਾਲਾ ਹਤਿਆਰੇ ਕਰੌਸਲੀ ਹੰਟਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਉਸ 'ਤੇ ਦੂਜਾ ਦਰਜਾ ਕਤਲ ਦੇ ਦੋਸ਼ ਆਇਦ ਕੀਤੇ ਗਏ ਹਨ।

ਪੁਲਿਸ ਨੇ ਕਤਲ ਦਾ ਸਪੱਸ਼ਟ ਕਾਰਨ ਤਾਂ ਜ਼ਾਹਰ ਨਹੀਂ ਕੀਤਾ, ਪਰ ਲਾਏ ਗਏ ਦੋਸ਼ ਸਾਬਤ ਕਰਦੇ ਹਨ ਕਿ ਕਤਲ ਮਿੱਥ ਕੇ ਨਹੀਂ ਕੀਤਾ ਗਿਆ ਤੇ ਇਹ ਦੋਹਾਂ 'ਚ ਕਿਸੇ ਕਾਰਨ ਹੋਈ ਤਕਰਾਰ ਦਾ ਨਤੀਜਾ ਹੋ ਸਕਦਾ ਹੈ। ਗੁਆਂਢੀਆਂ ਨੇ ਪੁਲਿਸ ਨੂੰ ਦੱਸਿਆ ਕਿ ਉਨ੍ਹਾਂ ਨੇ ਦੋਹਾਂ ਨੂੰ ਕਈ ਵਾਰ ਇਕੱਠੇ ਜਾਂਦਿਆਂ ਵੇਖਿਆ ਸੀ। ਦੋਹਾਂ ਨੂੰ ਆਪਸ ਵਿਚ ਦੋਸਤ ਸਮਝਣ ਵਾਲੇ ਗਵਾਂਢੀ ਕਤਲ ਬਾਰੇ ਸੁਣ ਕੇ ਹੈਰਾਨ ਰਹਿ ਗਏ। ਗੁਰਅਸੀਸ ਲੈਂਬਟਨ ਕਾਲਜ ਦਾ ਵਿਦਿਆਰਥੀ ਸੀ ਤੇ ਇੰਜੀਨੀਅਰਿੰਗ ਦੀ ਉਚੇਰੀ ਪੜ੍ਹਾਈ ਕਰ ਰਿਹਾ ਸੀ। ਉਸ ਦੇ ਪਰਿਵਾਰ ਨੂੰ ਪੁੱਤਰ ਦੀ ਮੌਤ ਦਾ ਪਤਾ ਪੁਲਿਸ ਵਲੋਂ ਕੀਤੇ ਗਏ ਫੋਨ ਤੋਂ ਲੱਗਾ। ਪੁਲਿਸ ਅਨੁਸਾਰ ਗੁਰਅਸੀਸ ਦੇ ਸਰੀਰ 'ਤੇ ਕਈ ਡੂੰਘੇ ਜ਼ਖ਼ਮ ਸਨ, ਜੋ ਕਿਸੇ ਤਿੱਖੇ ਹਥਿਆਰ ਦੇ ਹੋ ਸਕਦੇ ਹਨ। ਪੁਲਿਸ ਡਾਕਟਰੀ ਰਿਪੋਰਟ ਤੋਂ ਬਾਅਦ ਹੋਰ ਦੋਸ਼ ਵੀ ਆਇਦ ਕਰ ਸਕਦੀ ਹੈ।

## ਮੂਸੇਵਾਲਾ ਬਾਰੇ ਗ਼ਲਤ ਤੱਥ ਪੇਸ਼ ਕਰਨ ਵਾਲੇ ਲੇਖਕ ਖ਼ਿਲਾਫ਼ ਕੇਸ

**ਮਾਨਸਾ, (ਪੰਜਾਬ ਮੇਲ)-** ਥਾਣਾ ਸਦਰ ਦੀ ਪੁਲਿਸ ਨੇ ਮਰਹੂਮ ਪੰਜਾਬੀ



ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਦੀ ਸ਼ਿਕਾਇਤ 'ਤੇ ਗਾਇਕ ਤੇ ਉਸ ਦੇ ਪਰਿਵਾਰ ਬਾਰੇ ਆਪਣੀ ਕਿਤਾਬ ਵਿਚ ਕਥਿਤ ਝੂਠੇ ਤੱਥ ਪੇਸ਼ ਕਰਨ ਵਾਲੇ ਲੇਖਕ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਦੱਸਿਆ ਕਿ ਮਨਜਿੰਦਰ ਸਿੰਘ ਉਰਫ਼ ਮਨਜਿੰਦਰ ਮਾਖਾ ਵੱਲੋਂ ਤਿਆਰ ਕੀਤੀ ਪੁਸਤਕ 'ਰੀਅਲ ਰੀਜ਼ਨ ਬਾਇ ਲੈਜੈਂਡ ਡੈੱਡ' ਵਿਚ ਉਸ ਦੇ ਪਰਿਵਾਰ ਤੇ ਉਸ ਦੇ ਪੁੱਤਰ ਸਿੱਧੂ ਮੂਸੇਵਾਲਾ ਬਾਰੇ ਗਲਤ ਤੱਥ ਪੇਸ਼ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਉਕਤ ਵਿਅਕਤੀ ਦਾ ਉਨ੍ਹਾਂ ਦੇ ਘਰ ਆਉਣਾ-ਜਾਣਾ ਸੀ ਅਤੇ ਉਹ ਘਰੋਂ ਕੁਝ ਦਸਤਾਵੇਜ਼ ਲੈ ਕੇ ਗਿਆ, ਜੋ ਵੀ ਕਿਤਾਬ ਵਿਚ ਛਪਿਆ ਹੈ ਅਤੇ ਘਟਨਾਵਾਂ ਵਿਚ ਜੋ ਤੱਥ ਪੇਸ਼ ਕੀਤੇ ਗਏ ਹਨ, ਉਹ ਸਹੀ ਨਹੀਂ ਹਨ। ਮੂਸੇਵਾਲਾ ਦੇ ਪਿਤਾ ਦੀ ਸ਼ਿਕਾਇਤ 'ਤੇ ਥਾਣਾ ਸਦਰ ਮਾਨਸਾ ਵਿਚ ਮਨਜਿੰਦਰ ਸਿੰਘ ਉਰਫ਼ ਮਨਜਿੰਦਰ ਮਾਖਾ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ।

## ਸੁਖਦੇਵ ਢੀਂਡਸਾ ਵੱਲੋਂ ਸਰਗਰਮ ਸਿਆਸਤ ਤੋਂ ਕਿਨਾਰਾ ਕਰਨ ਦਾ ਐਲਾਨ



**ਸ੍ਰੀ ਆਨੰਦਪੁਰ ਸਾਹਿਬ, (ਪੰਜਾਬ ਮੇਲ)-** ਅਕਾਲ ਤਖਤ ਸਾਹਿਬ ਤੋਂ ਲੱਗੀ ਤਨਖ਼ਾਹ ਤਹਿਤ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੇਵਾ ਕਰਨ ਪੁੱਜੇ ਸੀਨੀਅਰ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਇਹ ਸੇਵਾ ਮੁਕੰਮਲ ਹੋਣ ਉਪਰੰਤ ਉਹ ਸਰਗਰਮ ਸਿਆਸਤ ਛੱਡ ਦੇਣਗੇ। ਇਸ ਦੌਰਾਨ ਸ਼੍ਰੀ ਢੀਂਡਸਾ ਨੇ ਬੀਤੇ ਦਿਨੀਂ ਦਿੱਤੇ ਬਿਆਨ 'ਤੇ ਕਾਇਮ ਰਹਿਣ ਦੀ ਗੱਲ ਕਰਦਿਆਂ ਕਿਹਾ ਕਿ ਉਨ੍ਹਾਂ ਤੋਂ ਇਹ ਗੱਲ ਸਪੱਸ਼ਟ ਨਹੀਂ ਸੀ ਹੋਈ ਕਿ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਸੱਤ ਮੈਂਬਰੀ ਕਮੇਟੀ ਵੱਲੋਂ ਜਿਸ ਨੂੰ ਵੀ ਚੁਣਿਆ ਜਾਂਦਾ ਹੈ ਤੇ ਵਿਧਾਨਕ ਤੌਰ 'ਤੇ ਜੋ ਮਨਜ਼ੂਰ ਹੋਵੇਗਾ, ਉਹ ਹਰੇਕ ਨੂੰ ਹੀ ਮਨਜ਼ੂਰ ਹੋਵੇਗਾ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬਾਨ ਦੇ ਹੁਕਮਾਂ 'ਤੇ ਉਨ੍ਹਾਂ ਵੱਲੋਂ ਇਤਰਾਜ਼ ਨਹੀਂ ਕੀਤਾ ਜਾ ਸਕਦਾ ਹੈ।

ਸ਼੍ਰੀ ਢੀਂਡਸਾ ਨੇ ਬਿੱਟੂ ਦੇ ਚੌੜਾ ਵੱਲੋਂ ਗੋਲੀ ਚਲਾਉਣ ਬਾਰੇ ਬਿਆਨ 'ਤੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਗੋਲੀ ਚੱਲਣੀ ਮੰਦਭਾਗੀ ਗੱਲ ਹੈ। ਬਿੱਟੂ ਵੱਲੋਂ ਕਿਸਾਨਾਂ ਖ਼ਿਲਾਫ਼ ਬਿਆਨਬਾਜ਼ੀ 'ਤੇ ਉਨ੍ਹਾਂ ਕਿਹਾ ਕਿ ਬਿੱਟੂ ਕਿਸਾਨਾਂ ਵਿਰੁੱਧ ਬੋਲ ਰਿਹਾ ਹੈ ਪਰ ਲੋਕ ਕਿਸਾਨਾਂ ਦੇ ਨਾਲ ਹਨ। ਸ਼੍ਰੀ ਢੀਂਡਸਾ ਨੇ ਕਿਹਾ ਕਿ ਉਨ੍ਹਾਂ ਨੇ ਭਾਜਪਾ ਨੂੰ ਕਿਸਾਨੀ ਮਸਲਿਆਂ ਦੇ ਹੱਲ ਨਾ ਕਰਨ ਕਰ ਕੇ ਹੀ ਛੱਡਿਆ ਸੀ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਕਿਸਾਨੇ ਦੇ ਸਾਰੇ ਮਸਲੇ ਹੱਲ ਕਰਨੇ ਚਾਹੀਦੇ ਹਨ। ਇਸ ਮੌਕੇ ਢੀਂਡਸਾ ਧੜੇ ਨਾਲ ਸਬੰਧਤ ਜ਼ਿਲ੍ਹੇ ਦੇ ਆਗੂ ਭੁਪਿੰਦਰ ਸਿੰਘ ਬਜਰੂੜ, ਹਰਬੰਸ ਸਿੰਘ ਮੰਝਪੁਰ, ਸਤਵਿੰਦਰ ਪਾਲ ਸਿੰਘ ਢੱਠ ਹੁਸ਼ਿਆਰਪੁਰ ਆਦਿ ਹਾਜ਼ਰ ਸਨ।

## ਸ਼੍ਰੋਮਣੀ ਅਕਾਲੀ ਦਲ ਨੇ ਨਿਗਮ ਚੋਣਾਂ ਲਈ ਖਿੱਚੀ ਤਿਆਰੀ

**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਪੰਜਾਬ ਵਿਚ ਹੋਣ ਵਾਲੀਆਂ 5 ਨਗਰ ਨਿਗਮਾਂ ਦੀਆਂ ਚੋਣਾਂ ਲਈ ਪਾਰਟੀ ਦੇ ਆਬਜ਼ਰਵਰਾਂ ਦੀ ਨਿਯੁਕਤੀ ਕੀਤੀ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਪਾਰਟੀ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਹਰੀਸ਼ ਰਾਏ ਢਾਂਡਾ ਨੂੰ ਜਲੰਧਰ ਲਈ ਆਬਜ਼ਰਵਰ ਨਿਯੁਕਤ ਕੀਤਾ ਗਿਆ। ਇਸੇ ਤਰ੍ਹਾਂ ਬਿਕਰਮ ਸਿੰਘ ਮਜੀਠੀਆ ਤੇ ਗੁਲਜ਼ਾਰ ਸਿੰਘ ਰਣੀਕੇ ਨੂੰ ਅੰਮ੍ਰਿਤਸਰ ਲਈ, ਬਲਦੇਵ ਸਿੰਘ ਖਹਿਰਾ ਨੂੰ ਫਗਵਾੜਾ, ਮਨਤਾਰ ਸਿੰਘ ਬਰਾੜ ਤੇ ਐੱਸ.ਆਰ. ਕਲੇਰ ਨੂੰ ਲੁਧਿਆਣਾ ਅਤੇ ਐੱਨ.ਕੇ. ਸ਼ਰਮਾ ਅਤੇ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੂੰ ਪਟਿਆਲਾ ਨਗਰ ਨਿਗਮ ਚੋਣਾਂ ਲਈ ਆਬਜ਼ਰਵਰ ਨਿਯੁਕਤ ਕੀਤਾ ਗਿਆ ਹੈ। ਡਾ. ਚੀਮਾ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਆਪਣੇ ਚੋਣ ਨਿਸ਼ਾਨ 'ਤਕੜੀ' 'ਤੇ ਹੀ ਇਹ ਚੋਣਾਂ ਲੜੇਗਾ।




# ਨਿਗਮ ਚੋਣਾਂ ਦੇ ਐਲਾਨ ਮਗਰੋਂ ਸਿਆਸੀ ਧਿਰਾਂ ਪੱਬਾਂ ਭਾਰ

- 'ਆਪ' ਨੇ ਚੋਣਾਂ ਲਈ ਸਕਰੀਨਿੰਗ ਕਮੇਟੀਆਂ ਬਣਾਈਆਂ



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ 'ਚ ਨਗਰ ਨਿਗਮ ਤੇ ਕੌਂਸਲ ਚੋਣਾਂ ਦੇ ਐਲਾਨ ਨਾਲ ਹੀ ਸਿਆਸੀ ਪਾਰਟੀਆਂ ਨੇ ਕਮਰ ਕੱਸੇ ਕਰ ਲਏ ਹਨ। ਸਭਨਾਂ ਸਿਆਸੀ ਧਿਰਾਂ ਵੱਲੋਂ ਇਨ੍ਹਾਂ ਚੋਣਾਂ 'ਚ ਵੋਟਰਾਂ ਦੀ ਨਬਜ਼ ਫੜੀ ਜਾਵੇਗੀ ਅਤੇ ਮਿਸ਼ਨ 2027 ਲਈ ਸਿਆਸੀ ਆਗੂ ਇਨ੍ਹਾਂ ਚੋਣਾਂ ਵਿਚ ਪੂਰਾ ਤਾਣ ਲਾਉਣਗੇ। ਆਮ ਆਦਮੀ ਪਾਰਟੀ ਦੇ ਨਵੇਂ ਸੂਬਾ ਪ੍ਰਧਾਨ ਅਮਨ ਅਰੋੜਾ ਆਪਣੀ ਸਿਆਸੀ ਪਕੜ ਇਨ੍ਹਾਂ ਚੋਣਾਂ ਜ਼ਰੀਏ ਪਰਖਣਗੇ। 'ਆਪ' ਨੂੰ ਸੱਤਾ ਵਿਚ ਹੋਣ ਦਾ ਫ਼ਾਇਦਾ ਮਿਲਣ ਦੀ ਆਸ ਹੈ ਅਤੇ ਲੰਘੀਆਂ ਜ਼ਿਮਨੀ ਚੋਣਾਂ ਵਿਚ ਮਿਲੀ ਕਾਮਯਾਬੀ ਦਾ ਅਸਰ ਵੀ ਇਨ੍ਹਾਂ ਚੋਣਾਂ 'ਤੇ ਪਵੇਗਾ।

'ਆਪ' ਨੇ ਹਿੰਦੂ ਚਿਹਰਾ ਹੋਣ ਕਰਕੇ ਅਮਨ ਅਰੋੜਾ ਹੱਥ ਕਮਾਨ ਦਿੱਤੀ ਹੈ। ਨਿਗਮ ਚੋਣਾਂ ਸ਼ਹਿਰੀ ਅਧਾਰ ਵਾਲੀਆਂ ਹਨ, ਜਿਸ ਕਰ ਕੇ ਅਰੋੜਾ ਲਈ ਇਹ ਚੋਣਾਂ ਵੱਕਾਰੀ ਹੋਣਗੀਆਂ। ਇਨ੍ਹਾਂ ਚੋਣਾਂ ਦੇ ਨਤੀਜਿਆਂ ਦਾ ਅਸਰ ਦਿੱਲੀ ਚੋਣਾਂ 'ਤੇ ਵੀ ਪਵੇਗਾ, ਜਿਸ ਕਰ ਕੇ 'ਆਪ' ਦੀ ਹਾਈਕਮਾਨ ਵੀ ਇਨ੍ਹਾਂ ਚੋਣਾਂ 'ਤੇ ਸਿੱਧੀ ਨਜ਼ਰ ਰੱਖੇਗੀ। ਵਿਰੋਧੀ ਧਿਰ ਕਾਂਗਰਸ ਵੱਲੋਂ ਅਮਨ ਕਾਨੂੰਨ ਦੀ ਵਿਵਸਥਾ ਨੂੰ ਮੁੱਦਾ ਬਣਾਇਆ ਜਾ ਸਕਦਾ ਹੈ।

'ਆਪ' ਨੇ ਨਿਗਮਾਂ ਲਈ ਸਕਰੀਨਿੰਗ ਕਮੇਟੀਆਂ ਬਣਾ ਦਿੱਤੀਆਂ ਹਨ। ਅੰਮ੍ਰਿਤਸਰ ਨਿਗਮ ਦੀ ਅਗਵਾਈ ਮੰਤਰੀ ਕੁਲਦੀਪ ਧਾਲੀਵਾਲ ਨੂੰ ਦਿੱਤੀ ਗਈ ਹੈ, ਉਨ੍ਹਾਂ ਨਾਲ ਵਿਧਾਇਕ ਡਾ. ਜਸਬੀਰ ਗਿੱਲ, ਡਾ. ਇੰਦਰਵੀਰ ਸਿੰਘ ਨਿੱਝਰ, ਜੀਵਨਜੋਤ ਕੌਰ ਤੇ ਅਜੇ ਗੁਪਤਾ ਆਦਿ ਲਾਏ ਗਏ ਹਨ। ਜਲੰਧਰ ਨਿਗਮ ਦਾ ਇੰਚਾਰਜ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੂੰ ਲਾਇਆ ਹੈ, ਉਨ੍ਹਾਂ ਨਾਲ ਵਜ਼ੀਰ ਮੋਹਿੰਦਰ ਭਗਤ, ਪਵਨ ਟੀਨੂੰ ਅਤੇ ਰਮਨ ਅਰੋੜਾ ਆਦਿ ਲਾਏ ਗਏ ਹਨ। ਫਗਵਾੜਾ ਨਿਗਮ ਲਈ ਇੰਚਾਰਜ ਡਾ. ਰਾਜ ਕੁਮਾਰ ਚੱਬੇਵਾਲ ਅਤੇ ਉਨ੍ਹਾਂ ਨਾਲ ਵਿਧਾਇਕ ਜਸਬੀਰ ਸਿੰਘ ਰਾਜਾ ਗਿੱਲ ਅਤੇ ਸਾਬਕਾ ਵਿਧਾਇਕ ਜੋਗਿੰਦਰ ਮਾਨ ਆਦਿ ਲਾਏ ਗਏ ਹਨ। ਪਟਿਆਲਾ ਨਿਗਮ ਲਈ ਮੰਤਰੀ ਬਰਿੰਦਰ ਗੋਇਲ ਇੰਚਾਰਜ ਅਤੇ ਡਾ. ਬਲਬੀਰ ਸਿੰਘ, ਹਰਚੰਦ ਬਰਸਟ, ਅਜੀਤਪਾਲ ਸਿੰਘ ਕੋਹਲੀ ਤੇ ਹਰਮੀਤ ਪਠਾਨਮਾਜਰਾ ਆਦਿ ਨਾਲ ਤਾਇਨਾਤ ਰਹਿਣਗੇ। ਬਾਕੀ ਕੌਂਸਲਾਂ ਦੀਆਂ ਵੀ ਕਮੇਟੀਆਂ ਬਣਾਈਆਂ ਗਈਆਂ ਹਨ। ਇਨ੍ਹਾਂ ਚੋਣਾਂ ਵਿਚ ਤਾਇਨਾਤ ਕੀਤੇ ਇੰਚਾਰਜਾਂ ਦੀ ਕਾਰਗੁਜ਼ਾਰੀ ਵੀ ਪਰਖੀ ਜਾਣੀ ਹੈ।

ਕਾਂਗਰਸ ਪਾਰਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਜਿਨ੍ਹਾਂ ਦੀ ਪ੍ਰਧਾਨਗੀ ਹੇਠ ਹਾਲ ਹੀ ਵਿਚ ਲੜੀਆਂ ਜ਼ਿਮਨੀ ਚੋਣਾਂ ਵਿਚ ਪਾਰਟੀ ਨੂੰ ਮਿਲੀ ਹਾਰ ਦਾ ਝਟਕਾ ਲੱਗਿਆ ਹੈ, ਲਈ ਇਹ ਚੋਣਾਂ ਵੱਕਾਰੀ ਹੋਣਗੀਆਂ। ਰਾਜਾ ਵੜਿੰਗ ਲੁਧਿਆਣਾ ਤੋਂ ਸੰਸਦ ਮੈਂਬਰ ਹਨ ਜਿਸ ਕਰਕੇ ਲੁਧਿਆਣਾ ਨਿਗਮ ਚੋਣ ਦੇ ਨਤੀਜੇ ਨਿੱਜੀ ਤੌਰ 'ਤੇ ਰਾਜਾ ਵੜਿੰਗ ਦੇ ਸਿਆਸੀ ਭਵਿੱਖ ਵੱਲ ਇਸ਼ਾਰਾ ਕਰਨਗੇ। ਇਨ੍ਹਾਂ ਚੋਣਾਂ 'ਚ ਕਾਂਗਰਸ ਦੀ ਕਾਰਗੁਜ਼ਾਰੀ ਪਾਰਟੀ ਦੇ 2027 ਦੇ ਮਿਸ਼ਨ ਨੂੰ ਪ੍ਰਭਾਵਿਤ ਕਰੇਗੀ।

ਸ਼੍ਰੋਮਣੀ ਅਕਾਲੀ ਦਲ ਨੇ ਵੀ ਇਹ ਚੋਣਾਂ ਲੜਨ ਦਾ ਫ਼ੈਸਲਾ ਕੀਤਾ ਹੈ। ਸੁਖਬੀਰ ਸਿੰਘ ਬਾਦਲ ਸਮੇਤ ਅਕਾਲੀ ਲੀਡਰਸ਼ਿਪ ਵੱਲੋਂ ਧਾਰਮਿਕ ਸਜ਼ਾ ਨੂੰ ਭੁਗਤੇ ਜਾਣ ਅਤੇ ਸੁਖਬੀਰ ਸਿੰਘ ਬਾਦਲ 'ਤੇ ਹੋਏ ਹਮਲੇ ਕਾਰਨ ਪਾਰਟੀ ਸ਼ਹਿਰੀ ਵੋਟਰਾਂ 'ਚੋਂ ਹਮਦਰਦੀ ਤਲਾਸ਼ੇਗੀ। ਸ਼੍ਰੋਮਣੀ ਅਕਾਲੀ ਦਲ ਨੂੰ ਇਨ੍ਹਾਂ ਚੋਣਾਂ ਬਹਾਨੇ ਲੋਕਾਂ ਦੇ ਰੌਂਅ ਦਾ ਵੀ ਪਤਾ ਲੱਗੇਗਾ। ਭਾਜਪਾ ਲਈ ਵੀ ਇਹ ਚੋਣਾਂ ਵੱਕਾਰੀ ਹਨ ਕਿਉਂਕਿ ਜ਼ਿਮਨੀ ਚੋਣਾਂ ਵਿਚ ਭਾਜਪਾ ਦੇ ਤਿੰਨ ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋਈ ਹੈ। ਪਟਿਆਲਾ ਨਿਗਮ ਦੀ ਚੋਣ ਅਮਰਿੰਦਰ ਪਰਿਵਾਰ ਦੀ ਪਰਖ ਦਾ ਸਬੱਬ ਬਣੇਗੀ। ਪੰਜਾਬ ਵਿਚ 44 ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਵੀ ਹੋ ਰਹੀਆਂ ਹਨ, ਜੋ ਸਭਨਾਂ ਧਿਰਾਂ ਦੇ ਵਿਧਾਇਕਾਂ ਅਤੇ ਸਾਬਕਾ ਵਿਧਾਇਕਾਂ ਦੀ ਕਾਰਗੁਜ਼ਾਰੀ ਨੂੰ ਦਰਸਾਉਣਗੀਆਂ।

# ਇੰਡੀਆ ਗੱਠਜੋੜ ਵੱਲੋਂ ਧਨਖੜ ਖਿਲਾਫ਼ ਬੇਭਰੋਸਗੀ ਮਤੇ ਦਾ ਨੋਟਿਸ

- ਉਪ ਰਾਸ਼ਟਰਪਤੀ 'ਤੇ ਸਦਨ ਦੇ ਚੇਅਰਮੈਨ ਵਜੋਂ ਪੱਖਪਾਤੀ ਰਵੱਈਏ ਦੇ ਦੋਸ਼ ਲਾਏ
- ਮਤੇ 'ਤੇ ਵਿਰੋਧੀ ਪਾਰਟੀਆਂ ਦੇ 60 ਸੰਸਦ ਮੈਂਬਰਾਂ ਨੇ ਦਸਤਖਤ ਕੀਤੇ



ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਮੰਗਲਵਾਰ ਨੂੰ ਸਦਨ ਦੀ ਕਾਰਵਾਈ ਦੌਰਾਨ ਵਿਰੋਧੀ ਧਿਰ ਦੇ ਮੈਂਬਰਾਂ (ਸੱਜੇ) ਨੂੰ ਸੀਟਾਂ ਉੱਤੇ ਬੈਠਣ ਲਈ ਆਖਦੇ ਹੋਏ।

**ਨਵੀਂ ਦਿੱਲੀ, (ਪੰਜਾਬ ਮੇਲ)-** ਇੰਡੀਆ ਗੱਠਜੋੜ ਨੇ ਉਪ ਰਾਸ਼ਟਰਪਤੀ ਜਗਦੀਪ ਧਨਖੜ 'ਤੇ ਉਪਰਲੇ ਸਦਨ ਦੇ ਚੇਅਰਮੈਨ ਵਜੋਂ 'ਪੱਖਪਾਤੀ' ਵਤੀਰਾ ਅਪਨਾਉਣ ਦਾ ਦੋਸ਼ ਲਾਉਂਦਿਆਂ ਰਾਜ ਸਭਾ ਵਿਚ ਬੇਭਰੋਸਗੀ ਮਤਾ ਦਾਖ਼ਲ ਕਰਕੇ ਉਨ੍ਹਾਂ ਨੂੰ ਹਟਾਉਣ ਦੀ ਮੰਗ ਕੀਤੀ ਹੈ। ਵਿਰੋਧੀ ਧਿਰਾਂ ਦੇ ਗੱਠਜੋੜ ਵੱਲੋਂ ਪੇਸ਼ ਮਤਾ ਜੇ ਅੱਗੇ ਸਦਨ ਵਿਚ ਰੱਖਿਆ ਜਾਂਦਾ ਹੈ, ਤਾਂ ਪਾਰਟੀਆਂ ਨੂੰ ਇਸ ਨੂੰ ਪਾਸ ਕਰਵਾਉਣ ਲਈ ਸਾਧਾਰਨ ਬਹੁਮਤ ਦੀ ਲੋੜ ਪਏਗੀ। ਹਾਲਾਂਕਿ 243 ਮੈਂਬਰੀ ਸਦਨ ਵਿਚ ਉਨ੍ਹਾਂ ਕੋਲ ਲੋੜੀਂਦੀ ਗਿਣਤੀ ਨਹੀਂ ਹੈ। ਉਂਝ ਵਿਰੋਧੀ ਧਿਰਾਂ ਦੇ ਮੈਂਬਰਾਂ ਨੇ ਜ਼ੋਰ ਦਿੱਤਾ ਕਿ 'ਇਹ ਸੰਸਦੀ ਜਮਹੂਰੀਅਤ ਦੀ ਲੜਾਈ ਲਈ ਮਜ਼ਬੂਤ ਸੁਨੇਹਾ' ਹੈ। ਵਿਰੋਧੀ ਧਿਰਾਂ ਵੱਲੋਂ ਕਾਂਗਰਸ ਆਗੂ ਜੈਰਾਮ ਰਮੇਸ਼ ਤੇ ਨਾਸਿਰ ਹੁਸੈਨ ਨੇ ਕਾਂਗਰਸ, ਆਰ.ਜੇ.ਡੀ., ਟੀ.ਐੱਮ.ਸੀ., ਸੀ.ਪੀ.ਆਈ., ਸੀ.ਪੀ.ਐੱਮ., ਜੇ.ਐੱਮ.ਐੱਮ., 'ਆਪ', ਡੀ.ਐੱਮ.ਕੇ., ਸਮਾਜਵਾਦੀ ਪਾਰਟੀ ਸਣੇ ਹੋਰਨਾਂ ਵਿਰੋਧੀ ਪਾਰਟੀਆਂ ਦੇ 60 ਸੰਸਦ ਮੈਂਬਰਾਂ ਦੇ ਦਸਤਖ਼ਤਾਂ ਵਾਲਾ ਨੋਟਿਸ ਰਾਜ ਸਭਾ ਦੇ ਜਨਰਲ ਸਕੱਤਰ ਪੀ.ਸੀ. ਮੋਦੀ ਨੂੰ ਸੌਂਪਿਆ। ਉਂਝ ਇਹ ਪਹਿਲੀ ਵਾਰ ਹੈ, ਜਦੋਂ ਉਪ ਰਾਸ਼ਟਰਪਤੀ ਨੂੰ ਹਟਾਉਣ ਲਈ ਰਾਜ ਸਭਾ ਵਿਚ ਮਤਾ ਲਿਆਉਣ ਲਈ ਨੋਟਿਸ ਦਿੱਤਾ ਗਿਆ ਹੈ। ਨੇਮਾਂ ਮੁਤਾਬਕ 14 ਦਿਨਾਂ ਦਾ ਨੋਟਿਸ ਦੇਣਾ ਹੁੰਦਾ ਹੈ ਤੇ ਇਸ ਨੂੰ ਸਦਨ ਵਿਚ ਰੱਖਣ ਤੋਂ ਪਹਿਲਾਂ ਡਿਪਟੀ ਚੇਅਰਮੈਨ ਦੀ ਪ੍ਰਵਾਨਗੀ ਲੋੜੀਂਦੀ ਹੁੰਦੀ ਹੈ।

ਸੂਤਰਾਂ ਨੇ ਕਿਹਾ ਕਿ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਕਾਂਗਰਸ ਸੰਸਦੀ ਪਾਰਟੀ ਦੀ ਚੇਅਰਪਰਸਨ ਸੋਨੀਆ ਗਾਂਧੀ ਤੇ ਵੱਖ-ਵੱਖ ਵਿਰੋਧੀ ਪਾਰਟੀਆਂ ਦੇ ਸਦਨ ਵਿਚਲੇ ਆਗੂਆਂ ਨੇ ਉਪਰੋਕਤ ਨੋਟਿਸ 'ਤੇ ਸਹੀ ਨਹੀਂ ਪਾਈ। ਇਸ ਤੋਂ ਪਹਿਲਾਂ ਅਤੀਤ ਵਿਚ ਵੀ ਲੋਕ ਸਭਾ ਦੇ ਸਪੀਕਰ ਨੂੰ ਹਟਾਉਣ ਲਈ ਮਿਲਦੇ-ਜੁਲਦੇ ਨੋਟਿਸ ਦਿੱਤੇ ਗਏ ਹਨ ਪਰ ਉਪ ਰਾਸ਼ਟਰਪਤੀ ਤੇ ਰਾਜ ਸਭਾ ਦੇ ਚੇਅਰਮੈਨ ਖਿਲਾਫ਼ ਇਹ ਪਹਿਲਾ ਨੋਟਿਸ ਹੈ। ਬੀਤੇ ਵਿਚ ਲੋਕ ਸਭਾ ਦੇ ਸਪੀਕਰਾਂ- ਜੀਵੀ ਮਾਵਲੰਕਰ ਖ਼ਿਲਾਫ਼ 18 ਦਸੰਬਰ 1954, ਹੁਕਮ ਸਿੰਘ ਖਿਲਾਫ਼ 24 ਨਵੰਬਰ 1966 ਤੇ ਬਲਰਾਮ ਜਾਖੜ ਖਿਲਾਫ਼ 15 ਅਪ੍ਰੈਲ 1987 ਨੂੰ ਤਿੰਨ ਮਤੇ ਰੱਖੇ ਗਏ ਸਨ। ਮਾਵਲੰਕਰ ਤੇ ਜਾਖੜ ਖਿਲਾਫ਼ ਮਤਿਆਂ ਨੂੰ ਜਿੱਥੇ ਰੱਦ ਕਰ ਦਿੱਤਾ ਗਿਆ, ਉਥੇ ਹੁਕਮ ਸਿੰਘ ਖਿਲਾਫ਼ ਮਤੇ ਨੂੰ ਇਸ ਲਈ ਰੱਦ ਕਰਨਾ ਪਿਆ ਕਿਉਂਕਿ ਮਤੇ ਦੇ ਹੱਕ ਵਿਚ 50 ਤੋਂ ਘੱਟ ਮੈਂਬਰ ਆਪਣੀਆਂ ਸੀਟਾਂ 'ਤੇ ਖੜ੍ਹੇ ਹੋਏ। ਧਨਖੜ ਖਿਲਾਫ਼ ਲਿਆਂਦਾ ਮੌਜੂਦਾ ਮਤਾ, ਜਿਸ ਦੀ ਕਾਂਗਰਸ ਵੱਲੋਂ ਮੂਹਰੇ ਹੋ ਕੇ ਅਗਵਾਈ ਕੀਤੀ ਜਾ ਰਹੀ ਹੈ, ਅਜਿਹੇ ਮੌਕੇ ਲਿਆਂਦਾ ਗਿਆ ਹੈ, ਜਦੋਂ ਸਰਦ ਰੁੱਤ ਇਜਲਾਸ ਦੌਰਾਨ ਰਾਜ ਸਭਾ ਚੇਅਰਮੈਨ ਤੇ ਵਿਰੋਧੀ ਪਾਰਟੀਆਂ ਦਰਮਿਆਨ ਜ਼ੁਬਾਨੀ ਕਲਾਮੀ ਤਲਖੀ ਨਿੱਤ ਦੇਖਣ ਨੂੰ ਮਿਲ ਰਹੀ ਹੈ। ਵਿਰੋਧੀ ਧਿਰ ਵੱਖ ਵੱਖ ਮੁੱਦਿਆਂ ਨੂੰ ਲੈ ਕੇ ਧਨਖੜ ਤੋਂ ਨਾਰਾਜ਼ ਹੈ।

## ਬਸਪਾ ਵੱਲੋਂ ਨਿਗਮ ਚੋਣਾਂ ਪਾਰਟੀ ਚੋਣ ਨਿਸ਼ਾਨ 'ਤੇ ਲੜਨ ਦਾ ਐਲਾਨ

**ਜਲੰਧਰ, (ਪੰਜਾਬ ਮੇਲ)-** ਬਸਪਾ ਵੱਲੋਂ ਦੇਸ਼ ਭਗਤ ਯਾਦਗਾਰ ਹਾਲ 'ਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਪ੍ਰੀ-ਨਿਰਵਾਣ ਦਿਵਸ ਨੂੰ ਸਮਰਪਿਤ ਸੂਬਾ ਪੱਧਰੀ ਸੰਮੇਲਨ ਹੋਇਆ। ਬਸਪਾ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਦੀ ਅਗਵਾਈ ਹੇਠ ਹੋਏ ਸੰਮੇਲਨ ਵਿਚ ਪਾਰਟੀ ਦੇ ਪੰਜਾਬ-ਚੰਡੀਗੜ੍ਹ ਦੇ ਇੰਚਾਰਜ ਰਣਧੀਰ ਸਿੰਘ ਬੈਨੀਵਾਲ, ਵਿਪੁਲ ਕੁਮਾਰ ਤੇ ਸੂਬਾ ਇੰਚਾਰਜ ਡਾ. ਨਛੱਤਰ ਪਾਲ ਵਿਸ਼ੇਸ਼ ਤੌਰ 'ਤੇ ਪਹੁੰਚੇ।

ਇਸ ਮੌਕੇ ਸ਼੍ਰੀ ਬੈਨੀਵਾਲ ਨੇ ਕਿਹਾ ਕਿ ਪੰਜਾਬ ਵਿਚ ਹੋਣ ਜਾ ਰਹੀਆਂ ਨਿਗਮ ਚੋਣਾਂ ਬਸਪਾ ਆਪਣੇ ਚੋਣ ਨਿਸ਼ਾਨ ਹਾਥੀ 'ਤੇ ਲੜੇਗੀ। ਬਸਪਾ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੂੰ ਨਮਨ ਕਰਦਿਆਂ ਕਿਹਾ ਕਿ ਸਿੱਖਿਆ ਰਾਸ਼ਟਰ ਨਿਰਮਾਣ ਦਾ ਜ਼ਰੀਆ ਹੈ ਪਰ ਕੇਂਦਰ ਦੀ ਸੱਤਾ ਵਿੱਚ ਰਹੀਆਂ ਭਾਜਪਾ-ਕਾਂਗਰਸ ਸਰਕਾਰਾਂ ਤੇ ਸੂਬੇ ਦੀ ਸੱਤਾਧਾਰੀ 'ਆਪ' ਦੀਆਂ ਸਰਕਾਰ ਨੇ ਮਾੜੀਆਂ ਨੀਤੀਆਂ ਲਾਗੂ ਕਰਕੇ ਬੱਚਿਆਂ ਤੋਂ ਸਿੱਖਿਆ ਖੋਹਣ ਦਾ ਕੰਮ ਕੀਤਾ ਹੈ।

## ਇਕਜੁੱਟਤਾ ਨਾਲ ਚੋਣ ਉਪਰੰਤ ਸੁਖਬੀਰ ਬਾਦਲ ਮੁੜ ਪ੍ਰਧਾਨ ਬਣਦੇ ਹਨ, ਤਾਂ ਮਨਜ਼ੂਰ ਹੋਣਗੇ: ਢੀਂਡਸਾ



**ਸ੍ਰੀ ਆਨੰਦਪੁਰ ਸਾਹਿਬ, (ਪੰਜਾਬ ਮੇਲ)-** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਜੇ ਸਮੁੱਚਾ ਸ਼੍ਰੋਮਣੀ ਅਕਾਲੀ ਦਲ ਇਕਮੁੱਠ ਹੋ ਕੇ ਨਵੇਂ ਸਿਰੇ ਤੋਂ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨ ਚੁਣਦਾ ਹੈ, ਤਾਂ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਕਿਉਂਕਿ ਮੁੱਢ ਤੋਂ ਹੀ ਜਦੋਂ ਨਵੇਂ ਪ੍ਰਧਾਨ ਦੀ ਚੋਣ ਹੁੰਦੀ, ਤਾਂ ਉਹ ਹਮੇਸ਼ਾਂ ਤੋਂ ਹੀ ਸਰਵਪ੍ਰਵਾਨਤ ਪ੍ਰਧਾਨ ਹੁੰਦਾ ਹੈ। ਫਿਰ ਚਾਹੇ ਚੋਣ ਉਪਰੰਤ ਸੁਖਬੀਰ ਬਾਦਲ ਹੀ ਮੁੜ ਤੋਂ ਪ੍ਰਧਾਨ ਬਣਨ, ਅਸੀਂ ਸਾਰੇ ਪ੍ਰਵਾਨ ਕਰਾਂਗੇ। ਇਹ ਪ੍ਰਗਟਾਵਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲੱਗੀ ਤਨਖਾਹ ਅਨੁਸਾਰ ਸੇਵਾ ਕਰਨ ਲਈ ਪਹੁੰਚੇ ਸੀਨੀਅਰ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਕੀਤਾ।

ਸ਼੍ਰੋਮਣੀ ਅਕਾਲੀ ਦਲ ਦੇ ਸਭ ਤੋਂ ਸੀਨੀਅਰ ਆਗੂ ਹੋਣ ਦੇ ਨਾਤੇ ਸੁਖਦੇਵ ਸਿੰਘ ਢੀਂਡਸਾ ਦੀ ਇਹ ਵਿਸ਼ੇਸ਼ ਪਹਿਲਕਦਮੀ ਨੇ ਇੱਕ ਵਾਰ ਫਿਰ ਤੋਂ ਪਾਰਟੀ ਦੀਆਂ ਸਿਆਸੀ ਸਫਾਂ ਵਿਚ ਗਰਮਾਹਟ ਲਿਆ ਦਿੱਤੀ ਹੈ। ਢੀਂਡਸਾ ਨੇ ਸਪੱਸ਼ਟ ਸ਼ਬਦਾਂ ਵਿਚ ਮੰਨਿਆ ਕਿ ਜੇ ਨਵੀਂ ਚੋਣ ਉਪਰੰਤ ਮੁੜ ਤੋਂ ਸੁਖਬੀਰ ਬਾਦਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣਦੇ ਹਨ, ਤਾਂ ਉਹ ਸਾਨੂੰ ਸਾਰਿਆ ਨੂੰ ਹੀ ਮਨਜ਼ੂਰ ਹੋਣਗੇ ਅਤੇ ਨਾਮਨਜ਼ੂਰ ਹੋਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਇਥੇ ਢੀਂਡਸਾ ਜਥੇਦਾਰ ਅਕਾਲ ਤਖ਼ਤ ਵੱਲੋਂ ਬਾਗ਼ੀਆਂ ਤੇ ਦਾਗ਼ੀਆਂ ਦੇ ਇਕੱਠੇ ਹੋਣ ਵਾਲੇ ਹੁਕਮ ਬਾਰੇ ਟਿੱਪਣੀ ਦੇ ਰਹੇ ਸਨ। ਇਸ ਮੌਕੇ ਉਨ੍ਹਾਂ ਦੇ ਨਾਲ ਜ਼ਿਲ੍ਹਾ ਰੂਪਨਗਰ ਦੇ ਅਕਾਲੀ ਆਗੂ ਭੁਪਿੰਦਰ ਸਿੰਘ ਬਜਰੂੜ ਵੀ ਹਾਜ਼ਰ ਸਨ।

## ਨਗਰ ਨਿਗਮ ਚੋਣਾਂ; ਸਾਬਕਾ ਮੇਅਰ ਕਾਂਗਰਸ ਛੱਡ 'ਆਪ' 'ਚ ਹੋਏ ਸ਼ਾਮਲ



**ਜਲੰਧਰ, (ਪੰਜਾਬ ਮੇਲ)-** ਨਗਰ ਨਿਗਮ ਚੋਣਾਂ ਤੋਂ ਐਨ ਪਹਿਲਾਂ ਕਾਂਗਰਸ ਨੂੰ ਵੱਡਾ ਝਟਕਾ ਲੱਗਾ ਹੈ, ਜਦੋਂ ਜਲੰਧਰ ਦੇ ਸਾਬਕਾ ਮੇਅਰ ਜਗਦੀਸ਼ ਰਾਜਾ ਕਾਂਗਰਸ ਛੱਡ 'ਆਮ ਆਦਮੀ ਪਾਰਟੀ' 'ਚ ਸ਼ਾਮਲ ਹੋ ਗਏ ਹਨ। ਉਨ੍ਹਾਂ ਨੂੰ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਤੇ ਸ਼ੈਰੀ ਕਲਸੀ ਨੇ ਪਾਰਟੀ 'ਚ ਸ਼ਾਮਲ ਕਰਵਾਇਆ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਕਈ ਵਾਰ ਉਨ੍ਹਾਂ ਦੇ 'ਆਪ' 'ਚ ਸ਼ਾਮਲ ਹੋਣ ਦੀਆਂ ਚਰਚਾਵਾਂ ਚੱਲੀਆਂ ਸਨ, ਪਰ ਉਦੋਂ ਉਨ੍ਹਾਂ ਗੱਲਾਂ 'ਚ ਕੋਈ ਸੱਚ ਨਹੀਂ ਸੀ। ਪਰ ਹੁਣ ਉਹ ਆਪਣੀ ਪਤਨੀ ਸਣੇ ਪਾਰਟੀ ਪ੍ਰਧਾਨ ਦੀ ਮੌਜੂਦਗੀ 'ਚ 'ਆਪ' 'ਚ ਸ਼ਾਮਲ ਹੋ ਗਏ ਹਨ।




# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਦਿੱਤੀ ਲੋੜਵੰਦਾਂ ਨੂੰ ਸਹਾਇਤਾ ਰਾਸ਼ੀ



**ਲੋੜਵੰਦ ਲੋਕਾਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਦੇਣ ਸਮੇਂ ਅਰਵਿੰਦਰ ਪਾਲ ਸਿੰਘ ਚਾਹਲ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਅਤੇ ਟਰੱਸਟ ਦੇ ਸੇਵਾਦਾਰ।**

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ੍ਰੀ ਮੁਕਤਸਰ ਸਾਹਿਬ ਵਿਖੇ ਲੋੜਵੰਦ ਲੋਕਾਂ ਨੂੰ 35000 ਰੁਪਏ ਦੀ ਸਹਾਇਤਾ ਰਾਸ਼ੀ ਦੇ ਚੈੱਕ ਦਿੱਤੇ ਗਏ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਲੋੜਵੰਦ ਲੋਕ ਜ਼ਿਆਦਤਰ ਕੰਮ ਕਰਨ ਤੋਂ ਅਸਮਰਥ ਹਨ, ਕਈ ਬਜ਼ੁਰਗਾਂ ਦਾ ਕੋਈ ਵੀ ਸਹਾਰਾ ਨਹੀਂ



**ਡਾ. ਐੱਸ.ਪੀ. ਸਿੰਘ ਓਬਰਾਏ।**

ਹੈ, ਕਈ ਲੋਕ ਲੰਮੇ ਸਮੇਂ ਤੋਂ ਬੀਮਾਰੀਆਂ ਦੇ ਸ਼ਿਕਾਰ ਹਨ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦ ਲੋਕਾਂ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਇਸ ਉਪਰਾਲੇ ਨਾਲ ਅਸੀਂ ਆਪਣੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਹੋ ਗਏ ਹਾਂ। ਇਸ ਮੌਕੇ ਜਸਪਾਲ ਸਿੰਘ ਰਿਟਾਇਰਡ ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ ਸਕੱਤਰ, ਜਸਬੀਰ ਸਿੰਘ ਰਿਟਾਇਰਡ ਏ.ਐੱਸ.ਆਈ., ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਜਤਿੰਦਰ ਸਿੰਘ ਕੈਂਥ, ਗੁਰਚਰਨ ਸਿੰਘ ਭੋਣ, ਗੁਰਜੀਤ ਸਿੰਘ ਜੀਤਾ ਆਦਿ ਹਾਜ਼ਰ ਸਨ।

## ਨਕੋਦਰ ਬੇਅਦਬੀ ਕਾਂਡ: ਸ਼ਹੀਦ ਨੌਜਵਾਨਾਂ ਦੇ ਮਾਪਿਆਂ ਵੱਲੋਂ ਮੁੱਖ ਮੰਤਰੀ ਨੂੰ ਪੱਤਰ

**ਜਲੰਧਰ, (ਪੰਜਾਬ ਮੇਲ)-** ਨਕੋਦਰ ਬੇਅਦਬੀ ਕਾਂਡ ਵਿਚ ਸ਼ਹੀਦ ਹੋਏ ਚਾਰ ਨੌਜਵਾਨਾਂ ਦੇ ਮਾਮਲੇ ਨੂੰ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਨਾਲ ਜੋੜਦਿਆ ਪੀੜਤ ਮਾਪਿਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਫਰਵਰੀ ਵਿਚ ਇਸ ਨਕੋਦਰ ਸਾਕੇ ਨੂੰ 39 ਸਾਲ ਬੀਤ ਜਾਣਗੇ ਪਰ ਹਾਲੇ ਤੱਕ ਉਨ੍ਹਾਂ ਨੂੰ ਇਨਸਾਫ਼ ਨਹੀਂ ਮਿਲਿਆ। ਬਾਪੂ ਬਲਦੇਵ ਸਿੰਘ ਨੇ ਮੁੱਖ ਮੰਤਰੀ ਨੂੰ ਈਮੇਲ ਰਾਹੀਂ ਪਾਏ ਪੱਤਰ ਵਿਚ ਕਿਹਾ ਹੈ ਕਿ 4 ਫਰਵਰੀ 2025 ਨੂੰ ਇਸ ਕਤਲੇਆਮ ਦਾ 39ਵਾਂ ਸ਼ਹੀਦੀ ਦਿਵਸ ਨੇੜੇ ਆ ਰਿਹਾ ਹੈ। ਹੁਣ ਸਮਾਂ ਆ ਗਿਆ ਹੈ ਸਰਕਾਰ ਆਪਣੇ ਵਾਅਦਿਆਂ ਦਾ ਸਨਮਾਨ ਕਰੇ ਅਤੇ ਇਸ ਘੋਰ ਬੇਇਨਸਾਫ਼ੀ ਨੂੰ ਦੂਰ ਕਰਨ ਲਈ ਨਿਰਣਾਇਕ ਕਦਮ ਚੁੱਕੇ। ਉਨ੍ਹਾਂ ਦੱਸਿਆ ਕਿ ਸਾਕਾ ਨਕੋਦਰ ਕਤਲੇਆਮ ਦੌਰਾਨ ਚਾਰ ਨਿਹੱਥੇ ਸਿੱਖ ਵਿਦਿਆਰਥੀਆਂ ਰਵਿੰਦਰ ਸਿੰਘ, ਹਰਮਿੰਦਰ ਸਿੰਘ, ਝਿਲਮਣ ਸਿੰਘ ਅਤੇ ਬਲਧੀਰ ਸਿੰਘ 'ਤੇ ਪੰਜਾਬ ਪੁਲੀਸ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਸ਼ਹੀਦ ਕਰ ਦਿੱਤਾ ਸੀ।

**ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

## 25ਵਾਂ ਮਾਨ ਕੌਰ ਯਾਦਗਾਰੀ ਮਿੰਨੀ ਕਹਾਣੀ ਪੁਰਸਕਾਰ ਪ੍ਰੀਤ ਨੀਤਪੁਰ ਨੂੰ ਦੇਣ ਦਾ ਐਲਾਨ



**ਪਟਿਆਲਾ, (ਸੁਖਦੇਵ ਸਿੰਘ ਸ਼ਾਂਤ/ਪੰਜਾਬ ਮੇਲ)-** ਕੇਂਦਰੀ ਪੰਜਾਬੀ ਮਿੰਨੀ ਕਹਾਣੀ ਲੇਖਕ ਮੰਚ (ਪਟਿਆਲਾ) ਵੱਲੋਂ '25ਵਾਂ ਮਾਨ ਕੌਰ ਯਾਦਗਾਰੀ ਮਿੰਨੀ ਕਹਾਣੀ ਪੁਰਸਕਾਰ-2025 ਪੰਜਾਬੀ ਮਿੰਨੀ ਕਹਾਣੀ ਦੇ ਉੱਘੇ ਲੇਖਕ ਪ੍ਰੀਤ ਨੀਤਪੁਰ ਨੂੰ ਦੇਣ ਦਾ ਫੈਸਲਾ ਕੀਤਾ ਗਿਆ ਹੈ। ਪ੍ਰੀਤ ਨੀਤਪੁਰ ਦੇ ਤਿੰਨ ਮੌਲਿਕ ਮਿੰਨੀ ਕਹਾਣੀ ਸੰਗ੍ਰਹਿ 'ਦਾੜ੍ਹੀ 'ਚ ਗੁਆਚੇ ਹੰਝੂ'(1998), 'ਹਾਉਕਾ, ਹੰਝੂ ਤੇ ਮੁਸਕਾਨ'(2016), 'ਕਿਤਾਬ, ਕੁੜੀ ਤੇ ਕਵਿਤਾ'(2019) ਪ੍ਰਕਾਸ਼ਿਤ ਹੋ ਚੁੱਕੇ ਹਨ। ਇਸ ਤੋਂ ਇਲਾਵਾ ਇਕ ਕਹਾਣੀ ਸੰਗ੍ਰਹਿ ਵੀ ਪ੍ਰਕਾਸ਼ਿਤ ਹੋ ਚੁੱਕਾ ਹੈ। ਉਸਦੀਆਂ ਮਿੰਨੀ ਕਹਾਣੀਆਂ ਹਿੰਦੀ ਵਿਚ ਵੀ ਅਨੁਵਾਦ ਹੋ ਕੇ ਛੱਪ ਚੁੱਕੀਆਂ ਹਨ। ਦਿੱਲੀ ਯੂਨੀਵਰਸਿਟੀ, ਦਿੱਲੀ ਦੇ ਬੀ.ਏ. ਦੇ ਪਾਠਕ੍ਰਮ ਅਤੇ ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਦੇ ਐੱਮ.ਏ. ਦੇ ਪਾਠਕ੍ਰਮ ਵਿਚ ਉਸਦੀਆ ਮਿੰਨੀ ਕਹਾਣੀਆਂ 'ਦਾੜ੍ਹੀ 'ਚ ਗੁਆਚੇ ਹੰਝੂ', 'ਗਰੀਬਾਂ ਦਾ ਗਹਿਣਾ', 'ਗਰੀਬਾਂ ਦੀਆਂ ਜਾਈਆਂ' ਅਤੇ 'ਸੇਕ' ਸ਼ਾਮਿਲ ਹਨ ਮੰਚ ਵੱਲੋਂ ਪਟਿਆਲਾ ਵਿਖੇ ਦੂਜੇ ਐਤਵਾਰ 9 ਫਰਵਰੀ 2025 ਨੂੰ ਪੰਜਾਬੀ ਸਾਹਿਤ ਸਭਾ ਰਜਿ. ਪਟਿਆਲਾ ਦੇ ਸਹਿਯੋਗ ਨਾਲ ਆਯੋਜਿਤ ਸਾਹਿਤਕ ਸਮਾਗਮ 'ਚ ਲੇਖਕ ਨੂੰ ਸਨਮਾਨਿਤ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਇਹ ਪੁਰਸਕਾਰ ਮੰਚ ਦੇ ਪ੍ਰਧਾਨ ਡਾ. ਹਰਪ੍ਰੀਤ ਸਿੰਘ ਰਾਣਾ ਵੱਲੋਂ ਆਪਣੀ ਸਵਰਗੀ ਮਾਤਾ ਦੀ ਯਾਦ ਵਿਚ ਸਾਲ 2001 ਤੋਂ ਹਰ ਸਾਲ ਇੱਕ ਉੱਘੇ ਮਿੰਨੀ ਕਹਾਣੀ ਲੇਖਕ ਨੂੰ ਨਿਰੰਤਰ ਦਿੱਤਾ ਜਾ ਰਿਹਾ ਹੈ। ਹੁਣ ਤੱਕ ਕ੍ਰਮਵਾਰ ਸਰਵਸ੍ਰੀ ਸਤਵੰਤ ਕੈਂਥ (2001), ਡਾ. ਅਮਰ ਕੋਮਲ (2002), ਕਰਮਵੀਰ ਸਿੰਘ ਸੂਰੀ (2003), ਪ੍ਰਿੰ. ਸੁਲੱਖਣ ਮੀਤ (2004), ਰਾਜਿੰਦਰ ਕੌਰ ਵੰਤਾ (2005), ਮੋਹਨ ਸ਼ਰਮਾ (2006), ਮਹਿਤਾਬ -ਉਦ-ਦੀਨ(2007), ਸ਼ਿਆਮ ਸੁੰਦਰ ਅਗਰਵਾਲ (2008), ਡਾ. ਸ਼ਿਆਮ ਸੁੰਦਰ ਦੀਪਤੀ (2009), ਅਨਵੰਤ ਕੌਰ (2010), ਅਵੱਲ ਸਰਹੱਦੀ (2011), ਸੁਖਚੈਨ ਸਿੰਘ ਭੰਡਾਰੀ (2012), ਡਾ. ਧਰਮਪਾਲ ਸਾਹਿਲ (2013), ਤ੍ਰਿਪਤ ਭੱਟੀ (2014), ਸੁਰਿੰਦਰ ਕੈਲੇ (2015), ਬਿਕਰਮਜੀਤ ਨੂਰ (2016), ਹਰਭਜਨ ਸਿੰਘ ਖੇਮਕਰਨੀ (2017), ਬਲਬੀਰ ਪਰਵਾਨਾ (2018), ਡਾ. ਹਰਨੇਕ ਸਿੰਘ ਕੈਲੇ (2019), ਡਾ. ਸੁਖਮਿੰਦਰ ਸੇਖੋਂ (2020), ਨਿਰੰਜਣ ਬੋਹਾ (2021), ਸੁਖਦੇਵ ਸਿੰਘ ਸ਼ਾਂਤ (2022), ਡਾ. ਬਲਦੇਵ ਸਿੰਘ ਖਹਿਰਾ (2023), ਸੁਰਿੰਦਰ ਮਕਸੂਦਪੁਰੀ (2024) ਨੂੰ ਪੁਰਸਕਾਰ ਦੇ ਸਨਮਾਨਿਤ ਕੀਤਾ ਜਾ ਚੁੱਕਾ ਹੈ।









# ਮਠਿਆਈ ਦਾ ਪੰਜਾਬ 'ਚ ਵਧਦਾ ਕਾਰੋਬਾਰ ਖੁਸ਼ੀਆਂ ਦੇ ਨਾਲ ਵੰਡ ਰਿਹੈ ਅਲਾਮਤਾਂ !

ਚੰਡੀਗੜ੍ਹ, (ਪੰਜਾਬ ਮੇਲ)- ਜਦੋਂ ਤੋਂ ਪੰਜਾਬੀ ਜੀਵਨ ਸ਼ੈਲੀ ਬਦਲੀ ਹੈ, ਉਦੋਂ ਤੋਂ ਅਲਾਮਤਾਂ ਦੀ ਚੜ੍ਹ ਮੱਚੀ ਹੈ। ਮਠਿਆਈ ਦਾ ਪੰਜਾਬ 'ਚ ਵਧਦਾ ਕਾਰੋਬਾਰ ਇੱਕੋ ਵੇਲੇ ਦੋ ਰੰਗ ਦਿਖਾ ਰਿਹਾ ਹੈ, ਹਲਵਾਈ ਵਧੀ ਵਿੱਕਰੀ ਤੋਂ ਖ਼ੁਸ਼ ਹਨ ਤੇ ਦੂਜੇ ਪਾਸੇ ਡਾਕਟਰਾਂ ਅੱਗਿਓਂ ਮਰੀਜ਼ਾਂ ਦੀ ਕਤਾਰ ਨਹੀਂ ਟੁੱਟ ਰਹੀ। ਮਠਿਆਈ ਦੇ ਸ਼ੌਕੀਨ ਹਰ ਸਾਲ 878.82 ਕਰੋੜ ਦਾ ਮਿੱਠਾ ਛਕ ਜਾਂਦੇ ਹਨ। ਵੱਡੇ ਸ਼ਹਿਰਾਂ 'ਚ ਵੱਡੇ-ਵੱਡੇ ਸਵੀਟ ਹਾਊਸ ਖੁੱਲ੍ਹੇ ਹਨ।

ਜਿੱਥੇ ਵੱਡੇ ਸਵੀਟ ਹਾਊਸ ਆਪੋ-ਆਪਣੀ ਪਛਾਣ ਰੱਖ ਰਹੇ ਹਨ, ਉੱਥੇ ਪੰਜਾਬੀਆਂ ਨੂੰ ਮੋਟਾਪੇ ਤੇ ਸ਼ੂਗਰ ਦੀ ਬਿਮਾਰੀ ਨੇ ਵੀ ਜੱਫਾ ਮਾਰ ਲਿਆ ਹੈ। ਕੁੱਝ ਵੀ ਹੋਵੇ, ਪੰਜਾਬ ਦੇ ਹਲਵਾਈ ਸੈਕਟਰ ਦਾ ਸਾਲ 2017-18 ਤੋਂ ਲੈ ਕੇ ਅਕਤੂਬਰ 2024 ਤੱਕ 6585.62 ਕਰੋੜ ਦਾ ਕਾਰੋਬਾਰ ਰਿਹਾ ਹੈ। ਸਾਲਾਨਾ ਔਸਤਨ 878.82 ਕਰੋੜ ਦਾ ਕਾਰੋਬਾਰ ਇਹ ਸੈਕਟਰ ਕਰ ਰਿਹਾ ਹੈ। ਹਾਲਾਂਕਿ ਇਸ ਕਾਰੋਬਾਰ 'ਚ ਇਕੱਲੀ ਮਠਿਆਈ ਨਹੀਂ, ਹੋਰ ਵੀ ਕਈ ਵੰਨਗੀਆਂ ਹੁੰਦੀਆ ਹਨ। ਵੇਰਵਿਆਂ ਮੁਤਾਬਕ ਸਾਲ 2017-18 'ਚ ਇਸ ਸੈਕਟਰ ਦਾ ਕਾਰੋਬਾਰ ਸਿਰਫ਼ 296.28 ਕਰੋੜ ਦਾ ਸੀ, ਜੋ ਸਾਲ 2023-24 'ਚ ਵਧ ਕੇ 1259.89 ਕਰੋੜ ਦਾ ਹੋ ਗਿਆ ਹੈ। ਇਸ ਵਧਦੇ ਕਾਰੋਬਾਰ ਸਦਕਾ ਛੋਟੇ ਪੱਧਰ 'ਤੇ ਕੰਮ ਸ਼ੁਰੂ ਕਰਕੇ ਕਈ ਲੋਕ ਅੱਜ ਸ਼ਹਿਰਾਂ 'ਚ ਆਪਣੇ ਸਵੀਟ

- **ਹਰ ਸਾਲ 878.82 ਕਰੋੜ ਦਾ ਮਿੱਠਾ ਛਕ ਜਾਂਦੇ ਨੇ ਮਠਿਆਈਆਂ ਦੇ ਸ਼ੌਕੀਨ ਪੰਜਾਬੀ**
- **ਸਾਲਾਨਾ ਔਸਤ ਸੌ ਕਰੋੜ ਦਾ ਕਾਰੋਬਾਰ; ਸੂਬੇ 'ਚ ਮਠਿਆਈ ਦਾ ਕਾਰੋਬਾਰ ਵਧਿਆ**
- **ਜੀ.ਐੱਸ.ਟੀ. ਤਾਰਨ ਵਾਲੇ ਸਿਰਫ਼ 1,540 ਕਾਰੋਬਾਰੀ**

ਹਾਊਸ ਖੋਲ੍ਹਣ 'ਚ ਸਫਲ ਹੋਏ ਹਨ। ਹਾਲਾਂਕਿ ਸੂਬਾ ਸਰਕਾਰ ਨੂੰ ਜੀ.ਐੱਸ.ਟੀ. ਤਾਰਨ ਵਾਲੇ ਸਿਰਫ਼ 1,540 ਕਾਰੋਬਾਰੀ ਹੀ ਹਨ। ਟੈਕਸ ਨਾ ਤਾਰਨ ਵਾਲੇ ਇਨ੍ਹਾਂ ਕਾਰੋਬਾਰੀ ਲੋਕਾਂ ਦੀ ਸੂਚੀ ਕਿਤੇ ਲੰਮੀ ਹੈ।

ਹਲਵਾਈ ਸੈਕਟਰ 'ਚ ਜ਼ਿਲ੍ਹਾ ਲੁਧਿਆਣਾ 'ਚ ਸਭ ਤੋਂ ਵੱਧ 317 ਕਾਰੋਬਾਰੀ ਰਜਿਸਟਰਡ ਹਨ। ਦੂਜਾ ਨੰਬਰ ਜ਼ਿਲ੍ਹਾ ਮੁਹਾਲੀ ਦਾ ਹੈ, ਜਿੱਥੇ ਇਸ ਕੰਮ ਵਾਲੇ 158 ਕਾਰੋਬਾਰੀ ਹਨ, ਜਦਕਿ 105 ਕਾਰੋਬਾਰੀਆਂ ਨਾਲ ਬਠਿੰਡਾ ਜ਼ਿਲ੍ਹਾ ਤੀਜੇ ਸਥਾਨ 'ਤੇ ਹੈ। ਸਵੀਟ ਹਾਊਸਜ਼ ਦੀ ਨਵੀਂ ਹੱਬ ਵਜੋਂ ਬਠਿੰਡਾ ਉੱਭਰਨ ਲੱਗਾ ਹੈ। ਖ਼ੁਸ਼ੀ ਗ਼ਮੀ ਦੇ ਸਮਾਗਮਾਂ ਵਿਚ 'ਫਿੱਕੀ ਚਾਹ' ਦੀ ਮੌਜੂਦਗੀ ਹੁਣ ਪੰਜਾਬੀਆਂ ਨੂੰ ਚੌਕਸ ਵੀ ਕਰ ਰਹੀ ਹੈ। ਹੱਸਦਾ ਪੰਜਾਬ ਦੇ ਵੇਲਿਆਂ ਦਾ ਪੰਜਾਬੀ ਕਿਧਰੇ ਨਜ਼ਰ ਨਹੀਂ ਪੈ ਰਿਹਾ ਹੈ। ਨਾ ਓਹ ਖ਼ੁਰਾਕਾਂ ਰਹੀਆਂ ਹਨ ਅਤੇ ਨਾ ਹੀ ਲੋਕਾਂ ਦੇ ਜੁੱਸੇ ਰਹੇ ਹਨ। ਚਾਲੂ ਵਿੱਤੀ ਵਰ੍ਹੇ ਦੇ ਪਹਿਲੇ ਸੱਤ ਮਹੀਨਿਆਂ 'ਚ ਪੰਜਾਬ 'ਚ ਮਠਿਆਈ ਸੈਕਟਰ ਦਾ ਕਾਰੋਬਾਰ 772.18 ਕਰੋੜ ਦਾ ਰਿਹਾ ਹੈ ਜਿਸ ਤੋਂ ਪਿਛਲੇ ਵਰ੍ਹੇ ਦਾ ਰਿਕਾਰਡ ਟੁੱਟਦਾ ਨਜ਼ਰ ਆ ਰਿਹਾ ਹੈ। ਮਠਿਆਈਆਂ 'ਤੇ ਖ਼ਰਚ ਕਰਨ ਵਾਲਾ ਇੱਕ ਵੱਡਾ ਤਬਕਾ ਸ਼ਹਿਰੀ ਖੇਤਰ ਦਾ ਹੈ। ਉਂਜ, ਵੱਡੇ ਪਿੰਡਾਂ ਵਿਚ ਵੀ ਹੁਣ ਸਵੀਟ ਹਾਊਸ ਖੁੱਲ੍ਹ ਗਏ ਹਨ। ਕੌਮੀ ਕੰਪਨੀਆਂ ਨੇ ਵੀ ਹਰ ਸੂਬੇ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਪੰਜਾਬ 'ਚ ਜ਼ਿਲ੍ਹਾ ਲੁਧਿਆਣਾ 'ਚ ਸਾਲ 2023-24 'ਚ ਮਠਿਆਈ ਦਾ 422.76 ਕਰੋੜ ਜਦਕਿ ਜ਼ਿਲ੍ਹਾ ਮੁਹਾਲੀ 'ਚ 190.42 ਕਰੋੜ ਦਾ ਕਾਰੋਬਾਰ ਹੋਇਆ ਹੈ। ਇਸੇ ਤਰ੍ਹਾਂ ਜਲੰਧਰ 'ਚ 181.55 ਕਰੋੜ ਦਾ, ਹੁਸ਼ਿਆਰਪੁਰ 'ਚ 41.78 ਕਰੋੜ ਦਾ, ਬਠਿੰਡਾ ਵਿਚ 31.07 ਕਰੋੜ ਅਤੇ ਪਠਾਨਕੋਟ ਵਿਚ 39.97 ਕਰੋੜ ਦਾ ਕਾਰੋਬਾਰ ਲੰਘੇ ਇੱਕ ਸਾਲ 'ਚ ਹੋਇਆ ਹੈ। ਜਲੰਧਰ ਦੇ ਇੱਕ ਸਵੀਟ ਹਾਊਸ ਨੇ ਸਭ ਤੋਂ ਵੱਧ 113 ਕਰੋੜ ਦਾ ਕਾਰੋਬਾਰ ਕੀਤਾ ਹੈ ਜਦੋਂ ਕਿ ਲੁਧਿਆਣਾ ਦੀ ਇੱਕ ਮਸ਼ਹੂਰ ਮਠਿਆਈ ਦੀ ਦੁਕਾਨ ਨੇ 69.61 ਕਰੋੜ ਦੀ ਵਿੱਕਰੀ ਕੀਤੀ ਹੈ। ਮੁਹਾਲੀ ਦੀ ਇੱਕ ਮਠਿਆਈ ਦੀ ਚੇਨ ਵਾਲੇ ਸ਼ੋਅ ਰੂਮ ਨੇ 52.18 ਕਰੋੜ ਦਾ ਕਾਰੋਬਾਰ ਕੀਤਾ ਹੈ। ਹਾਲਾਂਕਿ ਮਠਿਆਈ ਦੇ ਕਾਰੋਬਾਰ 'ਚੋਂ ਖ਼ਜ਼ਾਨੇ ਨੂੰ ਸਾਢੇ ਸੱਤ ਸਾਲਾਂ 'ਚ ਸਿਰਫ਼ 35 ਕੁ ਕਰੋੜ ਦੇ ਟੈਕਸਾਂ ਦੀ ਹੀ ਆਮਦਨ ਹੋਈ ਹੈ।

ਪੰਜਾਬ 'ਚ ਕੇਟਰਿੰਗ ਦੇ 769 ਕਾਰੋਬਾਰੀ ਹਨ, ਜਿਨ੍ਹਾਂ ਨੇ ਸਾਢੇ ਸੱਤ ਸਾਲਾਂ 'ਚ 703.96 ਕਰੋੜ ਦਾ ਕਾਰੋਬਾਰ ਕੀਤਾ ਹੈ। ਸਭ ਤੋਂ ਵੱਧ ਮੁਹਾਲੀ ਵਿਚ 185 ਅਤੇ ਪਟਿਆਲਾ 'ਚ 149 ਕੇਟਰਿੰਗ ਫ਼ਰਮਾਂ ਹਨ। ਲੰਘੇ ਵਰ੍ਹੇ ਪਟਿਆਲਾ 'ਚ ਸਭ ਤੋਂ ਵੱਧ 47.03 ਕਰੋੜ ਦਾ ਕੇਟਰਿੰਗ ਕਾਰੋਬਾਰ ਹੋਇਆ ਹੈ। ਅੰਮ੍ਰਿਤਸਰ ਦੀ ਇੱਕ ਫ਼ਰਮ ਨੇ 11.24 ਕਰੋੜ ਦਾ ਕੇਟਰਿੰਗ ਕਾਰੋਬਾਰ ਕੀਤਾ ਹੈ।

ਦੂਸਰਾ ਪਾਸਾ ਦੇਖੀਏ ਤਾਂ ਡਾਕਟਰ ਮਿੱਠੇ ਨੂੰ 'ਜ਼ਹਿਰ' ਦਾ ਲਕਬ ਦਿੰਦੇ ਹਨ, ਜੋ ਮੋਟਾਪੇ ਤੇ ਸ਼ੂਗਰ ਨੂੰ ਸੱਦਾ ਦਿੰਦਾ ਹੈ। ਕੁੱਝ ਸਾਲ ਪਹਿਲਾਂ ਹੀ ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ ਨੇ 15 ਸੂਬਿਆਂ ਦਾ ਸਰਵੇਖਣ ਕੀਤਾ ਸੀ, ਜਿਸ 'ਚ ਪੰਜਾਬ 'ਚ 8.7 ਫ਼ੀਸਦੀ ਸ਼ੂਗਰ ਦੀ ਬਿਮਾਰੀ ਤੋਂ ਪੀੜਤ ਪਾਏ ਗਏ ਸਨ। ਪੰਜਾਬ 'ਚ 872 ਆਮ ਆਦਮੀ ਕਲੀਨਿਕ ਹਨ, ਜਿਨ੍ਹਾਂ ਵਿਚ 72 ਲੱਖ ਟੈਸਟ ਹੋਏ ਹਨ। ਇਨ੍ਹਾਂ ਟੈਸਟਾਂ ਵਿਚ 8.5 ਫ਼ੀਸਦੀ ਲੋਕਾਂ ਨੂੰ ਹਾਈ ਸ਼ੂਗਰ ਆਈ ਹੈ। ਮਤਲਬ ਇਹ ਹੋਇਆ ਕਿ ਪੰਜਾਬ ਦਾ ਹਰ ਨੌਂਵਾਂ ਵਿਅਕਤੀ ਸ਼ੂਗਰ ਦੀ ਬਿਮਾਰੀ ਤੋਂ ਪੀੜਤ ਹੈ। ਇੱਕ ਰਿਪੋਰਟ ਵਿਚ 18.8 ਫ਼ੀਸਦੀ ਪੰਜਾਬੀ ਮੋਟਾਪੇ ਦਾ ਸ਼ਿਕਾਰ ਨਿਕਲੇ ਹਨ। ਇਹੋ ਕਾਰਨ ਹੈ ਕਿ ਹੁਣ ਮਠਿਆਈ ਦੀਆਂ ਦੁਕਾਨਾਂ 'ਤੇ ਨਾਲੋ-ਨਾਲ 'ਸ਼ੂਗਰ ਫ਼ਰੀ' ਮਠਿਆਈ ਵੀ ਮਿਲਣ ਲੱਗੀ ਹੈ।

# ਕਾਨੂੰਨੀ ਤੌਰ 'ਤੇ ਅਮਰੀਕਾ ਆਉਣਾ ਹੋਵੇਗਾ ਸੌਖਾ; ਟਰੰਪ



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਹ ਓਵਲ ਦਫਤਰ ਵਿਚ ਦਾਖਲ ਹੋਣ ਤੋਂ ਬਾਅਦ ਸਾਰੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੀ ਆਪਣੀ ਯੋਜਨਾ 'ਤੇ ਅੱਗੇ ਵਧਣਗੇ ਅਤੇ ਨਾਲ ਹੀ ਕਿਹਾ ਕਿ ਉਹ ਲੋਕਾਂ ਲਈ ਅਮਰੀਕਾ ਆਉਣਾ ਆਸਾਨ ਬਣਾ ਦੇਣਗੇ, ਜੋ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਦਾਖਲ ਹੁੰਦੇ ਹਨ। ਟਰੰਪ ਦਾ ਇਹ ਕਦਮ ਉਨ੍ਹਾਂ ਭਾਰਤੀਆਂ ਲਈ ਮਦਦਗਾਰ ਹੋ ਸਕਦਾ ਹੈ, ਜੋ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਆਉਂਦੇ ਹਨ।

ਟਰੰਪ ਨੇ ਐੱਨ.ਬੀ.ਸੀ. ਨਿਊਜ਼ ਨੂੰ ਦਿੱਤੇ ਇੱਕ ਇੰਟਰਵਿਊ ਵਿਚ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿ ਰਹੇ ਪ੍ਰਵਾਸੀਆਂ ਨੂੰ ਇੱਥੋਂ ਕੱਢਣ ਦੀ ਆਪਣੀ ਯੋਜਨਾ 'ਤੇ ਗੱਲ ਕੀਤੀ। ਇੰਟਰਵਿਊ ਵਿਚ ਜਦੋਂ ਇਹ ਪੁੱਛਿਆ ਗਿਆ ਕਿ ਕੀ ਉਹ 4 ਸਾਲਾਂ ਤੋਂ ਇੱਥੇ ਗੈਰ-ਕਾਨੂੰਨੀ ਤੌਰ 'ਤੇ ਰਹਿਣ ਵਾਲੇ ਹਰ ਵਿਅਕਤੀ ਨੂੰ ਦੇਸ਼ ਨਿਕਾਲਾ ਦੇਣ ਦੀ ਯੋਜਨਾ ਬਣਾ ਰਹੇ ਹਨ। ਇਸ 'ਤੇ ਟਰੰਪ ਨੇ ਕਿਹਾ, "ਮੈਨੂੰ ਲਗਦਾ ਹੈ ਕਿ ਤੁਹਾਨੂੰ ਇਹ ਕਰਨਾ ਪਏਗਾ। ਤੁਹਾਡੇ ਕੋਲ ਕੁਝ ਨਿਯਮ, ਕਾਨੂੰਨ ਹੋਣੇ ਚਾਹੀਦੇ ਹਨ। ਉਹ ਗੈਰ-ਕਾਨੂੰਨੀ ਤੌਰ 'ਤੇ ਆ ਗਏ ਅਤੇ ਕੁਝ ਲੋਕ ਪਿਛਲੇ 10 ਸਾਲਾਂ ਤੋਂ ਕਾਨੂੰਨੀ ਤਰੀਕੇ ਨਾਲ ਦੇਸ਼ 'ਚ ਆਉਣ ਲਈ ਇੰਤਜ਼ਾਰ ਕਰ ਰਹੇ ਹਨ। ਇਹ ਉਨ੍ਹਾਂ ਨਾਲ ਬੇਇਨਸਾਫ਼ੀ ਹੈ। ਅਸੀਂ ਉਨ੍ਹਾਂ ਲੋਕਾਂ ਲਈ ਇੱਥੇ ਆਉਣਾ ਬਹੁਤ ਆਸਾਨ ਬਣਾਉਣ ਜਾ ਰਹੇ ਹਾਂ। ਇਸ ਲਈ ਉਨ੍ਹਾਂ ਨੂੰ ਟੈਸਟ ਵਿਚੋਂ ਲੰਘਣਾ ਪਵੇਗਾ। ਉਨ੍ਹਾਂ ਨੂੰ ਸਿਰਫ਼ ਇਹ ਦੱਸਣ ਦੇ ਯੋਗ ਹੋਣਾ ਚਾਹੀਦਾ ਹੈ ਕਿ ਸਟੈਚੂ ਆਫ਼ ਲਿਬਰਟੀ ਕੀ ਹੈ। ਉਨ੍ਹਾਂ ਨੂੰ ਅਮਰੀਕਾ ਬਾਰੇ ਥੋੜ੍ਹਾ ਜਿਹਾ ਪਤਾ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਸਾਡੇ ਦੇਸ਼ ਨੂੰ ਪਿਆਰ ਕਰਨਾ ਹੋਵੇਗਾ।"

ਟਰੰਪ ਨੇ ਅੱਗੇ ਕਿਹਾ, "ਅਸੀਂ ਅਮਰੀਕਾ ਵਿਚ ਅਜਿਹੇ ਲੋਕ ਨਹੀਂ ਚਾਹੁੰਦੇ, ਜਿਨ੍ਹਾਂ 'ਤੇ ਕਤਲ ਦੇ ਮਾਮਲੇ ਹਨ। ਪਿਛਲੇ 3 ਸਾਲਾਂ ਵਿਚ ਅਮਰੀਕਾ ਵਿਚ 13,099 ਕਾਤਲਾਂ ਨੂੰ ਰਿਹਾਅ ਕੀਤਾ ਗਿਆ ਹੈ। ਉਹ ਸੜਕਾਂ 'ਤੇ ਖੁੱਲ੍ਹੇਆਮ ਘੁੰਮ ਰਹੇ ਹਨ। ਉਹ ਤੁਹਾਡੇ ਅਤੇ ਤੁਹਾਡੇ ਪਰਿਵਾਰ ਨਾਲ ਘੁੰਮ ਰਹੇ ਹਨ। ਉਹ ਬਹੁਤ ਖ਼ਤਰਨਾਕ ਹਨ। ਤੁਸੀਂ ਆਪਣੇ ਦੇਸ਼ ਵਿਚ ਅਜਿਹੇ ਲੋਕਾਂ ਨੂੰ ਨਹੀਂ ਚਾਹੋਗੇ। ਮੈਂ ਇਹ ਕਹਿ ਰਿਹਾ ਹਾਂ ਕਿ ਸਾਨੂੰ ਅਪਰਾਧੀਆਂ ਨੂੰ ਦੇਸ਼ ਵਿਚੋਂ ਕੱਢਣਾ ਪਏਗਾ। ਸਾਨੂੰ ਮਾਨਸਿਕ ਸਿਹਤ ਸਹੂਲਤਾਂ ਤੋਂ ਕੱਢੇ ਗਏ ਲੋਕਾਂ ਨੂੰ ਘਰ ਵਾਪਸ ਭੇਜਣਾ ਪਏਗਾ, ਭਾਵੇਂ ਉਹ ਕਿਸੇ ਵੀ ਦੇਸ਼ ਤੋਂ ਹੋਣ।" ਟਰੰਪ ਨੇ ਨਾਲ ਹੀ ਸਪੱਸ਼ਟ ਕੀਤਾ ਕਿ ਦੇਸ਼ ਨਿਕਾਲੇ ਦੀ ਸੂਚੀ ਵਿਚ ਉਨ੍ਹਾਂ ਦੀ ਤਰਜੀਹ ਅਜਿਹੇ ਅਪਰਾਧੀਆਂ ਦੀ ਹੋਵੇਗੀ। ਸਭ ਤੋਂ ਪਹਿਲਾਂ ਅਸੀਂ ਅਪਰਾਧੀਆਂ 'ਤੇ ਕਾਰਵਾਈ ਕਰਾਂਗੇ।

# ਏਅਰ ਕੈਨੇਡਾ ਵੱਲੋਂ ਯਾਤਰੀਆਂ ਨੂੰ ਝਟਕਾ; ਬੈਗ ਲਿਜਾਣ 'ਤੇ ਫੀਸ ਕੀਤੀ ਲਾਗੂ

ਟੋਰਾਂਟੋ, (ਪੰਜਾਬ ਮੇਲ)- ਏਅਰ ਕੈਨੇਡਾ ਨੇ ਆਪਣੇ ਯਾਤਰੀਆਂ ਨੂੰ ਵੱਡਾ ਝਟਕਾ ਦਿੱਤਾ ਹੈ। ਏਅਰ ਕੈਨੇਡਾ ਨੇ ਤਾਜ਼ਾ ਐਲਾਨ ਵਿਚ 3 ਜਨਵਰੀ, 2025 ਤੋਂ ਲੈਪਟਾਪ ਜਾਂ ਹੋਰ ਨਿਜੀ ਵਸਤਾਂ ਵਾਲੇ ਬੈਗ ਲਿਜਾਣ 'ਤੇ ਫੀਸ ਲਾਗੂ ਕਰ ਦਿੱਤੀ ਹੈ। ਪਹਿਲੇ ਬੈਗ ਲਈ 35 ਡਾਲਰ ਅਤੇ ਦੂਜੇ ਬੈਗ ਲਈ 50 ਡਾਲਰ ਫੀਸ ਤੈਅ ਕੀਤੀ ਗਈ ਹੈ ਅਤੇ ਬਗੈਰ ਫ਼ੀਸ ਅਦਾਇਗੀ ਤੋਂ ਜਹਾਜ਼ ਦੇ ਦਰਵਾਜ਼ੇ ਤੱਕ ਪੁੱਜਣ ਵਾਲਿਆਂ ਨੂੰ 35 ਡਾਲਰ ਦੀ ਬਜਾਏ 65 ਡਾਲਰ ਅਦਾ ਕਰਨੇ ਹੋਣਗੇ।

ਨਵੇਂ ਨਿਯਮ ਸਸਤੀਆਂ ਟਿਕਟਾਂ ਵਾਲੇ ਰੂਟਾਂ 'ਤੇ ਲਾਗੂ ਕੀਤੇ ਜਾ ਰਹੇ ਹਨ। ਏਅਰਲਾਈਨ ਵੱਲੋਂ ਜਾਰੀ ਬਿਆਨ ਮੁਤਾਬਕ ਉਤਰੀ ਅਮਰੀਕਾ ਅਤੇ ਯੂਰਪ ਦੇ ਕਈ ਮੁਲਕਾਂ ਵੱਲ ਜਾਣ ਲਈ ਸਸਤੀਆਂ ਟਿਕਟਾਂ ਖਰੀਦਣ ਵਾਲਿਆਂ ਨੂੰ ਸਿਰਫ ਇਕ ਨਿੱਜੀ ਵਸਤੂ ਲਿਜਾਣ ਦੀ ਇਜਾਜ਼ਤ ਹੋਵੇਗੀ। ਨਿੱਜੀ ਵਸਤਾਂ ਵਿਚ ਬੀਬੀਆਂ ਦੇ ਪਰਸ, ਛੋਟੇ ਬੈਗ, ਲੈਪਟੌਪ ਬੈਗ ਅਤੇ ਉਹ ਚੀਜ਼ਾਂ ਸ਼ਾਮਲ ਹੋਣਗੀਆਂ, ਜੋ ਸਾਹਮਣੇ ਵਾਲੀ ਸੀਟ ਦੇ ਹੇਠਾਂ ਰੱਖੀਆਂ ਜਾ ਸਕਦੀਆਂ ਹਨ। ਸੀਟ ਦੇ ਉਪਰ ਵਾਲੇ ਕੰਪਾਰਟਮੈਂਟ ਵਿਚ ਰੱਖੀਆਂ ਜਾਣ ਵਾਲੀਆਂ ਵਸਤਾਂ ਦੇ ਏਵਜ਼ ਵਿਚ ਫੀਸ ਵਸੂਲ ਕੀਤੀ ਜਾਵੇਗੀ।

ਪਹਿਲੇ ਬੈਗ ਲਈ 35 ਡਾਲਰ ਅਤੇ ਦੂਜੇ ਪਾਸੇ 50 ਡਾਲਰ ਫੀਸ ਲੱਗੇਗੀ। ਸਿਰਫ ਐਨਾ ਹੀ ਨਹੀਂ, ਏਅਰ ਕੈਨੇਡਾ ਦੇ ਯਾਤਰੀਆਂ ਲਈ ਮੁਫ਼ਤ ਵਿਚ ਸੀਟ ਬਦਲਣ ਦੀ ਰਿਆਇਤ ਵੀ ਖ਼ਤਮ ਕੀਤੀ ਜਾ

- **ਨਵੇਂ ਨਿਯਮ ਸਸਤੀਆਂ ਟਿਕਟਾਂ ਵਾਲੇ ਰੂਟਾਂ 'ਤੇ ਲਾਗੂ**





ਰਹੀ ਹੈ। 21 ਜਨਵਰੀ, 2025 ਤੋਂ ਜਿਹੜੇ ਮੁਸਾਫ਼ਰ ਮੁੱਢਲੇ ਕਿਰਾਏ 'ਤੇ ਸਫ਼ਰ ਕਰ ਰਹੇ ਹੋਣਗੇ, ਉਨ੍ਹਾਂ ਨੂੰ ਸੀਟ ਬਦਲਣ ਦੇ ਏਵਜ਼ ਵਿਚ ਫੀਸ ਅਦਾ ਕਰਨੀ ਹੋਵੇਗੀ। ਫੀਸ ਦੀ ਰਕਮ ਸਬੰਧਤ ਯਾਤਰੀ ਵੱਲੋਂ ਚੁਣੀ ਜਾਣ ਵਾਲੀ ਨਵੀਂ ਸੀਟ 'ਤੇ ਨਿਰਭਰ ਕਰੇਗੀ। ਏਅਰਲਾਈਨ ਵੱਲੋਂ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਯਾਤਰੀਆਂ ਵੱਲੋਂ ਆਪਣੇ ਪੱਧਰ 'ਤੇ ਸੀਟਾਂ ਬਦਲਣ ਦੇ ਏਵਜ਼ 'ਚ ਕੋਈ ਫੀਸ ਵਸੂਲੀ ਜਾ ਸਕਦੀ ਹੈ ਜਾਂ ਨਹੀਂ।

ਏਅਰ ਕੈਨੇਡਾ ਦੀਆਂ ਤਾਜ਼ਾ ਤਬਦੀਲੀਆਂ ਵੈਸਟਜੈਟ ਦੀ ਵਿਵਾਦਤ ਅਲਟਰਾ ਬੇਸਿਕ ਟਿਕਟ ਤੋਂ ਬਾਅਦ ਆਈਆਂ ਹਨ। ਵੈਸਟਜੈਟ ਦੀ ਇਸ ਸ਼੍ਰੇਣੀ ਵਿਚ ਯਾਤਰੀਆਂ ਨੂੰ ਬਗੈਰ ਫੀਸ ਤੋਂ ਕੋਈ ਕੈਰੀਔਨ ਬੈਗ ਲਿਜਾਣ ਦੀ ਇਜਾਜ਼ਤ ਨਹੀਂ ਹੈ। ਏਅਰ ਕੈਨੇਡਾ ਨੇ ਦਾਅਵਾ ਕੀਤਾ ਹੈ ਕਿ ਲਗੇਜ ਦੇ ਮਾਮਲੇ ਵਿਚ ਲਾਗੂ ਕੀਤੀਆਂ ਜਾ ਰਹੀਆਂ ਤਬਦੀਲੀਆਂ ਹੋਰਨਾਂ ਏਅਰਲਾਈਨਜ਼ ਵੱਲੋਂ ਕੀਤੀ ਜਾ ਰਹੀ ਪੇਸ਼ਕਸ਼ ਦੇ ਬਿਲਕੁਲ ਬਰਾਬਰ ਹਨ। ਉਧਰ ਮੁਸਾਫ਼ਰਾਂ ਵੱਲੋਂ ਏਅਰ ਕੈਨੇਡਾ ਵੱਲੋਂ ਲਾਗੂ ਫੀਸ ਨੂੰ ਗੈਰਵਾਜਬ ਕਰਾਰ ਦਿੱਤਾ ਗਿਆ। ਟੋਰਾਂਟੋ ਦੇ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਤੋਂ ਫਲੋਰਿਡਾ ਜਾ ਰਹੀ ਐਨੀ ਕਰੇਟਨ ਨੇ ਕਿਹਾ ਕਿ ਜਦੋਂ ਕਿਰਾਇਆ ਹੀ ਅਦਾ ਕਰ ਦਿੱਤਾ ਤਾਂ ਛੋਟੀਆਂ-ਛੋਟੀਆਂ ਚੀਜ਼ਾਂ ਲਈ ਵੱਖਰੀ ਫੀਸ ਕਿਉਂ।

ਯਾਤਰੀਆਂ ਦਾ ਕਹਿਣਾ ਸੀ ਕਿ ਬੇਹੱਦ ਘੱਟ ਕਿਰਾਏ 'ਤੇ ਹਵਾਈ ਸਫ਼ਰ ਕਰਵਾਉਣ ਵਾਲੀ ਫਲੇਅਰ ਏਅਰਲਾਈਨਜ਼ ਵੱਲੋਂ ਅਜਿਹਾ ਕੋਈ ਨਿਯਮ ਲਾਗੂ ਕੀਤਾ ਜਾਂਦਾ, ਤਾਂ ਸਮਝ ਵੀ ਆਉਂਦਾ ਪਰ ਏਅਰ ਕੈਨੇਡਾ ਤੋਂ ਅਜਿਹੀ ਉਮੀਦ ਨਹੀਂ ਸੀ। ਦੱਸ ਦੇਈਏ ਕਿ ਪੋਰਟਰ, ਫਲੇਅਰ ਅਤੇ ਸਨਵਿੰਗ ਵੱਲੋਂ ਕੈਰੀ ਔਨ ਲਗੇਜ 'ਤੇ ਫੀਸ ਵਸੂਲ ਕੀਤੀ ਜਾਂਦੀ ਹੈ। ਇਸੇ ਦੌਰਾਨ ਯਾਰਕ ਯੂਨੀਵਰਸਿਟੀ ਦੇ ਸ਼ੁਲਿਚ ਸਕੂਲ ਆਫ਼ ਬਿਜ਼ਨਸ ਵਿਚ ਇਕਨੌਮਿਕਸ ਦੇ ਐਸੋਸੀਏਟ ਪ੍ਰੋਫੈਸਰ ਫਰੈਡ ਲਾਜ਼ਾਰ ਦਾ ਕਹਿਣਾ ਸੀ ਕਿ ਅਜਿਹੀ ਫੀਸ 'ਤੇ ਲੰਮੇ ਸਮੇਂ ਤੋਂ ਵਿਚਾਰ ਕੀਤਾ ਜਾ ਰਿਹਾ ਸੀ ਕਿਉਂਕਿ ਵੱਡੀ ਗਿਣਤੀ ਵਿਚ ਫਲਾਈਟਸ ਸਿਰਫ ਇਸ ਕਰ ਕੇ ਲੇਟ ਹੁੰਦੀਆਂ ਹਨ ਕਿਉਂਕਿ ਕਈ ਲੋਕ ਕੈਰੀ ਔਨ ਲਗੇਜ ਦੀ ਸਕ੍ਰੀਨਿੰਗ ਨਹੀਂ ਕਰਵਾਉਂਦੇ ਅਤੇ ਪ੍ਰਕਿਰਿਆ ਨੂੰ ਪੂਰਾ ਕਰਦਿਆਂ ਸਮਾਂ ਲੱਗ ਜਾਂਦਾ ਹੈ।

## ਯੂ.ਕੇ. ਵੱਲੋਂ ਮਾਰਚ 2025 ਤੱਕ ਈ-ਵੀਜ਼ਾ ਤਬਦੀਲੀ ਲਈ ਗ੍ਰੇਸ ਪੀਰੀਅਡ ਦਾ ਐਲਾਨ

ਬ੍ਰਿਟੇਨ, (ਪੰਜਾਬ ਮੇਲ)- ਯੂ.ਕੇ. ਨੇ ਅੰਤਰਰਾਸ਼ਟਰੀ ਯਾਤਰਾ ਲਈ ਮਿਆਦ ਪੁੱਗ ਚੁੱਕੇ ਭੌਤਿਕ ਦਸਤਾਵੇਜ਼ਾਂ ਨੂੰ ਆਨਲਾਈਨ ਈ-ਵੀਜ਼ਾ ਪ੍ਰਣਾਲੀ ਵਿਚ ਸਵਿੱਚ ਕਰਨ (ਬਦਲਣ) ਦੀ ਇਜਾਜ਼ਤ ਦੇਣ ਲਈ ਮਾਰਚ 2025 ਤੱਕ ਦੇ ਗਰੇਸ ਪੀਰੀਅਡ ਦਾ ਐਲਾਨ ਕੀਤਾ ਹੈ। ਗ੍ਰਹਿ ਮੰਤਰਾਲਾ ਵੱਲੋਂ ਚਲਾਏ ਜਾ ਰਹੇ ਅਭਿਆਨ ਤਹਿਤ ਸਾਰੇ ਵੀਜ਼ਾ ਧਾਰਕਾਂ, ਜਿਨ੍ਹਾਂ ਵਿਚ ਕਈ ਭਾਰਤੀ ਵੀ ਸ਼ਾਮਲ ਹਨ, ਨੂੰ ਭੌਤਿਕ ਬਾਇਓਮੈਟ੍ਰਿਕ ਨਿਵਾਸ ਪਰਮਿਟ (ਬੀ.ਆਰ.ਪੀ.), ਵੀਜ਼ਾ ਵਿਗਨੇਟ ਸਟਿੱਕਰ ਜਾਂ ਸਿਆਹੀ ਸਟੈਂਪ ਯੁਕਤ ਪਾਸਪੋਰਟ, ਜੋ ਦੇਸ਼ ਵਿਚ ਉਨ੍ਹਾਂ ਦੇ ਪ੍ਰਵੇਸ਼ ਕਰਨ/ਰਹਿਣ ਦੀ ਪੁਸ਼ਟੀ ਕਰਦਾ ਹੈ, ਜਾਂ ਉਨ੍ਹਾਂ ਦੇ ਇਮੀਗ੍ਰੇਸ਼ਨ ਅਧਿਕਾਰਾਂ ਦੇ ਸਬੂਤ ਵਜੋਂ ਬਾਇਓਮੈਟ੍ਰਿਕ ਨਿਵਾਸ ਕਾਰਡ (ਬੀ.ਆਰ.ਸੀ.) ਦੀ ਵਰਤੋਂ ਕਰਦੇ ਹੋਏ ਈ-ਵੀਜ਼ਾ ਵਿਚ ਸਵਿੱਚ ਕਰਨ ਲਈ ਦਸੰਬਰ ਦੇ ਅੰਤ ਤੱਕ ਦਾ ਸਮਾਂ ਦਿੱਤਾ ਗਿਆ ਸੀ। ਜਦੋਂ ਕਿ ਗ੍ਰਹਿ ਮੰਤਰਾਲਾ ਦਾ ਦਾਅਵਾ ਹੈ ਕਿ 3.1 ਮਿਲੀਅਨ ਤੋਂ ਵੱਧ ਲੋਕ ਪਹਿਲਾਂ ਹੀ ਈ-ਵੀਜ਼ਾ ਵਿਚ ਸਵਿੱਚ ਕਰ ਚੁੱਕੇ ਹਨ। ਮੰਨਿਆ ਜਾ ਰਿਹਾ ਹੈ ਕਿ ਕਈ ਅਜਿਹੇ ਲੋਕ ਵੀ ਹਨ, ਜੋ ਤਕਨੀਕੀ ਸਮੱਸਿਆਵਾਂ ਅਤੇ ਹੋਰ ਕਾਰਨਾਂ ਕਰਕੇ ਸਾਲ ਦੇ ਅੰਤ ਤੱਕ ਸਮਾਂ-ਸੀਮਾ ਨੂੰ ਪੂਰਾ ਕਰਨ ਵਿਚ ਅਸਮਰੱਥ ਰਹੇ ਹਨ।

ਯੂ.ਕੇ. ਦੀ ਮਾਈਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਮੰਤਰੀ ਸੀਮਾ ਮਲਹੋਤਰਾ ਨੇ ਕਿਹਾ, ਜਿਨ੍ਹਾਂ ਲੋਕਾਂ ਨੇ ਅਜੇ ਈ-ਵੀਜ਼ਾ ਵਿਚ ਸਵਿੱਚ ਨਹੀਂ ਕੀਤਾ ਹੈ ਅਤੇ ਅਸੀਂ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਅਜਿਹਾ ਕਰਨ ਲਈ ਉਤਸ਼ਾਹਿਤ ਕਰਾਂਗੇ।

# ਕੈਨੇਡਾ-ਮੈਕਸੀਕੋ ਨੂੰ ਅਮਰੀਕਾ ਦਾ ਹਿੱਸਾ ਬਣ ਜਾਣਾ ਚਾਹੀਦੈ : ਟਰੰਪ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਆਪਣੇ ਗੁਆਂਢੀ ਦੇਸ਼ਾਂ ਕੈਨੇਡਾ ਅਤੇ ਮੈਕਸੀਕੋ ਨੂੰ ਕ੍ਰਮਵਾਰ 100 ਬਿਲੀਅਨ ਡਾਲਰ ਅਤੇ 300 ਬਿਲੀਅਨ ਡਾਲਰ ਦੀ ਸਬਸਿਡੀ ਦੇ ਰਿਹਾ ਹੈ। ਹੁਣ ਇਸ ਸਬੰਧੀ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੱਡੀ ਗੱਲ ਕਹੀ ਹੈ। ਉਨ੍ਹਾਂ ਨੇ ਐਤਵਾਰ ਨੂੰ ਕਿਹਾ ਕਿ ਜੇਕਰ ਅਸੀਂ ਸਬਸਿਡੀ ਦੇ ਹੀ ਰਹੇ, ਤਾਂ ਦੋਵਾਂ ਦੇਸ਼ਾਂ ਨੂੰ ਅਮਰੀਕਾ ਦਾ ਹਿੱਸਾ ਬਣ ਜਾਣਾ ਚਾਹੀਦਾ ਹੈ। ਇੰਨਾ ਹੀ ਨਹੀਂ, 78 ਸਾਲਾ ਟਰੰਪ ਨੇ ਕੈਨੇਡਾ ਅਤੇ ਮੈਕਸੀਕੋ ਨੂੰ ਧਮਕੀ ਦਿੱਤੀ ਹੈ ਕਿ ਜੇਕਰ ਉਨ੍ਹਾਂ ਨੇ ਆਪਣੇ ਇਲਾਕਿਆਂ ਰਾਹੀਂ ਅਮਰੀਕਾ 'ਚ ਗੈਰ-ਕਾਨੂੰਨੀ ਪ੍ਰਵਾਸੀਆਂ ਦਾ ਪ੍ਰਵਾਹ ਨਾ ਰੋਕਿਆ ਤਾਂ ਦੋਹਾਂ ਦੇਸ਼ਾਂ 'ਤੇ ਭਾਰੀ ਡਿਊਟੀਆਂ ਲਗਾਈਆਂ ਜਾਣਗੀਆਂ।

5 ਨਵੰਬਰ ਨੂੰ ਰਾਸ਼ਟਰਪਤੀ ਚੋਣ ਜਿੱਤਣ ਤੋਂ ਬਾਅਦ ਆਪਣੇ ਪਹਿਲੇ ਟੀ.ਵੀ. ਇੰਟਰਵਿਊ ਵਿਚ ਰਿਪਬਲਿਕਨ ਨੇਤਾ ਨੇ ਕਿਹਾ, 'ਅਸੀਂ ਹਰ ਸਾਲ ਕੈਨੇਡਾ ਨੂੰ 100 ਬਿਲੀਅਨ ਡਾਲਰ ਦੀ ਸਬਸਿਡੀ ਦੇ ਰਹੇ ਹਾਂ। ਅਸੀਂ ਮੈਕਸੀਕੋ ਨੂੰ ਲਗਭਗ 300 ਬਿਲੀਅਨ ਡਾਲਰ ਦੀ ਸਬਸਿਡੀ ਦੇ ਰਹੇ ਹਾਂ। ਸਾਨੂੰ ਸਬਸਿਡੀ ਨਹੀਂ ਦੇਣੀ ਚਾਹੀਦੀ। ਅਸੀਂ ਇਨ੍ਹਾਂ ਦੇਸ਼ਾਂ ਨੂੰ ਇਹ ਕਿਉਂ ਦੇ ਰਹੇ ਹਾਂ? ਜੇਕਰ ਅਸੀਂ ਸਬਸਿਡੀ ਦੇਣੀ ਹੈ, ਤਾਂ ਉਨ੍ਹਾਂ (ਅਮਰੀਕਾ) ਨੂੰ ਰਾਜ ਬਣ ਜਾਣਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ, 'ਅਸੀਂ ਮੈਕਸੀਕੋ, ਕੈਨੇਡਾ ਅਤੇ ਦੁਨੀਆਂ ਦੇ ਕਈ ਦੇਸ਼ਾਂ ਨੂੰ ਸਬਸਿਡੀਆਂ ਦੇ ਰਹੇ ਹਾਂ। ਮੈਂ ਸਿਰਫ ਇਹ ਯਕੀਨੀ ਬਣਾਉਣਾ ਚਾਹੁੰਦਾ ਹਾਂ ਕਿ ਹਰੇਕ ਲਈ ਬਰਾਬਰ, ਤੇਜ਼ ਅਤੇ ਨਿਰਪੱਖ ਮੁਕਾਬਲੇ ਦਾ ਮੈਦਾਨ ਹੋਵੇ।

ਗੌਰਤਲਬ ਹੈ ਕਿ ਡੋਨਾਲਡ ਟਰੰਪ ਨੇ ਹਾਲ ਹੀ ਵਿਚ ਇੱਕ ਵੱਡਾ ਐਲਾਨ ਕੀਤਾ ਸੀ। ਉਨ੍ਹਾਂ ਕਿਹਾ ਸੀ ਕਿ ਉਹ ਜਨਵਰੀ 'ਚ ਅਹੁਦਾ ਸੰਭਾਲਣ ਦੇ ਪਹਿਲੇ ਦਿਨ ਹੀ ਅਜਿਹੇ ਹੁਕਮਾਂ 'ਤੇ ਦਸਤਖ਼ਤ ਕਰਨਗੇ, ਜਿਸ ਤਹਿਤ ਮੈਕਸੀਕੋ ਅਤੇ ਕੈਨੇਡਾ ਤੋਂ ਆਉਣ ਵਾਲੇ ਸਾਰੇ ਸਮਾਨ 'ਤੇ 25 ਫੀਸਦੀ ਦਰਾਮਦ ਡਿਊਟੀ ਲਗਾਈ ਜਾਵੇਗੀ। ਟਰੰਪ ਦਾ ਕਹਿਣਾ ਹੈ ਕਿ ਉਹ ਅਜਿਹਾ ਉਦੋਂ ਤੱਕ ਕਰਨਗੇ, ਜਦੋਂ ਤੱਕ ਇਹ ਦੇਸ਼ ਅਮਰੀਕਾ ਵਿਚ ਗੈਰ-ਕਾਨੂੰਨੀ ਪ੍ਰਵਾਸੀਆਂ ਅਤੇ ਫੈਂਟਾਨਾਇਲ ਡਰੱਗਜ਼ ਦੇ ਪ੍ਰਵਾਹ ਨੂੰ ਨਹੀਂ ਰੋਕਦੇ। ਇਸ ਫ਼ੈਸਲੇ 'ਤੇ ਟਰੰਪ ਨੇ ਕੁਝ ਅਮਰੀਕੀ ਸੀ.ਈ.ਓਜ਼ ਦੀਆਂ ਟਿੱਪਣੀਆਂ ਦਾ ਖੰਡਨ ਕੀਤਾ ਕਿ ਟੈਰਿਫ ਨਾਲ ਅਮਰੀਕਾ 'ਤੇ ਬੋਝ ਪਵੇਗਾ ਅਤੇ ਆਮ ਚੀਜ਼ਾਂ ਦੀ ਕੀਮਤ ਵਧੇਗੀ। ਉਸ ਨੇ ਕਿਹਾ, 'ਇਸ ਨਾਲ ਅਮਰੀਕੀਆਂ ਨੂੰ ਕੋਈ ਨੁਕਸਾਨ ਨਹੀਂ ਹੋਇਆ। ਉਸਨੇ ਸਾਡੇ ਲਈ ਇੱਕ ਚੰਗੀ ਆਰਥਿਕਤਾ ਬਣਾਈ।'

ਜਦੋਂ ਨਵੇਂ ਚੁਣੇ ਗਏ ਰਾਸ਼ਟਰਪਤੀ ਨੂੰ ਪੁੱਛਿਆ ਗਿਆ ਕਿ ਕੀ ਉਹ ਇਹ ਟੈਰਿਫ ਲਗਾਉਣ ਜਾ ਰਹੇ ਹਨ, ਜਾਂ ਕੀ ਇਹ ਗੱਲਬਾਤ ਦੀ ਰਣਨੀਤੀ ਹੈ, ਤਾਂ ਉਸਨੇ ਕਿਹਾ, 'ਮੈਂ ਤੁਹਾਨੂੰ ਇੱਕ ਉਦਾਹਰਣ ਨਾਲ ਸਮਝਾਉਂਦਾ ਹਾਂ। ਕੈਨੇਡਾ ਅਤੇ ਖਾਸ ਕਰਕੇ ਮੈਕਸੀਕੋ ਤੋਂ ਲੱਖਾਂ ਲੋਕ ਸਾਡੇ ਦੇਸ਼ ਆ ਰਹੇ ਹਨ। ਮੈਂ ਦੋਹਾਂ ਦੇਸ਼ਾਂ ਦੇ ਨੇਤਾਵਾਂ ਨਾਲ ਗੱਲ ਕੀਤੀ ਹੈ। ਮੈਂ ਜਸਟਿਨ ਟਰੂਡੋ ਨਾਲ ਗੱਲ ਕੀਤੀ। ਫ਼ੋਨ ਬੰਦ ਕਰਨ ਤੋਂ ਬਾਅਦ ਉਸਨੇ ਲਗਭਗ 15 ਸਕਿੰਟ ਬਾਅਦ ਮਾਰ ਏ ਲਾਗੋ ਲਈ ਉਡਾਣ ਭਰੀ।

# ਮਹਾਰਾਜਾ ਚਾਰਲਸ ਨੇ ਯੂ.ਕੇ. 'ਚ ਭਾਰਤੀ ਭਾਈਚਾਰੇ ਦੇ 2 ਮੈਂਬਰਾਂ ਨੂੰ ਦਿੱਤੇ ਸਨਮਾਨ ਕੀਤੇ 'ਰੱਦ'



ਲੰਡਨ, (ਪੰਜਾਬ ਮੇਲ)- ਬ੍ਰਿਟੇਨ ਦੇ 'ਹਾਊਸ ਆਫ ਲਾਰਡਜ਼' ਦੇ ਭਾਰਤੀ ਮੂਲ ਦੇ ਮੈਂਬਰ ਰਮਿੰਦਰ ਸਿੰਘ ਰੇਂਜਰ ਨੂੰ ਸ਼ੁੱਕਰਵਾਰ ਨੂੰ 'ਕਮਾਂਡਰ ਆਫ ਦਿ ਬ੍ਰਿਟਿਸ਼ ਐਂਪਾਇਰ' (ਸੀ.ਬੀ.ਈ.) ਦਾ ਸਨਮਾਨ ਛੱਡਣ ਲਈ ਮਜਬੂਰ ਹੋਣਾ ਪਿਆ। ਉਨ੍ਹਾਂ 'ਤੇ "ਸਨਮਾਨ ਪ੍ਰਣਾਲੀ ਨੂੰ ਬਦਨਾਮ ਕਰਨ" ਦਾ ਦੋਸ਼ ਹੈ। ਇਸ ਦੇ ਨਾਲ ਹੀ ਹਿੰਦੂ ਭਾਈਚਾਰੇ ਅਤੇ ਅੰਤਰ-ਧਾਰਮਿਕ ਸਬੰਧਾਂ ਵਿਚ ਸੇਵਾਵਾਂ ਲਈ 'ਆਫਿਸ ਆਫ ਦਿ ਸਿਵਲ ਡਿਵੀਜ਼ਨ ਆਫ ਦਿ ਮੋਸਟ ਐਕਸੀਲੈਂਟ ਆਰਡਰ ਆਫ ਦਿ ਬ੍ਰਿਟਿਸ਼ ਐਂਪਾਇਰ' (ਓ.ਬੀ.ਈ.) ਦੇ ਰੂਪ ਵਿਚ ਅਨਿਲ ਕੁਮਾਰ ਭਨੋਟ ਨੂੰ ਦਿੱਤੀ ਗਈ ਨਿਯੁਕਤੀ ਨੂੰ ਵੀ ਰੱਦ ਕਰ ਦਿੱਤਾ ਗਿਆ ਹੈ।

ਕੰਜ਼ਰਵੇਟਿਵ ਪਾਰਟੀ ਦੇ ਮੈਂਬਰ ਅਤੇ ਯੂ.ਕੇ. ਸਥਿਤ ਐੱਫ.ਐੱਮ.ਸੀ.ਜੀ. ਕੰਪਨੀ ਸਨ ਮਾਰਕ ਲਿਮਟਿਡ ਦੇ ਸੰਸਥਾਪਕ ਰਮਿੰਦਰ ਸਿੰਘ ਰੇਂਜਰ ਨੂੰ ਦਿੱਤਾ ਗਿਆ ਸਨਮਾਨ ਮਹਾਰਾਜਾ ਚਾਰਲਸ-3 ਦੁਆਰਾ "ਰੱਦ" ਕਰ ਦਿੱਤਾ ਗਿਆ ਹੈ। ਰਮਿੰਦਰ ਨੂੰ ਲਾਰਡ ਰਮੀ ਰੇਂਜਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਲਾਰਡ ਰੇਂਜਰ ਦੇ ਬੁਲਾਰੇ ਨੇ ਕਿਹਾ, "ਲਾਰਡ ਰੇਂਜਰ ਨੇ ਕੋਈ ਅਪਰਾਧ ਨਹੀਂ ਕੀਤਾ ਹੈ ਅਤੇ ਨਾ ਹੀ ਉਨ੍ਹਾਂ ਨੇ ਕੋਈ ਕਾਨੂੰਨ ਤੋੜਿਆ ਹੈ।" ਬੁਲਾਰੇ ਨੇ ਕਿਹਾ ਕਿ ਉਹ ਆਪਣੀ ਬੇਗੁਨਾਹੀ ਨੂੰ ਸਾਬਤ ਕਰਨ ਲਈ ਇਸ ਗਲਤ ਫੈਸਲੇ ਨੂੰ ਚੁਣੌਤੀ ਦੇਣਗੇ। ਹਾਲਾਂਕਿ ਬ੍ਰਿਟਿਸ਼ ਕੈਬਨਿਟ ਆਫਿਸ ਦੀ ਜ਼ਬਤ ਕਮੇਟੀ ਨੇ ਅਜਿਹੀਆਂ ਸਿਫ਼ਾਰਸ਼ਾਂ ਦੇ ਪਿੱਛੇ ਕਾਰਨਾਂ ਦੀ ਵਿਆਖਿਆ ਨਹੀਂ ਕੀਤੀ ਹੈ, ਪਰ ਇਹ ਕਦਮ ਪਿਛਲੇ ਸਾਲ ਲਾਰਡਜ਼ ਦੀ ਜਾਂਚ ਤੋਂ ਬਾਅਦ ਲਿਆ ਗਿਆ ਹੈ, ਜਿਸ ਵਿਚ ਇਹ ਸਿੱਟਾ ਕੱਢਿਆ ਗਿਆ ਸੀ ਕਿ ਰੇਂਜਰ ਨੇ "ਧਮਕਾਉਣ ਅਤੇ ਪਰੇਸ਼ਾਨੀ" ਨਾਲ ਸਬੰਧਤ ਸੰਸਦੀ ਜ਼ਾਬਤੇ ਦੀ ਉਲੰਘਣਾ ਕੀਤੀ ਹੈ। 'ਦਿ ਲੰਡਨ ਗਜ਼ਟ' ਵਿਚ ਪ੍ਰਕਾਸ਼ਿਤ ਅਧਿਕਾਰਤ ਜਨਤਕ ਨੋਟਿਸ ਵਿਚ ਕਿਹਾ ਗਿਆ ਹੈ, "ਮਹਾਰਾਜਾ ਨੇ ਨਿਰਦੇਸ਼ ਦਿੱਤੇ ਹਨ ਕਿ 31 ਦਸੰਬਰ 2015 ਨੂੰ 'ਕਮਾਂਡਰ ਆਫ ਦਿ ਸਿਵਲ ਡਿਵੀਜ਼ਨ ਆਫ ਦਿ ਮੋਸਟ ਐਕਸੀਲੈਂਟ ਆਰਡਰ ਆਫ ਦਿ ਬ੍ਰਿਟਿਸ਼ ਐਂਪਾਇਰ' ਦੇ ਰੂਪ ਵਿਚ ਰਮਿੰਦਰ ਸਿੰਘ ਦੀ ਨਿਯੁਕਤੀ ਰੱਦ ਕਰ ਦਿੱਤੀ ਜਾਵੇਗੀ ਅਤੇ ਉਨ੍ਹਾਂ ਦਾ ਨਾਮ ਉਕਤ ਹੁਕਮ ਦੇ ਰਜਿਸਟਰ ਵਿਚੋਂ ਮਿਟਾ ਦਿੱਤਾ ਜਾਵੇਗਾ।"

ਇਸ ਹਫਤੇ ਜ਼ਬਤ ਕਰਨ ਵਾਲੀ ਕਮੇਟੀ ਦੇ ਫੈਸਲੇ ਵਿਚ ਅਨਿਲ ਕੁਮਾਰ ਭਨੋਟ ਦਾ ਨਾਮ ਵੀ ਸ਼ਾਮਲ ਹੈ, ਜਿਨ੍ਹਾਂ ਨੂੰ ਜੂਨ 2010 ਵਿਚ ਮਰਹੂਮ ਮਹਾਰਾਣੀ ਦੇ ਜਨਮਦਿਨ ਦੇ ਮੌਕੇ 'ਤੇ ਹਿੰਦੂ ਭਾਈਚਾਰੇ ਅਤੇ ਅੰਤਰ-ਧਾਰਮਿਕ ਸਬੰਧਾਂ ਵਿਚ ਉਨ੍ਹਾਂ ਦੀਆਂ ਸੇਵਾਵਾਂ ਲਈ ਓ.ਬੀ.ਈ. ਦੀਲਉਪਾਧੀ ਨਾਲ ਸਨਮਾਨਿਤ ਕੀਤਾ ਗਿਆ ਸੀ। ਫੈਸਲੇ ਵਿਚ ਕਿਹਾ ਗਿਆ, "ਮਹਾਰਾਜਾ ਨੇ ਨਿਰਦੇਸ਼ ਦਿੱਤਾ ਹੈ ਕਿ ਅਨਿਲ ਕੁਮਾਰ ਭਨੋਟ ਦੀ 12 ਜੂਨ 2010 ਨੂੰ 'ਆਫਿਸਰ ਆਫ ਦਿ ਸਿਵਲ ਡਿਵੀਜ਼ਨ ਆਫ ਦਿ ਮੋਸਟ ਐਕਸੀਲੈਂਟ ਆਰਡਰ ਆਫ ਦਿ ਬ੍ਰਿਟਿਸ਼ ਐਂਪਾਇਰ' (ਓ.ਬੀ.ਈ.) ਵਜੋਂ ਕੀਤੀ ਗਈ ਨਿਯੁਕਤੀ ਨੂੰ ਰੱਦ ਕਰ ਦਿੱਤਾ ਜਾਵੇਗਾ ਅਤੇ ਉਨ੍ਹਾਂ ਦਾ ਨਾਮ ਉਕਤ ਆਦੇਸ਼ ਦੇ ਰਜਿਸਟਰ ਤੋਂ ਹਟਾ ਦਿੱਤਾ ਜਾਵੇਗਾ।" ਕੈਬਨਿਟ ਦਫ਼ਤਰ ਦੇ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ, ਜੇਕਰ ਕੋਈ ਵਿਅਕਤੀ "ਕਿਸੇ ਅਪਰਾਧਿਕ ਅਪਰਾਧ, ਅਜਿਹੇ ਵਿਵਹਾਰ ਦਾ ਦੋਸ਼ੀ ਪਾਇਆ ਜਾਂਦਾ ਹੈ, ਜਿਸ ਦੇ ਨਤੀਜੇ ਵਜੋਂ ਕਿਸੇ ਰੈਗੂਲੇਟਰੀ ਜਾਂ ਪੇਸ਼ੇਵਰ ਸੰਸਥਾ ਦੁਆਰਾ ਉਸ ਦੀ ਨਿੰਦਾ ਕੀਤੀ ਜਾਂਦੀ ਹੈ, ਜਾਂ ਅਜਿਹਾ ਵਿਵਹਾਰ ਕਰਦਾ ਹੈ, ਜੋ ਸਨਮਾਨ ਪ੍ਰਣਾਲੀ ਨੂੰ ਬਦਨਾਮ ਕਰਨ ਵਾਲਾ ਮੰਨਿਆ ਜਾਂਦਾ ਹੈ" ਤਾਂ ਉਸ ਦਾ ਸਨਮਾਨ ਵਾਪਸ ਲਿਆ ਜਾ ਸਕਦਾ ਹੈ।

# ਕੈਨੇਡੀਅਨ ਨਾਗਰਿਕਾਂ ਵੱਲੋਂ ਭਾਰਤ ਨਾਲ ਸਬੰਧਾਂ 'ਚ ਖਟਾਸ ਲਈ ਟਰੂਡੋ ਜ਼ਿੰਮੇਵਾਰ

**ਟੋਰਾਂਟੋ, (ਪੰਜਾਬ ਮੇਲ)-** ਭਾਰਤ ਅਤੇ ਕੈਨੇਡਾ ਕੂਟਨੀਤਕ ਟਕਰਾਅ ਵਿਚ ਉਲਝੇ ਹੋਏ ਹਨ। ਕੈਨੇਡਾ ਵਿਚ ਜਸਟਿਨ ਟਰੂਡੋ ਦੀ ਸਰਕਾਰ ਵਿਚ ਭਾਰਤ-ਕੈਨੇਡਾ ਸਬੰਧ ਇੱਕ ਨਵੇਂ ਨੀਵੇਂ ਪੱਧਰ 'ਤੇ ਪਹੁੰਚ ਗਏ ਹਨ। ਇੱਕ ਸਰਵੇਖਣ ਵਿਚ ਪਾਇਆ ਗਿਆ ਹੈ ਕਿ 39 ਪ੍ਰਤੀਸ਼ਤ ਕੈਨੇਡੀਅਨ ਨਾਗਰਿਕਾਂ ਦਾ ਮੰਨਣਾ ਹੈ ਕਿ ਟਰੂਡੋ ਪ੍ਰਸ਼ਾਸਨ ਸਬੰਧਾਂ ਨੂੰ ਚੰਗੀ ਤਰ੍ਹਾਂ ਨਹੀਂ ਸੰਭਾਲ ਨਹੀਂ ਪਾ ਰਿਹਾ ਹੈ। ਇੰਨਾ ਹੀ ਨਹੀਂ, ਸਰਵੇਖਣ ਵਿਚ ਇਹ ਵੀ ਪਾਇਆ ਗਿਆ ਹੈ ਕਿ 39 ਫੀਸਦੀ ਕੈਨੇਡੀਅਨਾਂ ਦਾ ਮੰਨਣਾ ਹੈ ਕਿ ਜਦੋਂ ਤੱਕ ਟਰੂਡੋ ਪ੍ਰਧਾਨ ਮੰਤਰੀ ਹਨ, ਰਿਸ਼ਤੇ ਨਹੀਂ ਸੁਧਰਣਗੇ।

ਐਂਗਸ ਰੀਡ ਇੰਸਟੀਚਿਊਟ (ਏ.ਆਰ.ਆਈ.) ਅਤੇ ਕੈਨੇਡਾ ਦੇ ਏਸ਼ੀਆ ਪੈਸੀਫਿਕ ਫਾਊਂਡੇਸ਼ਨ ਦੁਆਰਾ ਕਰਵਾਏ ਗਏ ਸਰਵੇਖਣ ਇਸ ਗੱਲ 'ਤੇ ਸਹਿਮਤੀ ਬਣਾਉਣ ਵਿਚ ਅਸਫਲ ਰਹੇ ਕਿ ਭਾਰਤ-ਕੈਨੇਡਾ ਸਬੰਧਾਂ ਵਿਚ ਗਿਰਾਵਟ ਲਈ ਕੌਣ ਜ਼ਿੰਮੇਵਾਰ ਹੈ। ਹਾਲਾਂਕਿ ਜ਼ਿਆਦਾਤਰ ਲੋਕਾਂ ਨੇ ਇਸ ਦਾ ਦੋਸ਼ ਕੈਨੇਡੀਅਨ ਸਰਕਾਰ 'ਤੇ ਲਗਾਇਆ। ਸਰਵੇਖਣ ਮੁਤਾਬਕ 39 ਫੀਸਦੀ ਕੈਨੇਡੀਅਨਾਂ ਦਾ ਮੰਨਣਾ ਹੈ ਕਿ ਕੈਨੇਡਾ ਆਪਣੇ ਸਬੰਧਾਂ ਨੂੰ ਚੰਗੀ ਤਰ੍ਹਾਂ ਨਹੀਂ ਸੰਭਾਲ ਨਹੀਂ ਪਾ ਰਿਹਾ, ਜਦਕਿ 32 ਫੀਸਦੀ ਇਸ ਦੇ ਉਲਟ ਹਨ। ਇਸ ਦੇ ਨਾਲ ਹੀ 29 ਫੀਸਦੀ ਲੋਕਾਂ ਨੇ ਕਿਹਾ ਕਿ ਉਹ ਕੁਝ ਨਹੀਂ ਕਹਿ ਸਕਦੇ।

ਕੀ ਕੈਨੇਡੀਅਨ ਸੋਚਦੇ ਹਨ ਕਿ ਰਿਸ਼ਤੇ ਜਲਦੀ ਹੀ ਸੁਧਰਨ ਜਾ ਰਹੇ ਹਨ? ਇਸ ਸਵਾਲ 'ਤੇ ਸਰਵੇਖਣ ਕੀਤੇ ਗਏ 39 ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਜਦੋਂ ਤੱਕ ਟਰੂਡੋ ਅਹੁਦੇ 'ਤੇ ਬਣੇ ਰਹਿਣਗੇ ਸਬੰਧਾਂ 'ਚ ਸੁਧਾਰ ਨਹੀਂ ਹੋਵੇਗਾ, ਜਦਕਿ 34 ਫੀਸਦੀ ਨਾਗਰਿਕਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਵੀ ਇਹੀ ਸੋਚਿਆ ਸੀ। ਕੈਨੇਡਾ ਵਿਚ 2025 'ਚ ਸੰਸਦੀ ਚੋਣਾਂ ਹੋਣ ਜਾ ਰਹੀਆਂ ਹਨ ਅਤੇ ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਚੋਣਾਂ ਜਿੱਤਣ ਦੀ ਮਜ਼ਬੂਤ ਦਾਅਵੇਦਾਰ ਹੈ।

# ਭਾਰਤੀ ਵਿਦਿਆਰਥੀਆਂ ਨੇ ਕੈਨੇਡਾ ਛੱਡ ਨਿਊਜ਼ੀਲੈਂਡ ਦਾ ਕੀਤਾ ਰੁਖ



**ਟੋਰਾਂਟੋ, (ਪੰਜਾਬ ਮੇਲ)-** ਜਿਵੇਂ-ਜਿਵੇਂ ਕੈਨੇਡਾ ਆਪਣੇ ਨਿਯਮ ਸਖ਼ਤ ਕਰਦਾ ਜਾ ਰਿਹਾ ਹੈ, ਉਵੇਂ-ਉਵੇਂ ਭਾਰਤੀ ਵਿਦਿਆਰਥੀ ਦੂਜੇ ਦੇਸ਼ਾਂ ਦਾ ਰੁਖ਼ ਕਰ ਰਹੇ ਹਨ। ਤਾਜ਼ਾ ਜਾਣਕਾਰੀ ਮੁਤਾਬਕ ਸਟੱਡੀ ਲਈ ਭਾਰਤੀ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿਚ ਨਿਊਜ਼ੀਲੈਂਡ 'ਚ ਅਪਲਾਈ ਕੀਤਾ ਹੈ। ਹਾਲ ਹੀ ਵਿਚ ਤੀਜੇ ਦਰਜੇ ਦੀ ਸਿੱਖਿਆ ਅਤੇ ਹੁਨਰ ਮੰਤਰੀ ਪੈਨੀ ਸਿਮੰਡਜ਼ ਨੇ ਘੋਸ਼ਣਾ ਕੀਤੀ ਹੈ ਕਿ ਨਿਊਜ਼ੀਲੈਂਡ ਵਿਚ ਅੰਤਰਰਾਸ਼ਟਰੀ ਸਿੱਖਿਆ ਖੇਤਰ ਵਿਚ 24% ਦਾ ਵਾਧਾ ਹੋਇਆ ਹੈ ਅਤੇ ਇਹ 2023 ਦੇ ਕੁੱਲ ਨਾਲੋਂ 6% ਵੱਧ ਗਿਆ ਹੈ। ਵੱਡੀ ਗਿਣਤੀ ਵਿਚ ਭਾਰਤੀ ਵਿਦਿਆਰਥੀਆਂ ਨੇ ਅਪਲਾਈ ਕੀਤਾ ਹੈ।

ਸਿਮੰਡਜ਼ ਮੁਤਾਬਕ, ਜਨਵਰੀ ਤੋਂ ਅਗਸਤ 2024 ਦਰਮਿਆਨ 73,535 ਨਾਮਾਂਕਣਾਂ ਦੇ ਨਾਲ ਇਸ ਸਾਲ ਸਿਰਫ਼ ਦੋ ਸੈਸ਼ਨਾਂ ਵਿਚ ਪਿਛਲੇ ਸਾਲ ਦੇ ਮੁਕਾਬਲੇ ਜ਼ਿਆਦਾ ਦਾਖਲੇ ਹੋਏ ਹਨ। ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ ਵਿਚ ਇਹ ਮਜ਼ਬੂਤ ਵਾਧਾ ਉੱਚ-ਗੁਣਵੱਤਾ ਵਾਲੀ ਸਿੱਖਿਆ ਲਈ ਨਿਊਜ਼ੀਲੈਂਡ ਦੀ ਵਿਸ਼ਵਵਿਆਪੀ ਪ੍ਰਤਿਸ਼ਠਾ ਦਾ ਪ੍ਰਮਾਣ ਹੈ। ਸਿਮੰਡਜ਼ ਮੁਤਾਬਕ ਇਹ ਵਿਦਿਆਰਥੀ ਨਾ ਸਿਰਫ਼ ਸਾਡੇ ਕੈਂਪਸ ਨੂੰ ਅਮੀਰ ਬਣਾਉਂਦੇ ਹਨ, ਸਗੋਂ ਦੇਸ਼ ਭਰ ਵਿਚ ਨੌਕਰੀਆਂ, ਸਥਾਨਕ ਕਾਰੋਬਾਰਾਂ ਅਤੇ ਭਾਈਚਾਰਿਆਂ ਵਿਚ ਯੋਗਦਾਨ ਪਾਉਂਦੇ ਹੋਏ ਸਾਡੀ ਆਰਥਿਕਤਾ ਨੂੰ ਵੀ ਮਹੱਤਵਪੂਰਨ ਤੌਰ 'ਤੇ ਹੁਲਾਰਾ ਦਿੰਦੇ ਹਨ।"

ਸਿਮੰਡਜ਼ ਨੇ ਅੱਗੇ ਕਿਹਾ ਕਿ ਨਿਊਜ਼ੀਲੈਂਡ ਦੀਆਂ ਯੂਨੀਵਰਸਿਟੀਆਂ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ ਵਿਚ 14% ਅਤੇ ਸਕੂਲਾਂ ਵਿਚ 33% ਵਾਧਾ ਹੋਇਆ ਹੈ। ਸਿਮੰਡਜ਼ ਮੁਤਾਬਕ, ਯੂਨੀਵਰਸਟੀਆਂ ਅਤੇ ਸਕੂਲ ਵਿਕਾਸ ਕਰ ਰਹੇ ਹਨ। ਯੂਨੀਵਰਸਿਟੀਆਂ 31,345 ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦਾਖਲ ਕਰ ਰਹੀਆਂ ਹਨ, ਜੋ 14 ਪ੍ਰਤੀਸ਼ਤ ਵਾਧਾ ਹੈ ਅਤੇ ਸਕੂਲਾਂ ਵਿਚ 33% ਦਾ ਵਾਧਾ ਹੋਇਆ ਹੈ ਜੋ 16,815 ਵਿਦਿਆਰਥੀ ਹਨ, ਜਿਸ ਵਿਚ ਪ੍ਰਾਇਮਰੀ ਸਕੂਲਾਂ ਦੇ ਦਾਖਲਿਆਂ ਵਿਚ 69% ਵਾਧਾ ਸ਼ਾਮਲ ਹੈ। ਉਸ ਨੇ ਦੱਸਿਆ, "ਫੰਡ ਪ੍ਰਾਪਤ ਪ੍ਰਾਈਵੇਟ ਸਿਖਲਾਈ ਅਦਾਰੇ ਵੀ ਪਿਛਲੇ ਸਾਲ 80% ਵਧੇ ਹਨ। ਸਿਮੰਡਜ਼ ਨੇ ਅੱਗੇ ਦੱਸਿਆ, ਨਾਮਾਂਕਣ ਰਾਸ਼ਟਰੀ ਰਿਕਵਰੀ ਦੇ ਨਾਲ-ਨਾਲ 2023 ਤੋਂ ਮਹੱਤਵਪੂਰਨ ਖੇਤਰੀ ਲਾਭ ਵੀ ਦਰਸਾਉਂਦੇ ਹਨ। ਗਿਸਬੋਰਨ ਨੇ 126 ਦੇ ਵਾਧੇ ਦੇ ਨਾਲ ਸ਼ਾਨਦਾਰ ਵਾਧਾ ਦਰਜ ਕੀਤਾ ਹੈ, ਮਾਰਲਬਰੋ ਵਿਚ 45% ਦਾ, ਹਾਕਸ ਬੇ ਵਿਚ 28% ਦਾ ਅਤੇ ਵਾਈਕਾਟੋ ਵਿਚ 26% ਦਾ ਵਾਧਾ ਹੋਇਆ ਹੈ।"

ਨਿਊਜ਼ੀਲੈਂਡ 'ਚ ਅੰਤਰਰਾਸ਼ਟਰੀ ਵਿਦਿਆਰਥੀ ਵਿਭਿੰਨ ਦੇਸ਼ਾਂ ਤੋਂ ਹਨ, ਜਿਨ੍ਹਾਂ ਵਿਚ ਭਾਰਤ ਅਤੇ ਚੀਨ ਦੇ ਵਿਦਿਆਰਥੀਆਂ ਦੀ ਗਿਣਤੀ ਸਭ ਤੋਂ ਵੱਧ ਹੈ। ਸਿਮੰਡਜ਼ ਨੇ ਅੱਗੇ ਦੱਸਿਆ, ਸਰੋਤ ਬਾਜ਼ਾਰਾਂ ਵਿਚ ਵਿਭਿੰਨਤਾ ਸਾਡੇ ਸਿੱਖਿਆ ਖੇਤਰ ਨੂੰ ਮਜ਼ਬੂਤ ਕਰਦੀ ਹੈ। ਜਦੋਂ ਕਿ ਚੀਨ ਅਤੇ ਭਾਰਤ ਮੋਹਰੀ ਹਨ।

# ਕੈਨੇਡਾ ਵੱਲੋਂ ਹਥਿਆਰਾਂ ਦੇ 324 ਮਾਡਲਾਂ 'ਤੇ ਪਾਬੰਦੀ; ਯੂਕ੍ਰੇਨ ਭੇਜਣ ਦੀ ਤਿਆਰੀ

- **ਕੈਨੇਡਾ ਨੇ ਅਸਾਲਟ ਹਥਿਆਰਾਂ ਦੇ 324 ਮਾਡਲਾਂ 'ਤੇ ਪਾਬੰਦੀ ਦਾ ਐਲਾਨ**
- **35 ਸਾਲ ਪਹਿਲਾਂ ਹੋਏ ਕਤਲੇਆਮ ਦੀ ਬਰਸੀ 'ਤੇ ਲਿਆ ਫ਼ੈਸਲਾ**

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਨੇ ਹਥਿਆਰਾਂ ਸੰਬੰਧੀ ਇਕ ਵੱਡਾ ਕਦਮ ਚੁੱਕਿਆ ਹੈ। ਇਸ ਕਦਮ ਨਾਲ ਜਿੱਥੇ ਰੂਸ ਨਾਲ ਚੱਲ ਰਹੇ ਸੰਘਰਸ਼ 'ਚ ਯੂਕ੍ਰੇਨ ਦੀ ਮਦਦ ਹੋਵੇਗੀ, ਉੱਥੇ ਉਹ ਆਪਣੇ ਦੇਸ਼ ਦੇ ਲੋਕਾਂ ਦੀ ਸੁਰੱਖਿਅਤ ਕਰ ਸਕੇਗਾ। ਦਰਅਸਲ ਵੀਰਵਾਰ ਨੂੰ ਕੈਨੇਡਾ ਨੇ ਅਸਾਲਟ ਹਥਿਆਰਾਂ ਦੇ 324 ਮਾਡਲਾਂ 'ਤੇ ਪਾਬੰਦੀ ਦਾ ਐਲਾਨ ਕੀਤਾ। ਇਨ੍ਹਾਂ ਹਥਿਆਰਾਂ ਨੂੰ ਸਟੋਰਾਂ ਤੋਂ ਇਕੱਠਾ ਕਰਕੇ ਯੂਕ੍ਰੇਨ ਭੇਜਿਆ ਜਾਵੇਗਾ। ਇੱਥੇ ਦੱਸ ਦਈਏ ਕਿ ਵੀਰਵਾਰ ਦੀ ਘੋਸ਼ਣਾ ਤੋਂ ਬਾਅਦ ਕੈਨੇਡੀਅਨ ਹੁਣ 1,800 ਤੋਂ ਵੱਧ ਕਿਸਮ ਦੇ ਹਥਿਆਰਾਂ ਦੀ ਖਰੀਦ, ਵੇਚ ਜਾਂ ਆਯਾਤ ਨਹੀਂ ਕਰ ਸਕਣਗੇ। ਹਾਲਾਂਕਿ ਕਿਹਾ ਜਾ ਰਿਹਾ ਹੈ ਕਿ ਪਾਬੰਦੀਸ਼ੁਦਾ ਮਾਡਲਾਂ ਦੀਆਂ ਕਰੀਬ 14500 ਬੰਦੂਕਾਂ ਅਜੇ ਵੀ ਲੋਕਾਂ ਦੇ ਕਬਜ਼ੇ 'ਚ ਹਨ। ਉਨ੍ਹਾਂ ਨੂੰ ਅਗਲੇ ਸਾਲ ਅਕਤੂਬਰ ਤੱਕ ਦਾ ਸਮਾਂ ਦਿੱਤਾ ਜਾਵੇਗਾ। ਇਸ ਤਹਿਤ ਇਹ ਲੋਕ ਬੰਦੂਕਾਂ ਵਾਪਸ ਕਰ ਸਕਦੇ ਹਨ ਅਤੇ ਇਸ ਦੇ ਬਦਲੇ ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ।

ਇਹ ਫੈਸਲਾ ਮਾਂਟਰੀਅਲ ਦੇ ਈਕੋਲੇ ਪੌਲੀਟੈਕਨਿਕ ਵਿਖੇ ਨਾਰੀ ਵਿਰੋਧੀ ਹਮਲੇ ਦੀ 35ਵੀਂ ਵਰ੍ਹੇਗੰਢ ਦੀ ਪੂਰਵ ਸੰਧਿਆ 'ਤੇ ਲਿਆ ਗਿਆ। ਇਸ ਹਮਲੇ ਵਿਚ 14 ਔਰਤਾਂ ਦੀ ਮੌਤ ਹੋ ਗਈ ਸੀ। ਇਸ ਸਾਰੀ ਘਟਨਾ ਨੇ ਲੋਕਾਂ 'ਤੇ ਡੂੰਘੇ ਜ਼ਖ਼ਮ ਛੱਡੇ। ਜਨਤਕ ਸੁਰੱਖਿਆ ਮੰਤਰੀ ਡੋਮਿਨਿਕ ਲੇਬਲੈਂਕ ਨੇ ਕਿਹਾ ਕਿ ਸਮੂਹਿਕ ਗੋਲੀਬਾਰੀ ਵਿਚ ਜਾਨ ਗੁਆਉਣ ਵਾਲਿਆਂ ਦੀਆਂ ਯਾਦਾਂ ਦਾ ਸਨਮਾਨ ਕਰਨ ਲਈ ਬੰਦੂਕ ਕੰਟਰੋਲ 'ਤੇ ਕਾਰਵਾਈ ਕਰਨਾ ਅਤੇ ਅਤੇ ਇਨ੍ਹਾਂ ਭਿਆਨਕ ਅਪਰਾਧਾਂ ਲਈ ਵਰਤੇ ਗਏ ਹਥਿਆਰਾਂ ਤੱਕ ਪਹੁੰਚ ਨੂੰ ਸੀਮਤ ਕਰਨ ਲਈ ਬੰਦੂਕ ਕੰਟਰੋਲ 'ਤੇ ਕਾਰਵਾਈ ਕਰਨਾ ਮਹੱਤਵਪੂਰਨ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਾਡਾ ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਕੈਨੇਡਾ ਵਿਚ ਮੁੜ ਗੋਲੀਬਾਰੀ ਨਾਲ ਕੋਈ ਵੀ ਭਾਈਚਾਰਾ, ਕੋਈ ਪਰਿਵਾਰ ਤਬਾਹ ਨਾ ਹੋਵੇ।

6 ਦਸੰਬਰ, 1989 ਨੂੰ ਈਕੋਲੇ ਪੌਲੀਟੈਕਨਿਕ ਹਮਲੇ ਤੋਂ ਬਚੀ ਨਥਾਲੀ ਪ੍ਰੋਵੋਸਟ ਲੰਬੇ ਸਮੇਂ ਤੋਂ ਬੰਦੂਕ ਨਿਯੰਤਰਣ ਲਈ ਪੈਰਵੀ ਰਹੀ ਹੈ। ਉਸ ਨੇ ਕਿਹਾ, 'ਮੈਂ ਰੋ ਰਹੀ ਹਾਂ, ਪਰ ਮੈਂ ਮੁਸਕਰਾਉਂਦੀ ਵੀ ਹਾਂ ਕਿਉਂਕਿ ਇਹ ਇਕ ਮਹੱਤਵਪੂਰਨ ਕਦਮ ਹੈ। ਇਹ ਕਦਮ ਅਜਿਹੇ ਖਤਰਨਾਕ ਹਥਿਆਰ ਰੱਖਣ ਵਾਲਿਆਂ ਨੂੰ ਇੱਕ ਮਜ਼ਬੂਤ ਸੰਕੇਤ ਭੇਜਦਾ ਹੈ ਕਿ ਸਰਕਾਰ ਕਾਰਵਾਈ ਕਰ ਰਹੀ ਹੈ।

ਅਮਰੀਕਾ ਦੇ ਮੁਕਾਬਲੇ ਕੈਨੇਡਾ ਵਿਚ ਗੋਲੀਬਾਰੀ ਦੀਆਂ ਘਟਨਾਵਾਂ ਘੱਟ ਹੁੰਦੀਆਂ ਹਨ। ਪਰ ਅਪਰਾਧ ਦੇ ਅੰਕੜੇ ਦੱਸਦੇ ਹਨ ਕਿ ਪਿਛਲੇ ਇੱਕ ਦਹਾਕੇ ਦੌਰਾਨ ਦੇਸ਼ ਵਿਚ ਬੰਦੂਕ ਦੇ ਅਪਰਾਧਾਂ ਵਿਚ ਲਗਾਤਾਰ ਵਾਧਾ ਹੋਇਆ ਹੈ। ਸਭ ਤੋਂ ਤਾਜ਼ਾ ਅੰਕੜਿਆਂ ਅਨੁਸਾਰ 2022 ਵਿਚ ਗੋਲੀਬਾਰੀ ਦੀਆਂ 1,400 ਘਟਨਾਵਾਂ ਹੋਈਆਂ, ਜਾਂ ਪ੍ਰਤੀ 100,000 ਲੋਕਾਂ ਵਿਚ 36.7 ਘਟਨਾਵਾਂ ਵਾਪਰੀਆਂ। ਕੈਨੇਡਾ ਨੇ ਦੇਸ਼ ਦੀ ਹੁਣ ਤੱਕ ਦੀ ਸਭ ਤੋਂ ਘਾਤਕ ਸਮੂਹਿਕ ਗੋਲੀਬਾਰੀ ਦੇ ਜਵਾਬ ਵਿਚ 2020 ਵਿਚ ਹਮਲਾਵਰ ਹਥਿਆਰਾਂ ਦੇ 1,500 ਮਾਡਲਾਂ 'ਤੇ ਪਾਬੰਦੀ ਲਗਾ ਦਿੱਤੀ ਹੈ। ਰੱਖਿਆ ਮੰਤਰੀ ਬਿਲ ਬਲੇਅਰ ਨੇ ਕਿਹਾ ਕਿ ਓਟਾਵਾ ਉਨ੍ਹਾਂ ਵਿਤਰਕਾਂ ਅਤੇ ਬੰਦੂਕਾਂ ਦੇ ਸਟੋਰਾਂ ਨਾਲ ਕੰਮ ਕਰੇਗਾ, ਜਿਨ੍ਹਾਂ ਕੋਲ ਇਹ ਹਥਿਆਰ ਸਟਾਕ ਵਿਚ ਹੋ ਸਕਦੇ ਹਨ। ਇਸ ਨਾਲ ਇਨ੍ਹਾਂ ਹਥਿਆਰਾਂ ਨੂੰ ਇਕੱਠਾ ਕਰਕੇ ਕੈਨੇਡਾ ਤੋਂ ਬਾਹਰ ਕੱਢ ਕੇ ਯੂਕਰੇਨ ਪਹੁੰਚਾਇਆ ਜਾਵੇਗਾ, ਤਾਂ ਕਿ ਇਨ੍ਹਾਂ ਹਥਿਆਰਾਂ ਦੀ ਵਰਤੋਂ ਰੂਸ ਵਿਰੁੱਧ ਲੜਾਈ ਵਿਚ ਕੀਤੀ ਜਾ ਸਕੇ। ਉਸ ਨੇ ਕਿਹਾ, 'ਅਸੀਂ ਯੂਕਰੇਨ ਨੂੰ ਜੋ ਵੀ ਸਹਾਇਤਾ ਦੇ ਸਕਦੇ ਹਾਂ ਉਹ ਉਨ੍ਹਾਂ ਦੀ ਜਿੱਤ ਵੱਲ ਇਕ ਕਦਮ ਹੈ।

# ਕੇਜਰੀਵਾਲ ਵੱਲੋਂ ਦਿੱਲੀ 'ਚ ਇਕੱਲਿਆਂ ਚੋਣ ਲੜਨ ਦਾ ਐਲਾਨ



**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ 'ਚ ਅਗਲੇ ਸਾਲ ਫਰਵਰੀ 'ਚ ਹੋਣ ਵਾਲੀਆਂ ਚੋਣਾਂ ਨੂੰ ਲੈ ਕੇ ਆਮ ਆਦਮੀ ਪਾਰਟੀ ਨੇ ਵੱਡਾ ਐਲਾਨ ਕੀਤਾ ਹੈ। ਕੇਜਰੀਵਾਲ ਨੇ ਬੁੱਧਵਾਰ ਨੂੰ ਆਪਣੇ ਐਕਸ ਅਕਾਊਂਟ 'ਤੇ ਪੋਸਟ ਪਾ ਕੇ ਦੱਸਿਆ ਕਿ ਉਹ ਦਿੱਲੀ 'ਚ ਇਕੱਲਿਆਂ ਹੀ ਚੋਣ ਲੜਨਗੇ।

ਇਸ ਤੋਂ ਪਹਿਲਾਂ ਖ਼ਬਰਾਂ ਆ ਰਹੀਆਂ ਸਨ ਕਿ ਕਾਂਗਰਸ ਤੇ 'ਆਪ' ਵਿਚਾਲੇ ਗਠਜੋੜ ਲਈ ਸਮਝੌਤਾ ਅੰਤਿਮ ਪੜਾਅ 'ਤੇ ਹੈ। ਕਾਂਗਰਸ ਨੂੰ 15 ਸੀਟਾਂ ਮਿਲ ਸਕਦੀਆਂ ਹਨ ਤੇ 'ਇੰਡੀਆ' ਗਠਜੋੜ ਦੇ ਹੋਰ ਮੈਂਬਰਾਂ ਨੂੰ 1 ਜਾਂ 2 ਸੀਟਾਂ ਮਿਲ ਸਕਦੀਆਂ ਹਨ। ਬਾਕੀ ਸੀਟਾਂ 'ਤੇ ਆਮ ਆਦਮੀ ਪਾਰਟੀ ਖੁਦ ਚੋਣ ਲੜੇਗੀ ਪਰ ਹੁਣ 'ਆਪ' ਨੇ ਤਸਵੀਰ ਸਪੱਸ਼ਟ ਕਰ ਦਿੱਤੀ ਹੈ ਕਿ ਆਮ ਆਦਮੀ ਪਾਰਟੀ ਦਿੱਲੀ 'ਚ ਇਕੱਲਿਆਂ ਹੀ ਚੋਣਾਂ ਲੜੇਗੀ।

ਜ਼ਿਕਰਯੋਗ ਹੈ ਕਿ ਗਠਜੋੜ ਨੂੰ ਲੈ ਕੇ ਮੰਗਲਵਾਰ ਰਾਤ ਨੂੰ 'ਇੰਡੀਆ' ਦੇ ਨੇਤਾਵਾਂ ਵਿਚਾਲੇ ਬੈਠਕ ਹੋਈ ਸੀ। ਇਸ ਤੋਂ ਬਾਅਦ ਹੀ ਬੁੱਧਵਾਰ ਨੂੰ ਕੇਜਰੀਵਾਲ ਨੇ ਇਕੱਲਿਆਂ ਚੋਣ ਲੜਨ ਦਾ ਐਲਾਨ ਕੀਤਾ ਹੈ।

# ਸੁਪਰੀਮ ਕੋਰਟ ਵੱਲੋਂ ਮਨੀਸ਼ ਸਿਸੋਦੀਆ ਨੂੰ ਰਾਹਤ; ਜ਼ਮਾਨਤ ਸ਼ਰਤਾਂ 'ਚ ਮਿਲੀ ਢਿੱਲ

**ਨਵੀਂ ਦਿੱਲੀ, (ਪੰਜਾਬ ਮੇਲ)-** 'ਆਪ' ਨੇਤਾ ਮਨੀਸ਼ ਸਿਸੋਦੀਆ ਦੀ ਪਟੀਸ਼ਨ 'ਤੇ ਬੁੱਧਵਾਰ ਨੂੰ ਸੁਪਰੀਮ ਕੋਰਟ 'ਚ ਸੁਣਵਾਈ ਹੋਈ। ਸੁਪਰੀਮ ਕੋਰਟ ਨੇ ਮਨੀਸ਼ ਸਿਸੋਦੀਆ ਨੂੰ ਰਾਹਤ ਦਿੱਤੀ ਹੈ। ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਮਨੀਸ਼ ਸਿਸੋਦੀਆ ਨੇ ਆਪਣੇ ਐਕਸ ਅਕਾਊਂਟ 'ਤੇ ਇਕ ਪੋਸਟ ਪਾਈ, ਜਿਸ 'ਚ ਉਨ੍ਹਾਂ ਨੇ ਅਦਾਲਤ ਦਾ ਧੰਨਵਾਦ ਕੀਤਾ।

ਸਿਸੋਦੀਆ ਨੇ ਲਿਖਿਆ ਕਿ ਮਾਣਯੋਗ ਸੁਪਰੀਮ ਕੋਰਟ ਦਾ ਤਹਿ ਦਿਲੋਂ ਧੰਨਵਾਦ, ਜਿਸ ਨੇ ਜ਼ਮਾਨਤ ਦੀ ਸ਼ਰਤ ਹਟਾ ਕੇ ਰਾਹਤ ਪ੍ਰਦਾਨ ਕੀਤੀ ਹੈ। ਇਹ ਫੈਸਲਾ ਨਾ ਸਿਰਫ਼ ਨਿਆਂਪਾਲਿਕਾ ਵਿਚ ਮੇਰਾ ਵਿਸ਼ਵਾਸ ਹੋਰ ਮਜ਼ਬੂਤ ਕਰਦਾ ਹੈ, ਸਗੋਂ ਸਾਡੀਆਂ ਸੰਵਿਧਾਨਕ ਕਦਰਾਂ-ਕੀਮਤਾਂ ਦੀ ਮਜ਼ਬੂਤੀ ਨੂੰ ਵੀ ਦਰਸਾਉਂਦਾ ਹੈ। ਮੈਂ ਹਮੇਸ਼ਾ ਨਿਆਂਪਾਲਿਕਾ ਤੇ ਸੰਵਿਧਾਨ ਪ੍ਰਤੀ ਆਪਣੇ ਫਰਜ਼ਾਂ ਦਾ ਸਨਮਾਨ ਕਰਾਂਗਾ। ਆਮ ਆਦਮੀ ਪਾਰਟੀ ਦੇ ਨੇਤਾ ਮਨੀਸ਼ ਸਿਸੋਦੀਆ ਦੀ ਪਟੀਸ਼ਨ 'ਤੇ ਸੁਣਵਾਈ 11 ਦਸੰਬਰ ਨੂੰ ਹੋਈ। ਸਿਸੋਦੀਆ ਨੇ ਜ਼ਮਾਨਤ ਦੀਆਂ ਸ਼ਰਤਾਂ 'ਚ ਢਿੱਲ ਦੇਣ ਦੀ ਮੰਗ ਕੀਤੀ ਸੀ। ਦਿੱਲੀ ਆਬਕਾਰੀ ਨੀਤੀ ਨਾਲ ਸਬੰਧਿਤ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਮਾਮਲਿਆਂ ਵਿਚ ਆਪਣੀ ਜ਼ਮਾਨਤ ਦੀਆਂ ਸ਼ਰਤਾਂ ਦੇ ਹਿੱਸੇ ਵਜੋਂ ਸਿਸੋਦੀਆ ਨੂੰ ਹਫ਼ਤੇ ਵਿਚ ਦੋ ਵਾਰ ਜਾਂਚ ਅਧਿਕਾਰੀ ਦੇ ਸਾਹਮਣੇ ਪੇਸ਼ ਹੋਣਾ ਪੈਂਦਾ ਹੈ।

# ਪੰਜਾਬ ਦੀਆਂ ਜੇਲ੍ਹਾਂ ਨੂੰ ਮਿਲੇਗੀ 'ਵੀ ਕਵਚ' ਜੈਮਰ ਦੀ ਸੁਰੱਖਿਆ

- **ਸੂਬਾ ਸਰਕਾਰ ਨੂੰ ਜੈਮਰ ਖਰੀਦਣ ਦੀ ਮਿਲੀ ਪ੍ਰਵਾਨਗੀ**
- **ਜੇਲ੍ਹਾਂ 'ਚ ਮੋਬਾਈਲ ਫੋਨਾਂ ਦੀ ਹੁੰਦੀ ਦੁਰਵਰਤੋਂ ਨੂੰ ਪਵੇਗੀ ਠੱਲ੍ਹ**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਸਰਕਾਰ ਨੂੰ ਸੂਬੇ ਭਰ ਦੀਆਂ ਜੇਲ੍ਹਾਂ 'ਚ 'ਵੀ ਕਵਚ' ਜੈਮਰ ਲਾਉਣ ਦੀ ਪ੍ਰਵਾਨਗੀ ਮਿਲ ਗਈ ਹੈ। ਗ੍ਰਹਿ ਮੰਤਰਾਲੇ ਨੇ ਪੁਸ਼ਟੀ ਕੀਤੀ ਹੈ ਕਿ ਪ੍ਰਾਜੈਕਟ ਲਈ ਅਗਾਊਂ ਪ੍ਰਵਾਨਗੀ ਅਗਸਤ ਤੇ ਸਤੰਬਰ 'ਚ ਹੀ ਦਿੱਤੀ ਜਾ ਚੁੱਕੀ ਸੀ, ਜਿਸ ਕਾਰਨ ਅਗਲੇਰੀ ਪ੍ਰਵਾਨਗੀ ਦੀ ਲੋੜ ਖਤਮ ਹੋ ਗਈ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਅਨੂਪਿੰਦਰ ਸਿੰਘ ਗਰੇਵਾਲ ਅਤੇ ਜਸਟਿਸ ਲਪਿਟਾ ਬੈਨਰਜੀ ਦੇ ਬੈਂਚ ਕੋਲ ਜਦੋਂ ਮਾਮਲੇ ਦੀ ਸੁਣਵਾਈ ਸ਼ੁਰੂ ਹੋਈ, ਤਾਂ ਭਾਰਤ ਦੇ ਵਧੀਕ ਸੌਲੀਸਿਟਰ ਜਨਰਲ ਸੱਤਿਆਪਾਲ ਜੈਨ ਨੇ ਦੱਸਿਆ ਕਿ ਗ੍ਰਹਿ ਮੰਤਰਾਲਾ 23 ਅਗਸਤ ਤੇ 26 ਸਤੰਬਰ ਨੂੰ ਜਾਰੀ ਹੋਏ ਪੱਤਰਾਂ ਰਾਹੀਂ ਇਸ ਸਬੰਧੀ ਅਗਾਊਂ ਪ੍ਰਵਾਨਗੀ ਪਹਿਲਾਂ ਹੀ ਦੇ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹੁਣ ਅੱਗੇ ਵਧ ਸਕਦੀ ਹੈ ਅਤੇ ਜੇਲ੍ਹਾਂ 'ਚ ਲਾਉਣ ਲਈ ਜੈਮਰ ਖਰੀਦ ਸਕਦੀ ਹੈ।

'ਵੀ-ਕਵਚ' ਜੈਮਰ ਜੇਲ੍ਹਾਂ ਤੋਂ ਮੋਬਾਈਲ ਫੋਨਾਂ ਦੀ ਹੁੰਦੀ ਦੁਰਵਰਤੋਂ ਰੋਕਣ ਲਈ ਤਿਆਰ ਕੀਤੇ ਗਏ ਹਨ ਅਤੇ ਇਹ ਮੰਨਿਆ ਜਾਂਦਾ ਹੈ ਕਿ ਇਸ ਨਾਲ ਗ਼ੈਰਕਾਨੂੰਨੀ ਗਤੀਵਿਧੀਆਂ ਨੂੰ ਠੱਲ੍ਹ ਪੈਣ ਮਗਰੋਂ ਜੇਲ੍ਹਾਂ ਦੀ ਸੁਰੱਖਿਆ ਵਧੇਗੀ। ਪ੍ਰਾਪਤ ਸੂਚਨਾ ਅਨੁਸਾਰ ਈ-ਕਵਚ ਜੈਮਰਾਂ ਦੀ ਵਰਤੋਂ ਆਈ.ਈ.ਡੀ.-ਰੋਕੂ, ਡਰੋਨ-ਰੋਕੂ, ਸੈਲੂਲਰ ਸਿਸਟਮ ਰੋਕੂ ਕਾਰਵਾਈਆਂ ਲਈ ਅਤੇ ਇਲੈਕਟੌਨਿਕ ਉਪਕਰਨ ਬੰਦ ਕਰਨ ਲਈ ਕੀਤੀ ਜਾ ਸਕਦੀ ਹੈ। ਇਹ ਜੈਮਰ ਆਈ.ਈ.ਡੀਜ਼ ਤੇ ਬੰਬਾਂ ਨੂੰ ਰੇਡੀਓ ਸਿਗਨਲ ਮਿਲਣ ਤੇ ਭੇਜਣ ਤੋਂ ਰੋਕਦੇ ਹਨ।

ਗੈਂਗਸਟਰ ਲਾਰੈਂਸ ਬਿਸ਼ਨੋਈ ਵੱਲੋਂ ਜੇਲ੍ਹ 'ਚੋਂ ਦਿੱਤੀ ਗਈ ਇੰਟਰਵਿਊ ਮਗਰੋਂ ਅਦਾਲਤ ਖੁਦ ਹੀ ਨੋਟਿਸ ਲੈ ਕੇ ਮਾਮਲੇ ਦੀ ਸੁਣਵਾਈ ਕਰ ਰਹੀ ਸੀ। ਇਸੇ ਦੌਰਾਨ ਵਿਸ਼ੇਸ਼ ਡੀ.ਜੀ.ਪੀ. ਪ੍ਰਬੋਧ ਕੁਮਾਰ ਦੀ ਅਗਵਾਈ ਹੇਠਲੀ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਸੀਲਬੰਦ ਲਿਫਾਫੇ 'ਚ ਹਲਫ਼ਨਾਮਾ ਤੇ ਸਟੇਟਸ ਰਿਪੋਰਟ ਪੇਸ਼ ਕੀਤੀ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਜਾਂਚ 'ਚ ਕੁਝ ਪ੍ਰਗਤੀ ਹੋਈ ਹੈ ਪਰ ਵੱਖ-ਵੱਖ ਸਰਕਾਰੀ ਵਿਭਾਗਾਂ ਤੋਂ ਵਾਧੂ ਸੂਚਨਾ ਪ੍ਰਾਪਤ ਕਰਕੇ ਇਸ ਦਾ ਅਧਿਐਨ ਕੀਤਾ ਜਾ ਰਿਹਾ ਹੈ। ਅਦਾਲਤ ਨੇ ਇਸ ਨੂੰ ਮੁੜ ਤੋਂ ਸੀਲ ਕਰਨ ਦਾ ਹੁਕਮ ਦੇਣ ਤੋਂ ਪਹਿਲਾਂ ਸਟੇਟਸ ਰਿਪੋਰਟ ਦੀ ਸਮੀਖਿਆ ਕੀਤੀ।

## ਪੰਜਾਬ ਸਪੀਕਰ ਵੱਲੋਂ ਸ਼ਾਬਦਿਕ ਗ਼ਲਤੀਆਂ ਵਾਲੇ ਮਹਾਨ ਕੋਸ਼ ਦੇ ਸੰਸਕਰਨਾਂ ਨੂੰ ਨਸ਼ਟ ਕਰਨ ਦੇ ਆਦੇਸ਼

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਸ਼ਾਬਦਿਕ ਗਲਤੀਆਂ ਵਾਲੇ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਦੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸੰਸਕਰਨਾਂ ਨੂੰ ਨਸ਼ਟ ਕਰਨ ਦੇ ਨਿਰਦੇਸ਼ ਦਿੱਤੇ ਹਨ। ਸ਼੍ਰੀ ਸੰਧਵਾਂ ਨੇ ਪੰਜਾਬ ਵਿਧਾਨ ਸਭਾ ਸਕੱਤਰੇਤ ਵਿਚ ਵੱਖ-ਵੱਖ ਸਿੱਖ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਮਹਾਨ ਕੋਸ਼ ਦੇ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਸੰਸਕਰਨਾਂ ਨੂੰ ਨਸ਼ਟ ਕਰਨ ਲਈ ਢੁੱਕਵੇਂ ਕਦਮ ਚੁੱਕੇ ਜਾਣਗੇ। ਉਨ੍ਹਾਂ ਕਿਹਾ ਕਿ ਇਹ ਕੰਮ ਇਸ ਸਬੰਧੀ ਬਣਾਈ ਕਮੇਟੀ ਦੀਆਂ ਸਿਫ਼ਾਰਸ਼ਾਂ ਅਨੁਸਾਰ ਹੀ ਹੋਣਾ ਚਾਹੀਦਾ ਹੈ। ਸ਼੍ਰੀ ਸੰਧਵਾਂ ਨੇ ਉਚੇਰੀ ਸਿੱਖਿਆ ਵਿਭਾਗ ਨੂੰ ਤਿੰਨ ਹਫ਼ਤਿਆਂ 'ਚ ਲੋੜੀਂਦੀ ਰਿਪੋਰਟ ਪੇਸ਼ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਗੁਰਬਾਣੀ ਦੀ ਸਰਵਉੱਚਤਾ ਨੂੰ ਕਾਇਮ ਰੱਖਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਭਰਮ-ਭੁਲੇਖਿਆਂ ਨੂੰ ਦੂਰ ਕਰਨ ਲਈ ਇਹ ਕਾਰਜ ਬੇਹੱਦ ਜ਼ਰੂਰੀ ਹੋ ਗਿਆ ਹੈ।

# ਆਸਟ੍ਰੇਲੀਆ 'ਚ ਗੁਟਕਾ ਸਾਹਿਬ ਦੀ ਬੇਅਦਬੀ ਕਰਨ ਵਾਲੇ ਦੋਸ਼ੀ ਹੋਵੇਗਾ ਡਿਪੋਰਟ



**ਮੈਲਬਰਨ, (ਪੰਜਾਬ ਮੇਲ)-** ਆਸਟਰੇਲੀਆ ਨੇ ਗੁਰਬਾਣੀ ਦੀ ਬੇਅਦਬੀ ਅਤੇ ਗੁਟਕਾ ਸਾਹਿਬ ਦੇ ਅੰਗ ਖਿਲਾਰਨ ਵਾਲੇ ਕਥਿਤ ਦੋਸ਼ੀ ਦਾ ਵੀਜ਼ਾ ਰੱਦ ਕਰਦਿਆਂ ਉਸ ਨੂੰ ਮੁਲਕ 'ਚੋਂ ਕੱਢਣ ਦਾ ਫ਼ੈਸਲਾ ਕੀਤਾ ਹੈ। ਜਾਣਕਾਰੀ ਮੁਤਾਬਕ ਅਗਸਤ 'ਚ ਪਰਥ ਸਥਿਤ ਗੁਰਦੁਆਰਾ ਕੈਨਿੰਗਵੇਲ ਦੇ ਬਾਹਰ ਗੁਟਕਾ ਸਾਹਿਬ ਦੀ ਬੇਅਦਬੀ ਕਰਨ ਦੀ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਸੀ ਅਤੇ ਬੇਅਦਬੀ ਕਰਨ ਦੇ ਦੋਸ਼ ਹੇਠ ਖਿਜਾਰ ਹਿਆਤ (21) ਨੂੰ ਵੈਸਟਰਨ ਆਸਟਰੇਲੀਆ ਪੁਲਿਸ ਦੀਆਂ ਟੀਮਾਂ ਨੇ ਘਟਨਾ ਤੋਂ ਕੁਝ ਦਿਨਾਂ ਬਾਅਦ ਹੀ ਗ੍ਰਿਫ਼ਤਾਰ ਕਰਨ ਮਗਰੋਂ ਸਥਾਨਕ ਅਦਾਲਤ 'ਚ ਪੇਸ਼ ਕੀਤਾ ਸੀ, ਪਰ ਅਦਾਲਤੀ ਕਾਨੂੰਨ ਮੁਤਾਬਕ ਉਕਤ ਕਥਿਤ ਦੋਸ਼ੀ ਨੂੰ ਸਖ਼ਤ ਸਜ਼ਾ ਨਾ ਦੇਣ ਤੋਂ ਸਿੱਖ ਸੰਸਥਾਵਾਂ ਵੱਲੋਂ ਨਾਰਾਜ਼ਗੀ ਦਾ ਪ੍ਰਗਟਾਵਾ ਕਰਦਿਆਂ ਕੇਂਦਰ ਸਰਕਾਰ ਨੂੰ ਇਸ ਬਾਰੇ ਸਖ਼ਤ ਕਦਮ ਚੁੱਕਣ ਦੀ ਅਪੀਲ ਕੀਤੀ ਗਈ ਸੀ।

ਹੁਣ ਸਖ਼ਤ ਕਦਮ ਚੁੱਕਦਿਆਂ ਮੁਲਕ ਦੇ ਆਵਾਸ ਮੰਤਰੀ ਟੋਨੀ ਬਰਕ ਨੇ ਕਥਿਤ ਦੋਸ਼ੀ ਦਾ ਵੀਜ਼ਾ ਰੱਦ ਕਰਦਿਆਂ ਉਸ ਨੂੰ ਮੁਲਕ 'ਚੋਂ ਕੱਢਣ ਦਾ ਐਲਾਨ ਕੀਤਾ ਹੈ। ਅਗਲੇਰੀ ਕਾਰਵਾਈ ਮਗਰੋਂ ਇਸ ਸਮੇਂ ਆਵਾਸ ਬੰਦੀ ਕੇਂਦਰ 'ਚ ਨਜ਼ਰਬੰਦ ਖਿਜਾਰ ਹਿਆਤ ਨੂੰ ਦੇਸ਼ ਨਿਕਾਲਾ ਦੇ ਦਿੱਤਾ ਜਾਵੇਗਾ। ਜਾਣਕਾਰੀ ਮੁਤਾਬਕ ਉਸ ਦਾ ਪਿਛੋਕੜ ਪਾਕਿਸਤਾਨ ਦਾ ਹੈ। ਸਿੱਖ ਐਸੋਸੀਏਸ਼ਨ ਆਫ਼ ਵੈਸਟਰਨ ਆਸਟਰੇਲੀਆ ਨੇ ਆਵਾਸ ਮੰਤਰੀ ਟੋਨੀ ਬਰਕ ਤੇ ਸੂਬਾ ਸੰਸਦ ਮੈਂਬਰ ਸੈਮ ਲਿਮ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਹੈ।

# ਅਮਰੀਕਾ 'ਚ ਗੈਰ-ਕਾਨੂੰਨੀ ਇਮੀਗ੍ਰੇਸ਼ਨ 'ਚ ਹੋਏ ਮਹੱਤਵਪੂਰਨ ਵਾਧੇ ਤੋਂ ਕੈਨੇਡੀਅਨ ਸਰਹੱਦੀ ਅਧਿਕਾਰੀ ਸੀ ਜਾਣੂ!

- **ਕੈਨੇਡਾ ਬਾਰਡਰ 'ਤੇ ਚੱਲ ਰਹੀ ਗੈਰ ਕਾਨੂੰਨੀ ਇਮੀਗ੍ਰੇਸ਼ਨ ਨੂੰ ਲੈ ਕੇ ਇਕ ਰਿਪੋਰਟ 'ਚ ਹੋਇਆ ਖੁਲਾਸਾ**

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਬਾਰਡਰ 'ਤੇ ਚੱਲ ਰਹੀ ਗੈਰ ਕਾਨੂੰਨੀ ਇਮੀਗ੍ਰੇਸ਼ਨ ਨੂੰ ਲੈ ਕੇ ਇਕ ਰਿਪੋਰਟ ਵਿਚ ਖੁਲਾਸਾ ਹੋਇਆ ਹੈ। ਇੱਕ ਖੁਫੀਆ ਰਿਪੋਰਟ ਅਨੁਸਾਰ ਕੈਨੇਡੀਅਨ ਸਰਹੱਦੀ ਅਧਿਕਾਰੀ ਅਮਰੀਕਾ ਵਿਚ ਗੈਰ-ਕਾਨੂੰਨੀ ਇਮੀਗ੍ਰੇਸ਼ਨ ਵਿਚ ਮਹੱਤਵਪੂਰਨ ਵਾਧੇ ਤੋਂ ਜਾਣੂ ਸਨ। ਇਸ ਵਿਚ ਭਾਰਤੀਆਂ ਦੇ ਨਾਲ-ਨਾਲ ਹੋਰ ਦੇਸ਼ਾਂ ਦੇ ਲੋਕ ਵੀ ਸ਼ਾਮਲ ਸਨ। ਵੱਖ-ਵੱਖ ਸਰਕਾਰੀ ਏਜੰਸੀਆਂ 'ਚ ਸਰਕੂਲੇਟ ਕੀਤੀ ਗਈ ਇਹ ਰਿਪੋਰਟ ਅਮਰੀਕਾ ਦੇ ਚੁਣੇ ਗਏ ਨਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਕੈਨੇਡਾ ਤੋਂ ਨਿਰਯਾਤ ਕੀਤੇ ਸਮਾਨ 'ਤੇ 25% ਟੈਰਿਫ ਲਗਾਉਣ ਦੀ ਧਮਕੀ ਦੇਣ ਦੇ ਲਗਭਗ ਇੱਕ ਸਾਲ ਪਹਿਲਾਂ ਆਈ ਸੀ। ਉਦੋਂ ਤੱਕ ਓਟਾਵਾ ਨੇ ਅਮਰੀਕਾ ਵਿਚ ਫੈਂਟਾਨਿਲ ਮਤਲਬ ਡਰੱਗ ਦੇ ਪ੍ਰਵਾਹ ਨੂੰ ਨਹੀਂ ਰੋਕਿਆ ਸੀ।

ਏਜੰਸੀ ਦਾ ਇੰਟੈਲੀਜੈਂਸ ਕਲੈਕਸ਼ਨ, ਐਨਾਲਿਸਿਸ ਐਂਡ ਪ੍ਰੋਡਕਸ਼ਨ ਡਿਵੀਜ਼ਨ (ਆਈ.ਸੀ.ਏ.ਪੀ.) ਤੇ ਵੈਨਕੂਵਰ ਸਥਿਤ ਇਮੀਗ੍ਰੇਸ਼ਨ ਵਕੀਲ ਰਿਚਰਡ ਕੁਰਲੈਂਡ ਦੁਆਰਾ ਪ੍ਰਾਪਤ ਕੀਤਾ ਗਿਆ। ਦਸੰਬਰ 2023 ਵਿਚ ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਅਤੇ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐੱਮ.ਪੀ.) ਦੇ ਅਧਿਕਾਰੀਆਂ ਨਾਲ ਸਾਂਝੇ ਕੀਤੇ ਗਏ ਦਸਤਾਵੇਜ਼ ਵਿਚ ਕਿਹਾ ਗਿਆ ਹੈ, "2022 ਤੋਂ ਬਾਅਦ ਅਮਰੀਕਾ ਵਿਚ ਦੱਖਣ ਵੱਲ ਦੀ ਆਵਾਜਾਈ ਵਿਚ ਚਿੰਤਾਜਨਕ ਵਾਧਾ ਹੋਇਆ ਹੈ।" ਖੁਫੀਆ ਰਿਪੋਰਟ ਵਿਚ ਚਿਤਾਵਨੀ ਦਿੱਤੀ ਗਈ ਸੀ, "ਯੂਨਾਈਟਿਡ ਸਟੇਟ ਕਸਟਮਜ਼ ਐਂਡ ਬਾਰਡਰ ਪੈਟਰੋਲ (ਯੂ.ਐੱਸ.ਸੀ.ਬੀ.ਪੀ.) ਦੁਆਰਾ ਰਿਪੋਰਟ ਕੀਤੀ ਦੱਖਣ ਵੱਲ ਵੱਧ ਰਹੀਆਂ ਗ੍ਰਿਫ਼ਤਾਰੀਆਂ ਦੀ ਗਿਣਤੀ ਕੈਨੇਡਾ ਅਤੇ ਅਮਰੀਕਾ ਵਿਚਕਾਰ ਇੱਕ ਦੁਵੱਲੀ ਪਰੇਸ਼ਾਨੀ ਹੈ।"

ਅਸਥਾਈ ਰਿਹਾਇਸ਼ੀ ਵੀਜ਼ਾ (ਵਿਜ਼ਟਰ ਵੀਜ਼ਾ) ਦਾ ਹਵਾਲਾ ਦਿੰਦੇ ਹੋਏ ਦਸਤਾਵੇਜ਼ ਵਿਚ ਕਿਹਾ ਗਿਆ, "ਭਾਰਤੀ ਨਾਗਰਿਕਾਂ ਨੇ ਕੈਨੇਡਾ ਦੀ ਯਾਤਰਾ ਕਰਨ ਲਈ ਗ਼ਲਤ ਤਰੀਕੇ ਨਾਲ ਪ੍ਰਾਪਤ ਕੀਤੇ ਅਸਲ ਟੀ.ਆਰ.ਵੀ. ਦਾ ਵੱਧ ਤੋਂ ਵੱਧ ਵਰਤੋਂ ਕੀਤੀ। ਯੂ.ਐੱਸ.ਸੀ.ਬੀ.ਪੀ. ਤੋਂ ਉੱਤਰੀ ਸਰਹੱਦ 'ਤੇ ਹੋਏ ਮੁਕਾਬਲਿਆਂ ਦੇ ਅੰਕੜਿਆਂ ਮੁਤਾਬਕ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲੇ ਭਾਰਤੀਆਂ ਦੀ ਕੁੱਲ ਗਿਣਤੀ ਦਾ 22 ਫੀਸਦੀ ਹੋ ਗਈ ਹੈ, ਜੋ ਆਪਣੇ ਆਪ 'ਚ ਵੀ ਵਾਧਾ ਹੈ। ਸੀ.ਬੀ.ਪੀ. ਆਪਣੇ ਵਿੱਤੀ ਸਾਲ ਦੇ ਅਨੁਸਾਰ ਡੇਟਾ ਪ੍ਰਦਾਨ ਕਰਦਾ ਹੈ, ਜੋ ਅਗਲੇ ਸਾਲ ਅਕਤੂਬਰ ਤੋਂ ਸਤੰਬਰ ਤੱਕ ਚੱਲਦਾ ਹੈ। 2022 ਵਿਚ ਕੁੱਲ 109,535 ਅਜਿਹੀਆਂ ਕੋਸ਼ਿਸ਼ਾਂ ਵਿਚੋਂ ਅਮਰੀਕਾ 'ਚ ਕ੍ਰਾਸਿੰਗ ਕਰਨ ਦੀ ਕੋਸ਼ਿਸ਼ ਕੀਤੀ ਗਈ, ਜਿਨ੍ਹਾਂ ਵਿਚ ਲਗਭਗ 16% ਭਾਰਤੀ ਸਨ। ਇਹ ਪ੍ਰਤੀਸ਼ਤਤਾ 2023 ਵਿਚ ਸਥਿਰ ਰਹੀ, ਹਾਲਾਂਕਿ ਇਹ ਅੰਕੜੇ ਤੇਜ਼ੀ ਨਾਲ ਵਧ ਕੇ ਕੁੱਲ 189,402 ਹੋ ਗਏ, ਜਿਸ ਵਿਚ ਭਾਰਤੀਆਂ ਦੀ ਗਿਣਤੀ 30,010 ਹੈ। ਇਸ ਸਾਲ 43,764 ਭਾਰਤੀ, ਕੁੱਲ 198,929 ਵਿਚੋਂ 22% ਦੇ ਕਰੀਬ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ।

ਇਹ ਅੰਕੜੇ ਉਨ੍ਹਾਂ ਲੋਕਾਂ ਬਾਰੇ ਹਨ, ਜਿਨ੍ਹਾਂ ਨੂੰ ਸਰਹੱਦੀ ਅਧਿਕਾਰੀਆਂ ਨੇ ਫੜਿਆ ਸੀ। ਰਿਪੋਰਟ ਮੁਤਾਬਕ ਅਪ੍ਰੈਲ ਅਤੇ ਸਤੰਬਰ 2023 ਵਿਚਕਾਰ ਦੇਸ਼ ਵਿਚ ਅਜਿਹੇ ਗੁਪਤ ਦਾਖਲੇ ਤੋਂ ਬਾਅਦ ਕੈਨੇਡਾ ਵਿਚ 1,921 ਸ਼ਰਨਾਰਥੀ ਦਾਅਵੇ ਕੀਤੇ ਗਏ ਸਨ। ਅਜਿਹੀ ਯਾਤਰਾ ਕਰਨ ਵਾਲੇ ਸਭ ਤੋਂ ਵੱਡੇ ਸਮੂਹ ਅਫਗਾਨ ਨਾਗਰਿਕ ਹਨ, ਜਿਨ੍ਹਾਂ ਦੀ ਗਿਣਤੀ 431 ਹੈ, ਇਸ ਤੋਂ ਬਾਅਦ ਸ਼੍ਰੀਲੰਕਾ ਅਤੇ ਤੁਰਕ ਹਨ। 54 ਭਾਰਤੀਆਂ ਨੇ ਉੱਤਰ ਵੱਲੋਂ ਜਾਣ ਦਾ ਘੱਟ ਜ਼ੋਖਮ ਉਠਾਇਆ।

# ਵਿਗਿਆਨੀਆਂ ਨੇ ਧਰਤੀ 'ਤੇ ਤਾਪਮਾਨ ਵਧਣ ਦੀ ਦਿੱਤੀ ਚਿਤਾਵਨੀ

**ਵਾਸ਼ਿੰਗਟਨ, (ਪੰਜਾਬ ਮੇਲ)-** ਜਲਵਾਯੂ ਪਰਿਵਰਤਨ ਦੇ ਪ੍ਰਭਾਵ ਹੁਣ ਪੂਰੀ ਦੁਨੀਆਂ ਵਿਚ ਤੇਜ਼ੀ ਨਾਲ ਦਿਖਾਈ ਦੇ ਰਹੇ ਹਨ। ਕਿਤੇ ਅੱਤ ਦੀ ਗਰਮੀ ਪੈ ਰਹੀ ਹੈ, ਤਾਂ ਕਿਤੇ ਠੰਡ ਨੇ ਲੋਕ ਠਾਰ ਦਿੱਤੇ ਹਨ। ਇਸ ਦੌਰਾਨ ਯੂਰਪ ਦੀ ਜਲਵਾਯੂ ਪਰਿਵਰਤਨ ਏਜੰਸੀ ਕੋਪਰਨਿਕਸ ਨੇ ਇਕ ਡਰਾਉਣਾ ਅੰਦਾਜ਼ਾ ਜਾਰੀ ਕੀਤਾ ਹੈ। ਏਜੰਸੀ ਨੇ ਕਿਹਾ ਹੈ ਕਿ ਸਾਲ 2024 ਦੁਨੀਆਂ ਦੇ ਇਤਿਹਾਸ ਦਾ ਸਭ ਤੋਂ ਗਰਮ ਸਾਲ ਹੋਣ ਵਾਲਾ ਹੈ। ਏਜੰਸੀ ਨੇ ਕਿਹਾ ਕਿ ਇਹ ਲਗਭਗ ਤੈਅ ਹੈ ਕਿ 2024 ਰਿਕਾਰਡ 'ਤੇ ਸਭ ਤੋਂ ਗਰਮ ਸਾਲ ਹੋਵੇਗਾ। ਬਿਆਨ ਵਿਚ ਕਿਹਾ ਗਿਆ ਹੈ ਕਿ ਇਹ ਪਹਿਲੀ ਵਾਰ ਹੋਵੇਗਾ, ਜਦੋਂ ਔਸਤ ਤਾਪਮਾਨ ਪੂਰਵ-ਉਦਯੋਗਿਕ ਪੱਧਰ ਤੋਂ 1.5 ਡਿਗਰੀ ਸੈਲਸੀਅਸ ਵੱਧ ਹੋਵੇਗਾ।




ਏਜੰਸੀ ਨੇ ਕਿਹਾ ਕਿ ਇਸ ਸਾਲ ਇਤਿਹਾਸ ਦਾ ਦੂਜਾ ਸਭ ਤੋਂ ਗਰਮ ਨਵੰਬਰ ਦਰਜ ਕੀਤਾ ਗਿਆ। ਹਾਲਾਂਕਿ ਨਵੰਬਰ 2023 ਅਜੇ ਵੀ ਇਤਿਹਾਸ ਦਾ ਸਭ ਤੋਂ ਗਰਮ ਨਵੰਬਰ ਬਣਿਆ ਹੋਇਆ ਹੈ। ਇਸ ਵਾਰ ਨਵੰਬਰ ਵਿਚ ਸਤਹੀ ਹਵਾ ਦਾ ਤਾਪਮਾਨ 14.10 ਡਿਗਰੀ ਸੈਲਸੀਅਸ ਸੀ, ਜੋ ਕਿ 1991 ਤੋਂ 2020 ਦੇ ਔਸਤ ਤਾਪਮਾਨ ਨਾਲੋਂ 0.73 ਡਿਗਰੀ ਸੈਲਸੀਅਸ ਵੱਧ ਹੈ। ਗਲੋਬਲ ਵਾਰਮਿੰਗ ਨਾਲ ਸਬੰਧਤ ਇੱਕ ਹੋਰ ਅਣਚਾਹਿਆ ਰਿਕਾਰਡ ਵੀ ਨਵੰਬਰ ਵਿਚ ਹੀ ਬਣਿਆ ਹੈ। ਇਸ ਸਮੇਂ ਦੌਰਾਨ ਔਸਤ ਗਲੋਬਲ ਤਾਪਮਾਨ ਪੂਰਵ-ਉਦਯੋਗਿਕ ਸਮਿਆਂ ਦੇ ਪੱਧਰ ਨਾਲੋਂ 1.62 ਡਿਗਰੀ ਸੈਲਸੀਅਸ ਵੱਧ ਰਿਹਾ ਹੈ। ਕੋਪਰਨਿਕਸ ਏਜੰਸੀ ਅਨੁਸਾਰ ਪਿਛਲੇ 17 ਮਹੀਨਿਆਂ ਵਿਚ ਇਹ 16ਵਾਂ ਮਹੀਨਾ ਹੈ, ਜਦੋਂ ਔਸਤ ਗਲੋਬਲ ਤਾਪਮਾਨ ਪੂਰਵ-ਉਦਯੋਗਿਕ ਸਮੇਂ ਦੇ ਪੱਧਰ ਤੋਂ 1.5 ਡਿਗਰੀ ਸੈਲਸੀਅਸ ਵੱਧ ਰਿਹਾ ਹੈ।

ਭਾਰਤ ਦੇ ਮੌਸਮ ਵਿਭਾਗ ਅਨੁਸਾਰ 1901 ਤੋਂ ਬਾਅਦ ਇਹ ਭਾਰਤ ਲਈ ਦੂਜਾ ਸਭ ਤੋਂ ਗਰਮ ਨਵੰਬਰ ਰਿਹਾ ਹੈ। ਇਸ ਦੌਰਾਨ ਔਸਤ ਵੱਧ ਤੋਂ ਵੱਧ ਤਾਪਮਾਨ 29.37 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ, ਜੋ ਕਿ ਆਮ ਨਾਲੋਂ 0.62 ਡਿਗਰੀ ਸੈਲਸੀਅਸ ਵੱਧ ਹੈ। ਜੇਕਰ ਅਸੀਂ 2024 ਦੇ ਜਨਵਰੀ ਤੋਂ ਨਵੰਬਰ ਤੱਕ ਦੇ ਸਮੇਂ ਦੀ ਗੱਲ ਕਰੀਏ, ਤਾਂ ਔਸਤ ਵਿਸ਼ਵ ਤਾਪਮਾਨ 1991-2020 ਦੇ ਤਾਪਮਾਨ ਨਾਲੋਂ ਲਗਭਗ 0.72 ਡਿਗਰੀ ਸੈਲਸੀਅਸ ਵੱਧ ਹੋਵੇਗਾ। ਇਸ ਦੇ ਨਾਲ ਹੀ ਜਨਵਰੀ-ਨਵੰਬਰ 2023 ਦੇ ਮੁਕਾਬਲੇ ਇਸ ਸਾਲ ਇਸੇ ਸਮੇਂ ਦੌਰਾਨ ਤਾਪਮਾਨ 0.14 ਡਿਗਰੀ ਸੈਲਸੀਅਸ ਵੱਧ ਸੀ।

ਯੂਰਪੀ ਏਜੰਸੀ ਦੇ ਵਿਗਿਆਨੀਆਂ ਨੇ ਕਿਹਾ ਕਿ 2023 ਦਾ ਤਾਪਮਾਨ ਪੂਰਵ-ਉਦਯੋਗਿਕ ਪੱਧਰ ਤੋਂ 1.48 ਡਿਗਰੀ ਸੈਲਸੀਅਸ ਵੱਧ ਸੀ, ਇਸ ਲਈ ਇਹ ਲਗਭਗ ਤੈਅ ਹੈ ਕਿ 2024 ਵਿਚ ਸਾਲਾਨਾ ਤਾਪਮਾਨ 1.5 ਡਿਗਰੀ ਸੈਲਸੀਅਸ ਵੱਧ ਹੋਵੇਗਾ।

# ਦੁਨੀਆਂ 'ਚ ਅਰਬਪਤੀਆਂ ਦੀ ਕੁੱਲ ਜਾਇਦਾਦ 'ਚ ਰਿਕਾਰਡ ਵਾਧਾ

**ਨਵੀਂ ਦਿੱਲੀ, (ਪੰਜਾਬ ਮੇਲ)-** ਦੁਨੀਆਂ 'ਚ ਅਰਬਪਤੀਆਂ ਦੀ ਕੁੱਲ ਜਾਇਦਾਦ 'ਚ ਰਿਕਾਰਡ ਵਾਧਾ ਹੋਇਆ ਹੈ। ਪਿਛਲੇ 10 ਸਾਲਾਂ 'ਚ ਉਨ੍ਹਾਂ ਦੀ ਜਾਇਦਾਦ 121 ਫੀਸਦੀ ਵਧ ਕੇ 14 ਖਰਬ ਡਾਲਰ ਹੋ ਗਈ ਹੈ। ਇਸ ਵਿਚ ਟੈੱਕ ਅਰਬਪਤੀਆਂ ਦਾ ਖਜ਼ਾਨਾ ਸਭ ਤੋਂ ਤੇਜ਼ੀ ਨਾਲ ਭਰ ਰਿਹਾ ਹੈ। ਸਵਿਸ ਬੈਂਕ ਯੂ.ਬੀ.ਐੱਸ. ਨੇ ਆਪਣੀ ਨਵੀਨਤਮ ਰਿਪੋਰਟ ਵਿਚ ਇਹ ਜਾਣਕਾਰੀ ਦਿੱਤੀ ਹੈ।

'ਜਾਪਾਨ ਟੂਡੇ' ਦੀ ਖਬਰ ਮੁਤਾਬਕ ਸਵਿਟਜ਼ਰਲੈਂਡ ਦੇ ਸਭ ਤੋਂ ਵੱਡੇ ਬੈਂਕ ਯੂ.ਬੀ.ਐੱਸ. ਨੇ ਕਿਹਾ ਹੈ ਕਿ ਪਿਛਲੇ 10 ਸਾਲਾਂ 'ਚ ਡਾਲਰ ਅਰਬਪਤੀਆਂ ਦੀ ਗਿਣਤੀ 1,757 ਤੋਂ ਵਧ ਕੇ 2,682 ਹੋ ਗਈ ਹੈ, ਜੋ 2021 'ਚ 2,686 ਦੇ ਨਾਲ ਸਿਖਰ 'ਤੇ ਸੀ। ਯੂ.ਬੀ.ਐੱਸ. ਦੀ ਸਾਲਾਨਾ ਬਿਲੀਅਨੇਅਰ ਐਂਬੀਸ਼ਨ ਰਿਪੋਰਟ 'ਚ ਕਿਹਾ ਗਿਆ ਹੈ ਕਿ ਅਰਬਪਤੀਆਂ ਨੇ ਪਿਛਲੇ ਇਕ ਦਹਾਕੇ 'ਚ ਵੈਸ਼ਵਿਕ ਇਕੁਇਟੀ ਬਾਜ਼ਾਰਾਂ ਦੇ ਮੁਕਾਬਲੇ ਬਿਹਤਰ ਕਾਰਗੁਜ਼ਾਰੀ ਵਿਖਾਈ ਹੈ। 2015 ਤੇ 2024 ਵਿਚਾਲੇ ਕੁਲ ਅਰਬਪਤੀਆਂ ਦੀ ਜਾਇਦਾਦ 121 ਫੀਸਦੀ ਵਧ ਕੇ 6.3 ਖਰਬ ਡਾਲਰ ਤੋਂ 14.0 ਖਰਬ ਡਾਲਰ ਹੋ ਗਈ ਹੈ, ਜਦੋਂਕਿ ਵੈਸ਼ਵਿਕ ਇਕੁਇਟੀ ਦੇ ਐੱਮ.ਐੱਸ.ਸੀ. ਆਈ.ਏ.ਸੀ. ਵਰਲਡ ਇੰਡੈਕਸ ਵਿਚ 73 ਫੀਸਦੀ ਦਾ ਵਾਧਾ ਹੋਇਆ ਹੈ। ਟੈੱਕ ਅਰਬਪਤੀਆਂ ਦੀ ਜਾਇਦਾਦ 'ਚ ਸਭ ਤੋਂ ਤੇਜ਼ੀ ਨਾਲ ਵਾਧਾ ਹੋਇਆ ਹੈ। ਇਸ ਤੋਂ ਬਾਅਦ ਉਦਯੋਗਪਤੀਆਂ ਦੀ ਜਾਇਦਾਦ ਵਧੀ ਹੈ।

ਦੁਨੀਆਂ ਭਰ 'ਚ ਟੈੱਕ ਅਰਬਪਤੀਆਂ ਦੀ ਜਾਇਦਾਦ 2015 'ਚ 788.9 ਅਰਬ ਡਾਲਰ ਤੋਂ ਵਧ ਕੇ 2024 'ਚ 2.4 ਖਰਬ ਡਾਲਰ ਹੋ ਗਈ। ਰਿਪੋਰਟ 'ਚ ਦੱਸਿਆ ਗਿਆ ਹੈ ਕਿ 2020 ਤੋਂ ਚੀਨ ਦੇ ਅਰਬਪਤੀਆਂ ਵਿਚ ਗਿਰਾਵਟ ਕਾਰਨ ਵੈਸ਼ਵਿਕ ਵਿਕਾਸ ਦਾ ਰੁਝਾਨ ਹੌਲੀ ਹੋ ਗਿਆ ਸੀ।

ਭਾਰਤੀ ਅਰਬਪਤੀਆਂ ਦੀ ਜਾਇਦਾਦ 42.1 ਫੀਸਦੀ ਵਧ ਕੇ 905.6 ਬਿਲੀਅਨ ਡਾਲਰ ਹੋ ਗਈ, ਜਦੋਂਕਿ ਉਨ੍ਹਾਂ ਦੀ ਗਿਣਤੀ 153 ਤੋਂ ਵਧ ਕੇ 185 ਹੋ ਗਈ। ਚੀਨੀ ਅਰਬਪਤੀਆਂ ਦੀ ਜਾਇਦਾਦ ਸਾਲ 2015 ਤੋਂ 2020 ਤਕ ਦੁੱਗਣੀ ਤੋਂ ਵੱਧ ਹੋ ਗਈ, ਜੋ 887.3 ਅਰਬ ਡਾਲਰ ਤੋਂ ਵਧ ਕੇ 2.1 ਖਰਬ ਡਾਲਰ ਹੋ ਗਈ ਪਰ ਉਸ ਵੇਲੇ ਤੋਂ 1.8 ਖਰਬ ਡਾਲਰ 'ਤੇ ਆ ਗਈ ਹੈ। 2015 ਤੋਂ 2020 ਤਕ ਵੈਸ਼ਵਿਕ ਪੱਧਰ 'ਤੇ ਅਰਬਪਤੀਆਂ ਦੀ ਜਾਇਦਾਦ ਵਿਚ 10 ਫੀਸਦੀ ਦੀ ਸਾਲਾਨਾ ਦਰ ਨਾਲ ਵਾਧਾ ਹੋਇਆ ਪਰ 2020 ਤੋਂ ਇਹ ਵਾਧਾ ਘਟ ਕੇ ਇਕ ਫੀਸਦੀ ਰਹਿ ਗਿਆ ਹੈ। ਰਿਪੋਰਟ ਮੁਤਾਬਕ ਅਰਬਪਤੀ ਜ਼ਿਆਦਾ ਵਾਰ ਸ਼ਿਫਟ ਹੋ ਰਹੇ ਹਨ। ਸਾਲ 2020 ਤੋਂ 176 ਵਿਅਕਤੀ ਦੇਸ਼ ਬਦਲ ਚੁੱਕੇ ਹਨ, ਜਿਨ੍ਹਾਂ ਵਿਚ ਸਵਿਟਜ਼ਰਲੈਂਡ, ਸੰਯੁਕਤ ਅਰਬ ਅਮੀਰਾਤ, ਸਿੰਗਾਪੁਰ ਤੇ ਸੰਯੁਕਤ ਰਾਜ ਅਮਰੀਕਾ ਹਰਮਨਪਿਆਰੇ ਦੇਸ਼ ਹਨ। 2024 'ਚ ਲੱਗਭਗ 268 ਵਿਅਕਤੀ ਪਹਿਲੀ ਵਾਰ ਅਰਬਪਤੀ ਬਣੇ, ਜਿਨ੍ਹਾਂ ਵਿਚੋਂ 60 ਫੀਸਦੀ ਉੱਦਮੀ ਸਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਮਰੀਕੀ ਅਰਬਪਤੀਆਂ ਨੇ 2024 'ਚ ਸਭ ਤੋਂ ਵੱਧ ਲਾਭ ਕਮਾਇਆ, ਜਿਸ ਨਾਲ ਅਰਬਪਤੀ ਉੱਦਮੀਆਂ ਲਈ ਦੁਨੀਆਂ ਦੇ ਮੁੱਖ ਕੇਂਦਰ ਵਜੋਂ ਦੇਸ਼ ਦੀ ਸਥਿਤੀ ਮਜ਼ਬੂਤ ਹੋਈ। ਮੁੱਖ ਭੂਮੀ ਚੀਨ ਤੇ ਹਾਂਗਕਾਂਗ ਦੇ ਅਰਬਪਤੀਆਂ ਦੀ ਜਾਇਦਾਦ 16.8 ਫੀਸਦੀ ਘੱਟ ਕੇ 1.8 ਟ੍ਰਿਲੀਅਨ ਡਾਲਰ ਰਹਿ ਗਈ, ਜਦੋਂਕਿ ਅਰਬਪਤੀਆਂ ਦੀ ਗਿਣਤੀ 588 ਤੋਂ ਘੱਟ ਕੇ 501 ਰਹਿ ਗਈ। ਯੂ.ਏ.ਈ. ਦੇ ਅਰਬਪਤੀਆਂ ਦੀ ਕੁਲ ਜਾਇਦਾਦ 39.5 ਫੀਸਦੀ ਵਧ ਕੇ 138.7 ਬਿਲੀਅਨ ਡਾਲਰ ਹੋ ਗਈ।

# ਸ਼੍ਰੋਮਣੀ ਕਮੇਟੀ ਵੱਲੋਂ ਨਰਾਇਣ ਸਿੰਘ ਚੌੜਾ ਨੂੰ ਪੰਥ 'ਚੋਂ ਛੇਕਣ ਵਾਸਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਪੀਲ

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਈ ਅੰਤ੍ਰਿੰਗ ਕਮੇਟੀ ਦੀ ਉਚੇਚੀ ਇਕੱਤਰਤਾ 'ਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਵੇਸ਼ ਦੁਆਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲੱਗੀ ਸੇਵਾ ਨਿਭਾਅ ਰਹੇ ਸੇਵਾਦਾਰ ਉੱਤੇ 4 ਦਸੰਬਰ ਨੂੰ ਨਰਾਇਣ ਸਿੰਘ ਚੌੜਾ ਵੱਲੋਂ ਗੋਲੀਆਂ ਨਾਲ ਹਮਲਾ ਕਰਨ ਅਤੇ ਸਿੱਖਾਂ ਦੇ ਪਾਵਨ ਅਸਥਾਨ ਦੇ ਸ਼ਾਂਤਮਈ ਤੇ ਰੂਹਾਨੀ ਵਾਤਾਵਰਨ ਨੂੰ ਭੰਗ ਕਰਨ ਦੀ ਕਰੜੀ ਨਿੰਦਾ ਕਰਦਿਆਂ, ਦੋਸ਼ੀ ਨੂੰ ਪੰਥ ਵਿਚੋਂ ਛੇਕਣ ਲਈ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ ਗਈ। ਇੱਕਨੁਕਾਤੀ ਏਜੰਡੇ 'ਤੇ ਸੱਦੀ ਗਈ ਇਸ ਇਕੱਤਰਤਾ ਦੌਰਾਨ ਉਕਤ ਮਾਮਲੇ ਦਾ ਨੋਟਿਸ ਲੈਂਦਿਆਂ ਇੱਕ ਵਿਸ਼ੇਸ਼ ਨਿੰਦਾ ਮਤਾ ਪਾਸ ਕਰਕੇ ਜਿੱਥੇ ਸਾਰੇ ਮਾਮਲੇ ਦੀ ਪੜਤਾਲ ਵਾਸਤੇ ਇੱਕ ਕਮੇਟੀ ਬਣਾਈ ਗਈ ਹੈ, ਉੱਥੇ ਹੀ ਇਸ ਘਟਨਾ ਨੂੰ ਡੂੰਘੀ ਸਾਜ਼ਿਸ਼ ਵੀ ਕਰਾਰ ਦਿੱਤਾ ਗਿਆ। ਇਕੱਤਰਤਾ ਤੋਂ ਬਾਅਦ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਅੰਤ੍ਰਿੰਗ ਕਮੇਟੀ ਅਹੁਦੇਦਾਰਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਪਾਸ ਕੀਤਾ ਗਿਆ ਮਤਾ ਸੌਂਪਿਆ ਅਤੇ ਨਰਾਇਣ ਸਿੰਘ ਚੌੜਾ ਨੂੰ ਪੰਥ ਵਿਚੋਂ ਛੇਕਣ ਦੀ ਮੰਗ ਕੀਤੀ।



ਮੀਡੀਆ ਨੂੰ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਆਖਿਆ ਕਿ ਬੀਤੇ ਦਿਨੀਂ ਲੱਗੀ ਸੇਵਾ ਨਿਭਾਅ ਰਹੇ ਸ. ਸੁਖਬੀਰ ਸਿੰਘ ਬਾਦਲ 'ਤੇ ਕੀਤੇ ਗਏ ਹਮਲੇ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਡਿਊਢੀ 'ਤੇ ਗੋਲੀ ਲੱਗਣ ਨਾਲ ਪੂਰੇ ਵਿਸ਼ਵ ਦੀਆਂ ਸੰਗਤਾਂ ਦੇ ਮਨਾਂ ਨੂੰ ਭਾਰੀ ਠੇਸ ਪੁੱਜੀ ਹੈ ਅਤੇ ਇਸ ਨਾਲ ਸੰਗਤ ਅੰਦਰ ਡਰ ਦਾ ਮਾਹੌਲ ਵੀ ਪੈਦਾ ਹੋਇਆ ਹੈ। ਉਨ੍ਹਾਂ ਕਿਹਾ ਕਿ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਤੌਹੀਨ ਹੋਣ ਦੇ ਨਾਲ-ਨਾਲ ਮੀਰੀ-ਪੀਰੀ ਦੇ ਸਿਧਾਂਤ, ਪੰਥਕ ਮਾਣ ਮਰਿਯਾਦਾ ਅਤੇ ਸਿੱਖ ਮਾਨਤਾਵਾਂ 'ਤੇ ਵੀ ਸੱਟ ਹੈ। ਉਨ੍ਹਾਂ ਕਿਹਾ ਕਿ ਅੰਤ੍ਰਿੰਗ ਕਮੇਟੀ ਨੇ ਇਸ ਦਾ ਕਰੜਾ ਨੋਟਿਸ ਲੈਂਦਿਆਂ ਬਹੁਸੰਮਤੀ ਨਾਲ ਨਿੰਦਾ ਮਤਾ ਪਾਸ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕਾਰਵਾਈ ਮੰਗੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਅੰਤ੍ਰਿੰਗ ਕਮੇਟੀ ਨੇ ਦੋਸ਼ੀ ਵਿਅਕਤੀ ਤੋਂ ਇਲਾਵਾ ਇਸ ਘਟਨਾ ਵਿਚ ਸ਼ਾਮਲ ਹੋਰ ਪੰਥ ਦੋਖੀਆਂ ਅਤੇ ਸਾਜ਼ਿਸ਼ਕਾਰਾਂ, ਸੁਰੱਖਿਆ ਵਿਚ ਖਾਮੀਆਂ, ਅੰਦਰੂਨੀ ਤੇ ਬਾਹਰੀ ਮਿਲੀਭੁਗਤ ਦੇ ਨਾਲ-ਨਾਲ ਪੁਲਿਸ ਪ੍ਰਸ਼ਾਸਨ ਦੀ ਮਾੜੀ ਕਾਰਗੁਜ਼ਾਰੀ ਦੀ ਘੋਖ ਦੀ ਲੋੜ ਨੂੰ ਵੀ ਮਹਿਸੂਸ ਕੀਤਾ ਹੈ। ਇਸ ਵਾਸਤੇ ਮੁਕੰਮਲ ਪੜਤਾਲ ਲਈ ਰਘੂਜੀਤ ਸਿੰਘ ਸੀਨੀਅਰ ਮੀਤ ਪ੍ਰਧਾਨ, ਸ਼ੇਰ ਸਿੰਘ ਮੰਡਵਾਲਾ ਜਨਰਲ ਸਕੱਤਰ, ਸੁਖਹਰਪ੍ਰੀਤ ਸਿੰਘ ਰੋਡੇ ਅੰਤ੍ਰਿੰਗ ਮੈਂਬਰ, ਕੁਲਵੰਤ ਸਿੰਘ ਮੰਨਣ ਮੁੱਖ ਸਕੱਤਰ ਅਤੇ ਪ੍ਰਤਾਪ ਸਿੰਘ ਸਕੱਤਰ (ਕੋਆਰਡੀਨੇਟਰ) ਦੇ ਆਧਾਰਿਤ ਇੱਕ ਕਮੇਟੀ ਬਣਾਈ ਹੈ, ਜੋ ਤਿੰਨ ਹਫ਼ਤਿਆਂ ਵਿਚ ਆਪਣੀ ਰਿਪੋਰਟ ਦੇਵੇਗੀ। ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ ਕਿ ਉਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮਾਣ ਸਤਿਕਾਰ ਨੂੰ ਲੱਗੀ ਢਾਅ ਦੇ ਮੱਦੇਨਜ਼ਰ ਇਸ ਮਾਮਲੇ ਵਿਚ ਦੋਸ਼ੀ ਖਿਲਾਫ਼ ਕਾਰਵਾਈ ਕਰਦਿਆਂ ਉਸ ਨੂੰ ਪੰਥ ਵਿਚੋਂ ਛੇਕਣ।

# ਸੁਖਬੀਰ ਤੇ ਹੋਰ ਅਹੁਦੇਦਾਰਾਂ ਦੇ ਅਸਤੀਫਿਆਂ ਦੇ ਮਾਮਲੇ 'ਚ ਅਕਾਲ ਤਖਤ ਤੋਂ 20 ਦਿਨਾਂ ਦੀ ਮੋਹਲਤ ਮਿਲੀ: ਭੂੰਦੜ

- **ਅਕਾਲੀ ਦਲ ਵੱਲੋਂ ਜਲਦੀ ਫੈਸਲਾ ਕਰਨ ਦਾ ਦਾਅਵਾ**
- **ਨਗਰ ਕੌਂਸਲ ਚੋਣਾਂ ਦੀਆਂ ਤਰੀਕਾਂ 'ਤੇ ਇਤਰਾਜ਼**



**ਤਲਵੰਡੀ ਸਾਬੋ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦਾਅਵਾ ਕੀਤਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਹੋਰਨਾਂ ਪਾਰਟੀ ਅਹੁਦੇਦਾਰਾਂ ਵੱਲੋਂ ਦਿੱਤੇ ਅਸਤੀਫਿਆਂ ਨੂੰ ਸਵੀਕਾਰ ਕਰਕੇ ਰਿਪੋਰਟ ਦੇਣ ਦੇ ਮਾਮਲੇ 'ਚ ਪਾਰਟੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 20 ਦਿਨਾਂ ਦੀ ਮੋਹਲਤ ਮਿਲ ਚੁੱਕੀ ਹੈ।

ਧਾਰਮਿਕ ਸੇਵਾ ਨਿਭਾਉਣ ਲਈ ਤਖ਼ਤ ਸ੍ਰੀ ਦਮਦਮਾ ਸਾਹਿਬ ਪੁੱਜੇ ਸ਼੍ਰੀ ਭੂੰਦੜ ਨੂੰ ਜਦ ਪੱਤਰਕਾਰਾਂ ਨੇ ਅਕਾਲੀ ਲੀਡਰਸ਼ਿਪ ਦੇ ਅਸਤੀਫਿਆਂ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੁਣਾਏ ਹੁਕਮ ਦੀ ਪਾਲਣਾ ਨਾ ਕਰਨ ਸਬੰਧੀ ਸਵਾਲ ਕੀਤਾ, ਤਾਂ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੋਂ ਅਸਤੀਫਿਆਂ ਦੇ ਮਾਮਲੇ 'ਚ ਸਮੁੱਚੀ ਪ੍ਰਕਿਰਿਆ ਦੇ ਪਾਲਣ ਲਈ 20 ਦਿਨਾਂ ਦੀ ਮੋਹਲਤ ਮੰਗੀ ਗਈ ਸੀ, ਜੋ ਸਿੰਘ ਸਾਹਿਬਾਨ ਵੱਲੋਂ ਦੇ ਦਿੱਤੀ ਗਈ ਹੈ ਅਤੇ ਹੁਣ ਉਸ ਸਮੇਂ ਦੌਰਾਨ ਅਗਲਾ ਫੈਸਲਾ ਲੈ ਲਿਆ ਜਾਵੇਗਾ।

ਬਲਵਿੰਦਰ ਸਿੰਘ ਭੂੰਦੜ ਨੇ ਇਸ ਮੌਕੇ ਸੂਬਾ ਚੋਣ ਕਮਿਸ਼ਨ ਵੱਲੋਂ ਨਗਰ ਕੌਂਸਲ ਚੋਣਾਂ ਕਰਵਾਉਣ ਲਈ ਐਲਾਨੀ ਤਰੀਕ 'ਤੇ ਇਤਰਾਜ਼ ਪ੍ਰਗਟਾਉਂਦਿਆਂ ਕਿਹਾ ਕਿ ਸਮੁੱਚੀ ਸਿੱਖ ਕੌਮ 15 ਦਸੰਬਰ ਤੋਂ ਬਾਅਦ ਸ਼ਹੀਦੀ ਪੰਦਰਵਾੜਾ ਮਨਾਉਂਦੀ ਹੈ। ਇਸ ਲਈ ਅਜਿਹੇ ਸਮੇਂ 'ਚ ਚੋਣਾਂ ਕਰਵਾਉਣੀਆਂ ਜਾਇਜ਼ ਨਹੀਂ। ਉਨ੍ਹਾਂ ਚੋਣ ਕਮਿਸ਼ਨ ਤੋਂ ਮੰਗ ਕੀਤੀ ਕਿ ਸਿੱਖ ਭਾਵਨਾਵਾਂ ਨੂੰ ਸਮਝਦਿਆਂ ਚੋਣ ਤਰੀਕਾਂ 'ਚ ਬਦਲਾਅ ਕੀਤਾ ਜਾਵੇ। ਇਸ ਮੌਕੇ ਜਥੇਦਾਰ ਮੋਹਨ ਸਿੰਘ ਬੰਗੀ, ਭਾਈ ਗੁਰਪ੍ਰੀਤ ਸਿੰਘ ਝੱਬਰ, ਮੇਜਰ ਸਿੰਘ ਢਿੱਲੋਂ ਅਤੇ ਭਾਈ ਸੁਰਜੀਤ ਸਿੰਘ ਰਾਏਪੁਰ ਚਾਰੇ ਮੈਂਬਰ ਸ਼੍ਰੋਮਣੀ ਕਮੇਟੀ ਮੌਜੂਦ ਸਨ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।

ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।



# ਭਾਰਤੀ-ਅਮਰੀਕੀ ਪਰਿਵਾਰ ਨਸਲੀ ਟਿੱਪਣੀ ਕਰਨ ਵਾਲੀ ਮਹਿਲਾ 'ਤੇ ਕਰੇਗਾ ਕੇਸ

**ਨਿਊਯਾਰਕ, (ਪੰਜਾਬ ਮੇਲ)-** ਇਕ ਭਾਰਤੀ-ਅਮਰੀਕੀ ਪਰਿਵਾਰ ਉਸ ਔਰਤ ਖ਼ਿਲਾਫ਼ ਮੁਕੱਦਮਾ ਦਰਜ ਕਰਨ 'ਤੇ ਵਿਚਾਰ ਕਰ ਰਿਹਾ ਹੈ, ਜਿਸ ਨੇ ਇਕ ਏਅਰਲਾਈਨ ਸ਼ਟਲ ਬੱਸ ਵਿਚ ਉਨ੍ਹਾਂ 'ਤੇ ਨਸਲੀ ਟਿੱਪਣੀ ਕੀਤੀ ਸੀ। ਪਰਿਵਾਰ ਨੇ ਕਿਹਾ ਕਿ ਉਨ੍ਹਾਂ ਦੀ ਪੀੜ੍ਹੀ ਆਪਣੇ ਮਾਪਿਆਂ ਦੀ ਪੀੜ੍ਹੀ ਨਾਲੋਂ ਵੱਖਰੀ ਹੈ ਅਤੇ ਉਹ ਸਿਰ ਝੁਕਾ ਕੇ ਚੁੱਪ ਨਹੀਂ ਬੈਠਣਗੇ। ਇਹ ਘਟਨਾ ਨਵੰਬਰ ਵਿਚ ਯੂਨਾਈਟਿਡ ਏਅਰਲਾਈਨਜ਼ ਦੇ ਇੱਕ ਸ਼ਟਲ ਵਿਚ ਵਾਪਰੀ, ਜਦੋਂ 50 ਸਾਲਾ ਫੋਟੋਗ੍ਰਾਫਰ ਪਰਵੇਜ਼ ਤੌਫੀਕ ਆਪਣੀ ਪਤਨੀ ਅਤੇ ਤਿੰਨ ਬੱਚਿਆਂ ਨਾਲ ਮੈਕਸੀਕੋ ਤੋਂ ਲਾਸ ਏਂਜਲਸ ਜਾ ਰਿਹਾ ਸੀ। ਤੌਫੀਕ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਪਰਿਵਾਰ ਨਾਲ ਵਾਪਰੀ ਘਟਨਾ ਦੀ ਵੀਡੀਓ ਸ਼ੇਅਰ ਕੀਤੀ ਹੈ। ਇਸ 'ਚ ਔਰਤ ਉਨ੍ਹਾਂ ਨੂੰ ਨਸਲੀ ਗਾਲ੍ਹਾਂ ਕੱਢਦੀ, ਇਤਰਾਜ਼ਯੋਗ ਸ਼ਬਦ ਬੋਲਦੀ ਅਤੇ ਅਪਮਾਨਜਨਕ ਇਸ਼ਾਰੇ ਕਰਦੀ ਨਜ਼ਰ ਆ ਰਹੀ ਹੈ।

ਔਰਤ ਕਹਿੰਦੀ ਹੈ, "ਤੁਹਾਡਾ ਪਰਿਵਾਰ ਭਾਰਤ ਤੋਂ ਹੈ, ਤੁਹਾਡੀ ਕੋਈ ਇੱਜ਼ਤ ਨਹੀਂ ਹੈ। ਤੁਹਾਡੇ ਕੋਲ ਕੋਈ ਨਿਯਮ ਨਹੀਂ ਹਨ।" ਪੇਸ਼ੇ ਤੋਂ ਫੋਟੋਗ੍ਰਾਫਰ ਤੌਫੀਕ ਨੇ ਇਕ ਇੰਟਰਵਿਊ 'ਚ ਉਸ ਦਿਨ ਨੂੰ ਯਾਦ ਕੀਤਾ, ਜਦੋਂ ਬੱਸ ਵਿਚ ਇਕ ਵਿਅਕਤੀ ਨੂੰ ਛੱਡ ਕੇ ਪਰਿਵਾਰ ਦਾ ਸਮਰਥਨ ਕਰਨ ਲਈ ਕੋਈ ਨਹੀਂ ਆਇਆ ਸੀ। ਉਸਨੇ ਕਿਹਾ, "ਇਹ ਬਹੁਤ ਦੁਖਦਾਈ ਸੀ ਕਿ ਉੱਥੇ ਕੋਈ ਨਹੀਂ ਸੀ।"

ਉਸਨੇ ਕਿਹਾ ਕਿ ਪਰ ਵੀਡੀਓ ਵਾਇਰਲ ਹੋਣ ਤੋਂ ਬਾਅਦ ਉਹ ਅਤੇ ਉਸਦਾ ਪਰਿਵਾਰ ਸੋਸ਼ਲ ਮੀਡੀਆ ਅਤੇ ਇਸ ਤੋਂ ਇਲਾਵਾ ਪ੍ਰਾਪਤ ਕੀਤੇ ਸਮਰਥਨ ਲਈ ਧੰਨਵਾਦੀ ਹਨ। ਤੌਫੀਕ ਨੇ ਕਿਹਾ, "ਯਕੀਨਨ, ਕੁਝ ਲੋਕ ਹੋਣਗੇ ਜੋ ਨਫਰਤ ਫੈਲਾਉਣਾ ਚਾਹੁੰਦੇ ਹਨ, ਜੋ ਵੰਡ ਫੈਲਾਉਣਾ ਚਾਹੁੰਦੇ ਹਨ। ਪਰ ਮੈਨੂੰ ਲੱਗਦਾ ਹੈ ਕਿ ਅਸਲ ਵਿਚ ਉਨ੍ਹਾਂ ਦੀ ਗਿਣਤੀ ਬਹੁਤ ਘੱਟ ਹੈ ਅਤੇ ਅਸੀਂ ਉਨ੍ਹਾਂ ਤੋਂ ਜ਼ਿਆਦਾ ਹਾਂ।" ਉਨ੍ਹਾਂ ਕਿਹਾ, "ਸਾਡੀ ਸੋਚ ਇਹ ਹੈ ਕਿ ਸਾਨੂੰ ਉਕਤ ਔਰਤ ਨੂੰ ਅਦਾਲਤ ਵਿਚ ਜਵਾਬਦੇਹ ਠਹਿਰਾਉਣਾ ਚਾਹੀਦਾ ਹੈ। ਬਦਕਿਸਮਤੀ ਨਾਲ ਯੂਨਾਈਟਿਡ ਫਲਾਈਟ ਸਾਡੀ ਕਿਸੇ ਵੀ ਤਰ੍ਹਾਂ ਨਾਲ ਮਦਦ ਨਹੀਂ ਕਰ ਸਕੀ।" ਤੌਫੀਕ ਨੇ ਕਿਹਾ ਕਿ ਔਰਤ ਦੇ ਪੱਖ ਤੋਂ ਜਵਾਬਦੇਹੀ ਜਾਂ ਆਤਮ ਨਿਰੀਖਣ ਦੀ ਕੋਈ ਭਾਵਨਾ ਨਹੀਂ ਸੀ। ਉਸਨੇ ਦੱਸਿਆ, "ਅਸੀਂ ਕੇਸ ਦਾਇਰ ਕਰਨ ਜਾ ਰਹੇ ਹਾਂ।

ਸਫਾ 1 ਦਾ ਬਾਕੀ

## ਟਰੂਡੋ ਸਰਕਾਰ ਡੇਗਣ ਦੀ ਇਕ ਹੋਰ ਕੋਸ਼ਿਸ਼ ਨਾਕਾਮ...

ਮੰਨਣਾ ਹੈ ਕਿ ਪੋਲੀਵਰ ਨੇ ਜਗਮੀਤ ਸਿੰਘ ਦੀ ਇਸ ਨਾਰਾਜ਼ਗੀ ਦਾ ਫਾਇਦਾ ਚੁੱਕਣ ਲਈ ਹੀ ਬੇਭਰੋਸਗੀ ਮਤਾ ਪੇਸ਼ ਕੀਤਾ ਹੋਵੇਗਾ। ਕੰਜ਼ਰਵੇਟਿਵ ਆਗੂ ਨੇ ਆਪਣੀ ਇਸ ਕੋਸ਼ਿਸ਼ ਵਿਚ ਅਸਫਲ ਰਹਿਣ ਕਰਕੇ ਆਪਣਾ ਆਖਰੀ ਮੌਕਾ ਵੀ ਗੁਆ ਲਿਆ ਹੈ। ਅਸਲ ਵਿਚ ਕੈਨੇਡਿਆਈ ਅਰਥਚਾਰੇ ਨੂੰ ਦਰਪੇਸ਼ ਮੰਦੀ ਦੇ ਇਸ ਦੌਰ ਵਿਚ ਕੰਜ਼ਰਵੇਟਿਵ ਪਾਰਟੀ (ਟੋਰੀ) ਤੋਂ ਬਿਨਾਂ ਕੋਈ ਵੀ ਹੋਰ ਪਾਰਟੀ ਚੋਣਾਂ ਦੇ ਜ਼ੋਖ਼ਮ ਵਿਚ ਨਹੀਂ ਪੈਣਾ ਚਾਹੁੰਦੀ। ਇਸੇ ਓਹਲੇ ਹੇਠ ਸਰਕਾਰ ਉੱਤੇ ਆਪਣੇ ਸਮਰਥਕ ਲੋਕਾਂ ਦੀਆਂ ਮੰਗਾਂ ਮੰਨਣ ਲਈ ਜ਼ੋਰ ਪਾਇਆ ਜਾ ਰਿਹਾ ਹੈ।

ਐੱਨ.ਡੀ.ਪੀ. ਆਗੂ ਜਗਮੀਤ ਸਿੰਘ ਨੇ ਸਾਫ਼ ਕਰ ਦਿੱਤਾ ਕਿ ਉਨ੍ਹਾਂ ਦੀ ਪਾਰਟੀ ਕੰਜ਼ਰਵੇਟਿਵ ਪਾਰਟੀ ਵੱਲੋਂ ਖੇਡੀ ਜਾ ਰਹੀ ਕਿਸੇ ਵੀ ਖੇਡ ਦਾ ਹਿੱਸਾ ਨਹੀਂ ਬਣ ਸਕਦੀ। ਜਗਮੀਤ ਵਲੋਂ ਬੇਭਰੋਸਗੀ ਮਤੇ ਦਾ ਵਿਰੋਧ ਕੀਤੇ ਜਾਣ ਕਰਕੇ ਟੋਰੀ ਸੰਸਦ ਮੈਂਬਰਾਂ ਨੇ ਜੀ.ਐੱਸ.ਟੀ. ਰਾਹਤ ਵਿਚ ਸੋਧਾਂ ਕਰਨ ਵਾਲੇ ਮਤੇ ਦਾ ਵਿਰੋਧ ਕੀਤਾ। ਲਿਬਰਲ ਪਾਰਟੀ ਦੇ ਸੰਸਦ ਮੈਂਬਰ ਚੈਡ ਕੌਲਿਨ ਸਮੇਤ ਗਰੀਨ ਪਾਰਟੀ ਨੇ ਇਸ ਦੀ ਹਮਾਇਤ ਕੀਤੀ।

ਸਫਾ 1 ਦਾ ਬਾਕੀ

## ਅਮਰੀਕਾ 'ਚ ਪੜ੍ਹਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 'ਚ ਹੋਈ..

ਅੰਕੜੇ ਦੱਸਦੇ ਹਨ ਕਿ 2021 ਵਿਚ 65,235 ਵੀਜ਼ੇ ਜਾਰੀ ਕੀਤੇ ਗਏ ਸਨ ਅਤੇ 2022 ਵਿਚ 93,181 ਵੀਜ਼ੇ ਜਾਰੀ ਕੀਤੇ ਗਏ ਸਨ। ਮਹਾਮਾਰੀ ਦੌਰਾਨ 2020 ਦੇ ਪਹਿਲੇ ਨੌਂ ਮਹੀਨਿਆਂ ਦੌਰਾਨ ਭਾਰਤੀਆਂ ਨੂੰ ਸਿਰਫ਼ 6,646 ਐੱਫ-1 ਵੀਜ਼ਾ ਜਾਰੀ ਕੀਤੇ ਗਏ ਸਨ।

ਇਹ ਗਿਰਾਵਟ ਸਿਰਫ਼ ਭਾਰਤੀ ਵਿਦਿਆਰਥੀਆਂ ਤੱਕ ਸੀਮਤ ਨਹੀਂ ਹੈ। ਅਮਰੀਕਾ ਆਉਣ ਵਾਲੇ ਚੀਨੀ ਵਿਦਿਆਰਥੀਆਂ ਦੀ ਗਿਣਤੀ ਵਿਚ ਵੀ ਵੱਡੀ ਗਿਰਾਵਟ ਦੇਖੀ ਗਈ ਹੈ। 2024 ਦੇ ਮੁਕਾਬਲੇ ਚੀਨ ਦੇ ਵਿਦਿਆਰਥੀ 8 ਫੀਸਦੀ ਘੱਟ ਪਹੁੰਚ ਗਏ ਹਨ। ਚੀਨੀ ਵਿਦਿਆਰਥੀਆਂ ਨੂੰ ਜਨਵਰੀ ਤੋਂ ਸਤੰਬਰ ਤੱਕ ਕੁੱਲ 73,781 ਐੱਫ-1 ਵੀਜ਼ਾ ਜਾਰੀ ਕੀਤੇ ਗਏ ਸਨ, ਜੋ ਪਿਛਲੇ ਸਾਲ 80,603 ਤੋਂ ਘੱਟ ਸਨ, ਪਰ ਅਜੇ ਵੀ 2022 ਵਿਚ ਜਾਰੀ ਕੀਤੇ ਗਏ 52,034 ਤੋਂ ਵੱਧ ਹਨ। ਐੱਫ-1 ਵੀਜ਼ਾ ਅਮਰੀਕਾ ਵਿਚ ਵਿਦਿਅਕ ਸੰਸਥਾਵਾਂ ਵਿਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਲਈ ਇੱਕ ਗੈਰ-ਪ੍ਰਵਾਸੀ ਸ਼੍ਰੇਣੀ ਹੈ। ਜਦੋਂ ਕਿ ਐੱਮ.-1 ਵੀਜ਼ਾ ਪੇਸ਼ੇਵਰ ਤੇ ਗੈਰ-ਅਕਾਦਮਿਕ ਪ੍ਰੋਗਰਾਮਾਂ ਨੂੰ ਕਵਰ ਕਰਦਾ ਹੈ। ਇਹ ਵਿਸ਼ਲੇਸ਼ਣ ਐੱਫ.-1 ਵੀਜ਼ਾ 'ਤੇ ਕੇਂਦ੍ਰਿਤ ਹੈ, ਜੋ ਕਿ ਸਾਲਾਨਾ ਅਮਰੀਕੀ ਵਿਦਿਆਰਥੀ ਵੀਜ਼ਿਆਂ ਦਾ 90 ਪ੍ਰਤੀਸ਼ਤ ਤੋਂ ਵੱਧ ਹੈ। ਵਿਦੇਸ਼ੀ ਸਿੱਖਿਆ ਸਲਾਹਕਾਰਾਂ ਨੇ ਇਸ ਸਾਲ ਐੱਫ-1 ਵੀਜ਼ਾ ਜਾਰੀ ਕਰਨ ਵਿਚ ਕਮੀ ਦੇ ਕਾਰਨਾਂ ਬਾਰੇ ਗੱਲ ਕੀਤੀ ਹੈ। ਵਿਦਿਆਰਥੀਆਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਵੀ ਇਸ ਦਾ ਇਕ ਅਹਿਮ ਕਾਰਨ ਦੱਸਿਆ ਗਿਆ ਹੈ। ਲੰਬੇ ਇੰਤਜ਼ਾਰ ਦੇ ਸਮੇਂ ਅਤੇ ਵੀਜ਼ਾ ਸਬੰਧੀ ਚੁਣੌਤੀਆਂ ਬਾਰੇ ਵਿਦਿਆਰਥੀਆਂ ਦੀਆਂ ਚਿੰਤਾਵਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ।

ਸਫਾ 1 ਦਾ ਬਾਕੀ

## ਹੁਣ ਅਮਰੀਕਾ 'ਚ ਜਨਮ ਲੈਣ 'ਤੇ...

ਪ੍ਰਵਾਸੀਆਂ ਨੂੰ ਡਿਪੋਰਟ ਕਰਨ ਅਤੇ ਨਾਗਰਿਕਤਾ ਖ਼ਤਮ ਕਰਨ ਬਾਰੇ ਡੈਮੋਕ੍ਰੇਟਿਕ ਪਾਰਟੀ ਨਾਲ ਗੱਲ ਕਰਨ ਦਾ ਵੀ ਸੰਕੇਤ ਦਿੱਤਾ।"

ਅਮਰੀਕਾ ਦੀ ਮਰਦਮਸ਼ੁਮਾਰੀ (2022) ਦਾ ਵਿਸ਼ਲੇਸ਼ਣ ਕਰਦੇ ਹੋਏ ਪਿਊ ਰਿਸਰਚ ਨੇ ਕਿਹਾ ਕਿ ਅਮਰੀਕਾ ਵਿਚ 48 ਲੱਖ ਭਾਰਤੀ-ਅਮਰੀਕੀ ਰਹਿੰਦੇ ਹਨ, ਜਿਨ੍ਹਾਂ ਵਿਚੋਂ 34% ਜਾਂ 16 ਲੱਖ ਅਮਰੀਕਾ ਵਿਚ ਪੈਦਾ ਹੋਏ ਹਨ। ਇਹ 16 ਲੱਖ ਲੋਕ ਨਾਗਰਿਕਤਾ ਕਾਨੂੰਨ ਦੇ ਤਹਿਤ ਦੇਸ਼ ਦੇ ਨਾਗਰਿਕ ਹਨ ਕਿਉਂਕਿ ਉਨ੍ਹਾਂ ਦਾ ਜਨਮ ਅਮਰੀਕਾ ਵਿਚ ਹੋਇਆ ਹੈ। ਜੇਕਰ ਟਰੰਪ ਨੇ ਕਾਰਜਕਾਰੀ ਹੁਕਮਾਂ ਤਹਿਤ ਅਮਰੀਕਾ ਵਿਚ ਜਨਮ ਦੇ ਆਧਾਰ 'ਤੇ ਨਾਗਰਿਕਤਾ ਦੇ ਨਿਯਮ ਨੂੰ ਖ਼ਤਮ ਕਰ ਦਿੱਤਾ ਤਾਂ ਇਸ ਦਾ ਸਿੱਧਾ ਅਸਰ ਭਾਰਤੀ ਮੂਲ ਦੇ ਇਨ੍ਹਾਂ 16 ਲੱਖ ਲੋਕਾਂ 'ਤੇ ਪਵੇਗਾ।

ਸਫਾ 1 ਦਾ ਬਾਕੀ

## ਅਮਰੀਕਾ 'ਚ 'ਡ੍ਰੀਮਰਸ' ਲਈ ...

ਹੁਕਮ 19 ਰਾਜਾਂ ਦੇ ਪ੍ਰਵਾਸੀਆਂ 'ਤੇ ਲਾਗੂ ਹੁੰਦਾ ਹੈ, ਜਿੱਥੇ ਰਿਪਬਲਿਕਨ ਅਟਾਰਨੀ ਜਨਰਲ ਨੇ ਨਵੀਂ ਨੀਤੀ ਦੀ ਪਾਲਣਾ ਕਰਨ ਤੋਂ ਬਚਣ ਲਈ ਮੁਕੱਦਮਾ ਕੀਤਾ ਸੀ।

ਸੀ.ਐੱਮ.ਐੱਸ. ਨੇ ਮੰਗਲਵਾਰ ਨੂੰ ਇੱਕ ਬਿਆਨ ਵਿਚ ਕਿਹਾ ਕਿ ਉਹ ਮੁਕੱਦਮੇ ਦੀ ਸਮੀਖਿਆ ਕਰ ਰਿਹਾ ਹੈ ਪਰ ਮੁਕੱਦਮੇ 'ਤੇ ਟਿੱਪਣੀ ਨਹੀਂ ਕਰਦਾ। ਅਗਸਤ ਵਿਚ ਦਾਇਰ ਮੁਕੱਦਮੇ ਵਿਚ ਕੰਸਾਸ ਅਤੇ ਉੱਤਰੀ ਡਕੋਟਾ ਪ੍ਰਮੁੱਖ ਮੁੱਦਈ ਹਨ। ਉਨ੍ਹਾਂ ਨਾਲ ਅਲਾਬਾਮਾ, ਅਰਕਨਸਾਸ, ਫਲੋਰੀਡਾ, ਇਡਾਹੋ, ਇੰਡੀਆਨਾ, ਆਇਓਵਾ, ਕੈਂਟਕੀ, ਮਿਸੂਰੀ, ਮੋਂਟਾਨਾ, ਨੇਬਰਾਸਕਾ, ਨਿਊ ਹੈਂਪਸ਼ਾਇਰ, ਓਹਾਇਓ, ਸਾਊਥ ਕੈਰੋਲੀਨਾ, ਸਾਊਥ ਡਕੋਟਾ, ਟੈਨੇਸੀ, ਟੈਕਸਾਸ ਅਤੇ ਵਰਜੀਨੀਆ ਵੀ ਸ਼ਾਮਲ ਹੋਏ ਹਨ। ਅਲਾਬਾਮਾ ਦੇ ਅਟਾਰਨੀ ਜਨਰਲ ਸਟੀਵ ਮਾਰਸ਼ਲ ਨੇ ਮੰਗਲਵਾਰ ਨੂੰ ਇੱਕ ਬਿਆਨ ਵਿਚ ਕਿਹਾ, "ਸ਼ੁਕਰ ਹੈ, ਅਦਾਲਤ ਨੇ ਬਾਇਡਨ ਦੇ ਕੱਟੜਪੰਥੀ ਖੱਬੇ-ਪੱਖੀ ਏਜੰਡੇ ਨੂੰ ਰੋਕ ਦਿੱਤਾ ਹੈ।"

Deferred Action for Childhood Arrivals (DACA) ਮਤਲਬ ਬਚਪਨ ਦੇ ਆਗਮਨ ਲਈ ਮੁਲਤਵੀ ਕਾਰਵਾਈ ਹੈ। ਇਹ ਸੰਯੁਕਤ ਰਾਜ ਦੀ ਇਮੀਗ੍ਰੇਸ਼ਨ ਨੀਤੀ ਹੈ। ਇਸ ਤਹਿਤ 16 ਸਾਲ ਦੀ ਉਮਰ ਤੋਂ ਪਹਿਲਾਂ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਆਏ ਵਿਦੇਸ਼ੀ ਮੂਲ ਦੇ ਲੋਕਾਂ ਨੂੰ ਕੁਝ ਸ਼ਰਤਾਂ ਪੂਰੀਆਂ ਹੋਣ 'ਤੇ ਦੇਸ਼ ਨਿਕਾਲੇ ਤੋਂ ਰਾਹਤ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਪੜ੍ਹਾਈ ਜਾਂ ਕਾਨੂੰਨੀ ਕੰਮ ਕਰਨ ਲਈ ਪਰਮਿਟ ਲਈ ਅਰਜ਼ੀ ਦੇਣ ਦੀ ਵੀ ਇਜਾਜ਼ਤ ਮਿਲਦੀ ਹੈ।

**ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**




# PUNJAB MAIL USA

TV Channel, Newspaper, Radio

All over America, Canada, Australia & Europe

24 Hours 7 Days



Gold # 2867, Gem # 375, TV Zon # 6888,

Glow TV # 1828, Tashan # 131, Real TV etc.

For any Information & Advertisement Call at

+1-916-320-9444

E-mail: punjabmailtv@gmail.com

Iphone/Andriod App : Punjab Mail USA

Web: punjabmailusa.com

Facebook Page : Punjab Mail USA

ਪ੍ਰੋ. ਜਸਬੀਰ ਸਿੰਘ
ਕੈਮੀਕਲ ਵਿਭਾਗ
ਸਰਕਾਰੀ ਬਹੁਤਕਨੀਕੀ ਕਾਲਜ ਬਟਾਲਾ
99148-18333, 95011-18333
ਪੰਜਾਬ ਮੇਲUSA



# ਮਨੁੱਖੀ ਅਧਿਕਾਰਾਂ ਦਾ ਹੋਕਾ ਦੇਣ ਵਿਚ ਮੋਢੀ ਸਨ ਗੁਰੂ ਨਾਨਕ ਸਾਹਿਬ

## ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ 2024 ’ਤੇ ਵਿਸ਼ੇਸ਼ (10 ਦਸੰਬਰ)

ਮਨੁੱਖੀ ਅਧਿਕਾਰ ਇਤਿਹਾਸ ਵਿਚ ਇੱਕ ਬਹੁਤ ਹੀ ਮਹੱਤਵਪੂਰਣ ਸਥਾਨ ਰੱਖਦੇ ਹਨ। ਇੱਕ ਸੱਭਿਅਕ ਸਮਾਜ ਵਿਚ ਬੁਨਿਆਦੀ ਮਨੁੱਖੀ ਅਧਿਕਾਰ ਜਿੱਥੇ ਲੋਕਾਈ ਨੂੰ ਸੁਰੱਖਿਆ ਪ੍ਰਦਾਨ ਕਰਦੇ ਹਨ, ਉਥੇ ਨਾਲ ਹੀ ਸਨਮਾਨਜਨਕ ਜੀਵਨ ਬਿਤਾਉਣ ਅਤੇ ਸਮਾਜ ਵਿਚ ਯੋਗਦਾਨ ਪਾਉਣ ਵਿਚ ਸਹਾਈ ਹੁੰਦੇ ਹਨ। ਮਨੁੱਖੀ ਅਧਿਕਾਰ ਹਰ ਇੱਕ ਇਨਸਾਨ ਦੇ ਸਵੈ-ਮਾਣ ਅਤੇ ਮੌਲਿਕ ਆਜ਼ਾਦੀ ਨੂੰ ਮਾਨਤਾ ਦਿੰਦੇ ਹਨ ਅਤੇ ਸਮਾਜ ਵਿਚ ਬੁਨਿਆਦੀ ਆਜ਼ਾਦੀ, ਨਿਆਂ ਅਤੇ ਸ਼ਾਂਤੀ ਦੀ ਨੀਂਹ ਹਨ। ਮਨੁੱਖੀ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਲਈ ਬਣੇ ਕਾਨੂੰਨ ਮਨੁੱਖ ਨੂੰ ਹਿੰਸਕ ਬਣਨ ਤੋਂ ਰੋਕਦੇ ਹਨ ਅਤੇ ਸਮਾਜ ਵਿਚ ਸ਼ਾਂਤੀ ਯਕੀਨੀ ਬਣਾਉਂਦੇ ਹਨ। ਇਤਿਹਾਸ ਵਿਚ ਸਮੇਂ-ਸਮੇਂ ’ਤੇ ਦਾਰਸ਼ਨਿਕਾਂ ਨੇ ਸਮਾਜ ਦੇ ਸਹੀ ਕੰਮ-ਕਾਜ, ਭਲਾਈ ਅਤੇ ਵਿਕਾਸ ਲਈ ਅਧਿਕਾਰਾਂ ਦੀ ਵਰਤੋਂ ਦੇ ਸਬੰਧ ਵਿਚ ਆਪਣੇ ਵਿਚਾਰ ਪ੍ਰਗਟ ਕੀਤੇ ਹਨ।

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਸਿਰਫ ਇੱਕ ਧਾਰਮਿਕ ਆਗੂ ਹੀ ਨਹੀਂ ਸਨ, ਬਲਕਿ ਇੱਕ ਸਮਾਜ ਸੁਧਾਰਕ ਅਤੇ ਰਾਜਨੀਤਿਕ ਚਿੰਤਕ ਵੀ ਸਨ, ਜਿਨ੍ਹਾਂ ਨੇ ਮਨੁੱਖੀ ਜੀਵਨ ਦੇ ਸਾਰੇ ਪਹਿਲੂਆਂ ਨੂੰ ਮਹੱਤਤਾ ਦਿੱਤੀ। ਗੁਰੂ ਨਾਨਕ ਸਾਹਿਬ ਇੱਕ ਮਹਾਨ ਦਾਰਸ਼ਨਿਕ ਸਨ ਅਤੇ ਉਨ੍ਹਾਂ ਨੇ ਸੁਚੱਜਾ ਜੀਵਨ ਜੀਣ ਲਈ ਕੁੱਲ ਮਾਨਵਤਾ ਦਾ ਮਾਰਗਦਰਸ਼ਨ ਕੀਤਾ। ਨਾਨਕ ਨਾਮ ਲੇਵਾ ਸੰਗਤ ਲਈ ਇਹ ਹਮੇਸ਼ਾਂ ਮਾਣ ਵਾਲੀ ਗੱਲ ਹੈ ਕਿ ਗੁਰੂ ਨਾਨਕ ਸਾਹਿਬ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਆਪਣੀ ਆਵਾਜ਼ ਬੁਲੰਦ ਕਰਨ ਵਿਚ ਮੋਢੀ ਸਨ। ਉਨ੍ਹਾਂ ਦੇ ਜੀਵਨ ਕਾਲ ਦੌਰਾਨ ਲੋਕ ਬੁਨਿਆਦੀ ਮਨੁੱਖੀ ਅਧਿਕਾਰਾਂ ਤੋਂ ਵਾਂਝੇ ਸਨ ਅਤੇ ਉਨ੍ਹਾਂ ਦਾ ਸਿਆਸੀ, ਸਮਾਜਿਕ ਅਤੇ ਧਾਰਮਿਕ ਤੌਰ ’ਤੇ ਸ਼ੋਸ਼ਣ ਕੀਤਾ ਜਾ ਰਿਹਾ ਸੀ। ਗੁਰੂ ਨਾਨਕ ਸਾਹਿਬ ਨੇ ਸਮਾਜਿਕ ਬੇਇਨਸਾਫੀ, ਅਸਮਾਨਤਾ, ਧਾਰਮਿਕ ਜਬਰ, ਔਰਤਾਂ ਦੇ ਸ਼ੋਸ਼ਣ ਅਤੇ ਮਨੁੱਖੀ ਕਦਰਾਂ-ਕੀਮਤਾਂ ਦੇ ਪਤਨ ’ਤੇ ਖੁੱਲ੍ਹ ਕੇ ਚਰਚਾ ਕੀਤੀ ਅਤੇ ਆਪਣੀ ਗੱਲ ਸਹਿਜਤਾ ਨਾਲ ਕੁੱਲ ਲੋਕਾਈ ਤੱਕ ਪਹੁੰਚਾਈ। ਉਨ੍ਹਾਂ ਨੇ ਆਪਣੇ ਪੈਰੋਕਾਰਾਂ ਲਈ ਅਧਿਕਾਰਾਂ ਅਤੇ ਨੈਤਿਕ ਕਰਤੱਵਾਂ ਪ੍ਰਤੀ ਸੁਚੇਤ ਰਹਿ ਕੇ ਜੀਣ ਦੀ ਜੀਵਨ-ਜਾਚ ਦੱਸੀ। ਗੁਰੂ ਨਾਨਕ ਸਾਹਿਬ ਨੇ ‘ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ’ ਦਾ ਹੋਕਾ ਦੇ ਕੇ ਨਾ ਸਿਰਫ ਲੋਕਾਂ ਵਿਚ ਗੁਲਾਮੀ ਦੀ ਸੋਚ ਵਿਚ ਤਬਦੀਲੀ ਲਿਆਂਦੀ, ਸਗੋਂ ਉਨ੍ਹਾਂ ਨੂੰ ਪਖੰਡ ਅਤੇ ਆਪਾ ਤਿਆਗ ਕੇ ਗ੍ਰਹਿਸਤ ਜੀਵਨ ਵਿਚ ਰਹਿੰਦੇ ਹੋਏ ਨਿਰਸਵਾਰਥ ਸੇਵਾ ਅਤੇ ਕੁਰਬਾਨੀ ਦੀ ਭਾਵਨਾ ਜਗਾਈ। ਉਨ੍ਹਾਂ ਨੇ ਜਾਤ-ਪਾਤ, ਲਿੰਗ ਜਾਂ ਧਰਮ ਦੇ ਆਧਾਰ ਨੂੰ ਨਕਾਰਦੇ ਹੋਏ ਇਨਸਾਨ ਦੀ ਅੰਦਰੂਨੀ ਬਰਾਬਰੀ ਦਾ ਪ੍ਰਚਾਰ ਕੀਤਾ। ਗੁਰੂ ਨਾਨਕ ਸਾਹਿਬ ਨੇ ਸੰਗਤ ਅਤੇ ਪੰਗਤ ਦੀ ਸ਼ੁਰੂਆਤ ਕਰਕੇ ਸਿਧਾਂਤਾਂ ਨੂੰ ਵਿਹਾਰਕ ਰੂਪ ਦਿੱਤਾ। ਉਨ੍ਹਾਂ ਦੀ ਜੀਵਨੀ ਵਿਚ ਅਜਿਹੀਆਂ ਕਈ ਉਦਾਹਰਣਾਂ ਹਨ, ਜਦੋਂ ਉਨ੍ਹਾਂ ਨੇ ਸਹਿਜ ਅਤੇ ਵਿਹਾਰਕ ਰੂਪ ਵਿਚ ਕੁਰਾਹੇ ਪਏ ਇਨਸਾਨਾਂ ਨੂੰ ਰਾਹੇ ਪਾਇਆ। ਅੱਜ ਜਦੋਂ ਵੀ ਮਨੁੱਖੀ ਅਧਿਕਾਰ ਦੀ ਗੱਲ ਆਉਂਦੀ ਹੈ, ਤਾਂ ਸਭ ਤੋਂ ਪਹਿਲਾਂ ਗੁਰੂ ਨਾਨਕ ਦੀਆਂ ਸਿੱਖਿਆਵਾਂ ਅਤੇ ਸਾਖੀਆਂ ਹੀ ਧਿਆਨ ਵਿਚ ਆਉਂਦੀਆਂ ਹਨ। ਬਾਬਰ ਨੂੰ ਜਾਬਰ ਕਹਿਣ ਵਾਲਾ ਬਾਬਾ ਨਾਨਕ ਹੀ ਹੋ ਸਕਦਾ ਸੀ। ਅੱਜ ਜਦੋਂ ਵੀ ਮਹਿਲਾ ਸਸ਼ਕਤੀਕਰਣ ਦੀ ਗੱਲ ਆਉਂਦੀ ਹੈ, ਤਾਂ ਵੀ ਸਭ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਦੀ ਬਾਣੀ ’ਚੋਂ “ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ॥” ਹੀ ਧਿਆਨ ਵਿਚ ਆਉਂਦਾ ਹੈ। ਗੁਰੂ ਨਾਨਕ ਵੱਲੋਂ ਚਲਾਏ ਗਏ ਸਿੱਖ ਧਰਮ ਦੇ ਇਤਿਹਾਸ ਵਿਚ ਉਨ੍ਹਾਂ ਸ਼ਹੀਦਾਂ ਦੀ ਲੰਮੀ ਸੂਚੀ ਹੈ, ਜਿਨ੍ਹਾਂ ਨੇ ਧਰਮ, ਜਾਤ, ਨਸਲ ਦੇ ਭੇਦ ਭਾਵ ਤੋਂ ਬਿਨਾਂ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਗੁਰੂ ਤੇਗ ਬਹਾਦਰ ਜੀ ਦੀ ਹਿੰਦੂ ਧਰਮ ਦੀ ਰੱਖਿਆ ਲਈ ਸ਼ਹੀਦੀ ਨੇ ਆਧੁਨਿਕ ਮਨੁੱਖੀ ਅਧਿਕਾਰਾਂ ਦੀ ਲਹਿਰ ਦਾ ਨੀਂਹ ਪੱਥਰ ਵੀ ਰੱਖਿਆ। ਮਨੁੱਖ ਜਾਤੀ ਦੇ ਇਤਿਹਾਸ ਨੇ ਇਸ ਤੋਂ ਪਹਿਲਾਂ ਕਦੇ ਵੀ ਅਜਿਹੀ ਕੁਰਬਾਨੀ ਦੀ ਗਵਾਹੀ ਨਹੀਂ ਭਰੀ ਸੀ। ਗੁਰੂ ਦੇ ਦਰਸਾਏ ਮਾਰਗ ’ਤੇ ਚੱਲਦੇ ਹੋਏ 18ਵੀਂ ਸਦੀ ਦਾ ਸਿੱਖ ਇਤਿਹਾਸ ਗੈਰ-ਸਿੱਖਾਂ ਦੀ ਰੱਖਿਆ ਲਈ ਗੁਰੂ ਕੇ ਸਿੱਖਾਂ ਵੱਲੋਂ ਦਿੱਤੀਆਂ ਗਈਆਂ ਕੁਰਬਾਨੀਆਂ ਦੀਆਂ ਮਿਸਾਲਾਂ ਨਾਲ ਭਰਿਆ ਪਿਆ ਹੈ। ਸਮਾਜ ਨੂੰ ਜਾਤ-ਪਾਤ ਅਤੇ ਜ਼ਾਲਮ ਸ਼ਾਸਕਾਂ ਦੀਆਂ ਵਧੀਕੀਆਂ ਤੋਂ ਮੁਕਤ ਕਰਨਾ ਹੀ ਸਿੱਖ ਧਰਮ ਦੇ ਮੁੱਖ ਉਦੇਸ਼ਾਂ ਵਿਚੋਂ ਇਕ ਸੀ।

ਅੱਜ ਦੇ ਆਧੁਨਿਕ ਦੌਰ ਵਿਚ ਮਨੁੱਖੀ ਅਧਿਕਾਰਾਂ ਸਬੰਧੀ 10 ਦਸੰਬਰ ਸਾਲ 1948 ਨੂੰ ਪੈਰਿਸ ਵਿਚ ਸੰਯੁਕਤ ਰਾਸ਼ਟਰ ਮਹਾਸਭਾ ਵੱਲੋਂ “ਮਨੁੱਖੀ ਅਧਿਕਾਰਾਂ ਦਾ ਵਿਸ਼ਵ ਘੋਸ਼ਣਾ ਪੱਤਰ” ਜਾਰੀ ਕੀਤਾ ਗਿਆ, ਜਿਸ ਨੂੰ ਯਾਦ ਕਰਦਿਆਂ ਹਰ ਸਾਲ ਇਹ ਦਿਨ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਹ ਇਤਿਹਾਸਕ ਦਸਤਾਵੇਜ਼ ਕਿਸੇ ਧਰਮ, ਨਸਲ, ਰੰਗ, ਲਿੰਗ, ਭਾਸ਼ਾ, ਰਾਜਨੀਤਿਕ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਭੇਦਭਾਵ ਨੂੰ ਨਕਾਰਦਾ ਹੋਇਆ ਇਨਸਾਨ ਦੇ ਬੁਨਿਆਦੀ ਅਧਿਕਾਰਾਂ ਨੂੰ ਦਰਸਾਉਂਦਾ ਹੈ। ਇਹ ਦਿਵਸ ਸੰਸਾਰ ਭਰ ਵਿਚ ਮਨੁੱਖੀ ਅਧਿਕਾਰਾਂ ਦੀ ਮਹੱਤਤਾ ਅਤੇ ਉਨ੍ਹਾਂ ਦੇ ਸੰਰਕਸ਼ਣ ਲਈ ਸਜਾਗਤਾ ਅਤੇ ਜਾਗਰੂਕਤਾ ਫੈਲਾਉਣ ਦਾ ਮੌਕਾ ਹੁੰਦਾ ਹੈ। ਇਹ ਦਸਤਾਵੇਜ਼ ਸਮੂਹ ਦੇਸ਼ਾਂ ਦੇ ਨਾਗਰਿਕਾਂ ਲਈ ਕਰੀਬ 577 ਭਾਸ਼ਾਵਾਂ ਵਿਚ ਉਪਲੱਬਧ ਹੈ। ਮਨੁੱਖੀ ਅਧਿਕਾਰ ਜਿੱਥੇ ਲੋਕਾਂ ਨੂੰ ਵਿਅਕਤੀਗਤ ਅਤੇ ਸਾਂਝੇ ਤੌਰ ’ਤੇ ਇੱਕ ਬਿਹਤਰ ਕੱਲ੍ਹ ਬਣਾਉਣ ਲਈ ਸ਼ਕਤੀ ਪ੍ਰਦਾਨ ਕਰਦੇ ਹਨ, ਉੱਥੇ ਨਾਲ ਹੀ ਇਹ ਸੰਸਾਰ ਭਰ ਵਿਚ ਨਿਆਂਪੂਰਨਤਾ, ਬਰਾਬਰਤਾ ਅਤੇ ਸ਼ਾਂਤੀ ਲਿਆਉਣ ਵਿਚ ਵੀ ਯੋਗਦਾਨ ਪਾਉਂਦੇ ਹਨ। ਇਸ ਸਾਲ ਦੀ ਥੀਮ ਸਾਡੇ ਰੋਜ਼ਾਨਾ ਜੀਵਨ ਵਿਚ ਮਨੁੱਖੀ ਅਧਿਕਾਰਾਂ ਦੀ ਮਹੱਤਤਾ ਅਤੇ ਸਾਰਥਕਤਾ ਨੂੰ ਸਵੀਕਾਰ ਕਰਨ ਲਈ ਇੱਕ ਸੱਦਾ ਹੈ। ਸਾਡੇ ਕੋਲ ਨਫਰਤ ਭਰੇ ਭਾਸ਼ਣ ਦੇ ਵਿਰੁੱਧ ਬੋਲਣ, ਗਲਤ ਜਾਣਕਾਰੀ ਦਾ ਮੁਕਾਬਲਾ ਕਰਨ ਅਤੇ ਉਸ ਨੂੰ ਠੀਕ ਕਰਕੇ ਗਲਤ ਧਾਰਨਾਵਾਂ ਨੂੰ ਬਦਲਣ ਦਾ ਮੌਕਾ ਹੈ। ਅੱਜ ਦੇ ਤਕਨੀਕੀ ਯੁੱਗ ਵਿਚ ਵੀ ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ ਤੋਂ ਸੇਧ ਲੈ ਕੇ ਮਨੁੱਖੀ ਅਧਿਕਾਰਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ਹੋਰ ਵੀ ਜ਼ਿਆਦਾ ਜ਼ਰੂਰੀ ਹੋ ਗਿਆ ਹੈ ਅਤੇ ਮਨੁੱਖੀ ਅਧਿਕਾਰਾਂ ਲਈ ਵਿਸ਼ਵਵਿਆਪੀ ਅੰਦੋਲਨ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ।



# ਇੰਟਰਨੈੱਟ ਮੀਡੀਆ ਦੀ ਨਿਗਰਾਨੀ ਜ਼ਰੂਰੀ: ਸੂਚਨਾ ਤੇ ਪ੍ਰਸਾਰਨ ਮੰਤਰੀ

-ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲUSA





ਭਾਰਤ ਦੇ ਸੂਚਨਾ ਤੇ ਪ੍ਰਸਾਰਨ ਮੰਤਰੀ ਅਸ਼ਵਨੀ ਵੈਸ਼ਨਵ ਨੇ ਸੰਸਦ ਦੇ ਸਰਦ ਰੁੱਤ ਇਜਲਾਸ ਦੌਰਾਨ ਬੋਲਦਿਆਂ ਕਿਹਾ ਕਿ ਇੰਟਰਨੈਟ ਮੀਡੀਆ ਤੋਂ ਅਸ਼ਲੀਲ ਸਮੱਗਰੀ ਹਟਾਉਣ ਲਈ ਜਿੱਥੇ ਹੋਰ ਸਖ਼ਤੀ ਦੀ ਲੋੜ ਹੈ, ਉੱਥੇ ਮੌਜੂਦਾ ਕਾਨੂੰਨ ਨੂੰ ਹੋਰ ਸਖ਼ਤ ਬਣਾਉਣ ਦੀ ਵੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਇੰਟਰਨੈੱਟ ਮੀਡੀਆ ਸਮਾਜ ’ਤੇ ਡੂੰਘਾ ਪ੍ਰਭਾਵ ਪਾਉਂਦਾ ਹੈ, ਇਸ ਲਈ ਇਸਦੀ ਨਿਗਰਾਨੀ ਬੇਹੱਦ ਜ਼ਰੂਰੀ ਹੈ। ਇੰਟਰਨੈੱਟ ਮੀਡੀਆ ਅਤੇ ਓ.ਟੀ.ਟੀ. ਪਲੇਟਫਾਰਮਾਂ ਨੂੰ ਕੰਟਰੋਲ ਕਰਨ ਵਾਲੇ ਕਾਨੂੰਨਾਂ ਨੂੰ ਹੋਰ ਸਖ਼ਤ, ਹੋਰ ਮਜ਼ਬੂਤ ਕੀਤਾ ਜਾਣਾ ਜ਼ਰੂਰੀ ਹੈ।

ਇਕ ਪਾਸੇ ਸਰਕਾਰਾਂ ਦਾ ਪੱਖ ਹੈ, ਦੂਸਰੇ ਪਾਸੇ ‘ਪ੍ਰਗਟਾਵੇ ਦੀ ਸੁਤੰਤਰਤਾ’ ਦਾ ਸਵਾਲ ਹੈ। ਤੀਸਰਾ ਜਵਾਬਦੇਹੀ ਦਾ ਮਸਲਾ ਹੈ। ਚੌਥਾ ਮੀਡੀਆ ਦੀ ਘੱਟਦੀ ਭਰੋਸੇਯੋਗਤਾ ਦਾ ਪ੍ਰਸ਼ਨ ਹੈ।

ਇੰਟਰਨੈੱਟ ਮੀਡੀਆ ਦੀ ਨਿਗਰਾਨੀ ਦਾ ਮਸਲਾ ਐਨਾ ਸਰਲ, ਐਨਾ ਆਸਾਨ ਨਹੀਂ, ਜਿੰਨਾ ਜਾਪਦਾ ਹੈ। ਭਾਰਤ ਵਿਚ ਇੰਟਰਨੈੱਟ ਦੀ ਸ਼ੁਰੂਆਤ 1986 ’ਚ ਹੋਈ ਸੀ। ਉਦੋਂ ਇਸਦੀ ਸਫ਼ਲਤਾ ਕੇਵਲ ਸਿੱਖਿਆ ਅਤੇ ਖੋਜ ਖੇਤਰ ਲਈ ਸੀ।

ਆਮ ਲੋਕਾਂ ਦੀ ਪਹੁੰਚ ਇੰਟਰਨੈੱਟ ਤੱਕ 1995 ’ਚ ਹੋਈ ਅਤੇ ਸਾਲ 2020 ਤੱਕ ਪਹੁੰਚਦਿਆਂ ਇਹ ਗਿਣਤੀ 718.14 ਮਿਲੀਅਨ ਹੋ ਗਈ ਸੀ, ਜਿਹੜੀ ਭਾਰਤ ਦੀ ਕੁੱਲ ਆਬਾਦੀ ਦਾ 54.29 ਪ੍ਰਤੀਸ਼ਤ ਹਿੱਸਾ ਬਣਦੀ ਹੈ। ਹਰੇਕ ਸਾਲ 7.3 ਕਰੋੜ ਨਵੇਂ ਲੋਕ ਇੰਟਰਨੈੱਟ ਨਾਲ ਜੁੜਦੇ ਜਾ ਰਹੇ ਹਨ। ਹੁਣ ਦੇਸ਼ ਵਿਚ 120 ਕਰੋੜ ਤੋਂ ਵੱਧ ਲੋਕ ਇੰਟਰਨੈੱਟ ਦੀ ਵਰਤੋਂ ਕਰ ਰਹੇ ਹਨ। ਇਸ ਪ੍ਰਸੰਗ ਵਿਚ ਸੂਚਨਾ ਤੇ ਪ੍ਰਸਾਰਨ ਮੰਤਰੀ ਨੇ ਕਿਹਾ ਕਿ ਜੋ ਕੁਝ ਇੰਟਰਨੈੱਟ ਮੀਡੀਆ ’ਤੇ ਹੋ ਰਿਹਾ ਹੈ, ਉਹ ਸਾਡੀ ਸੰਸਕ੍ਰਿਤੀ ਨਹੀਂ ਹੈ। ਜਿੱਥੋਂ ਇਹ ਸੋਸ਼ਲ ਮੀਡੀਆ ਮੰਚ ਆਏ ਹਨ, ਉਥੋਂ ਦੇ ਸੱਭਿਆਚਾਰ ਅਤੇ ਸਾਡੇ ਸੱਭਿਆਚਾਰ ਵਿਚ ਵੱਡਾ ਅੰਤਰ ਹੈ।

ਸੋਸ਼ਲ ਮੀਡੀਆ ਜਿਵੇਂ ਸਾਡੇ ਜੀਵਨ ਵਿਚ ਰਚਮਿਚ ਗਿਆ ਹੈ, ਜਿਵੇਂ ਇਹ ਸਾਡੇ ਜੀਵਨ ਨੂੰ ਪ੍ਰਭਾਵਤ ਕਰ ਰਿਹਾ ਹੈ, ਉਸ ਤੋਂ ਭਾਰਤ ਹੀ ਨਹੀਂ, ਸਾਰੀ ਦੁਨੀਆਂ ਪ੍ਰੇਸ਼ਾਨ ਹੈ। ਬੱਚੇ ਅਤੇ ਨੌਜਵਾਨ ਜਿੰਨਾ ਵਕਤ ਸੋਸ਼ਲ ਮੀਡੀਆ ਨੂੰ ਦੇ ਰਹੇ ਹਨ, ਉਹ ਚਿੰਤਾ ਦਾ ਵਿਸ਼ਾ ਹੈ।

ਸੂਚਨਾ ਤੇ ਪ੍ਰਸਾਰਨ ਮੰਤਰੀ ਨੇ ਇਹ ਵੀ ਕਿਹਾ ਕਿ ਰਿਵਾਇਤੀ ਮੀਡੀਆ ਨੂੰ ਉਸਦੀ ਸਮੱਗਰੀ ਦੀ ਵਰਤੋਂ ਲਈ ਉਚਿਤ ਭੁਗਤਾਨ ਮਿਲਣਾ ਚਾਹੀਦਾ ਹੈ। ਪ੍ਰੰਪਰਾਗਤ ਮੀਡੀਆ ਲਗਾਤਾਰ ਮਿਹਨਤ ਕਰ ਰਿਹਾ ਹੈ। ਉਸਦੀ ਮਿਹਨਤ ਅਤੇ ਕੋਸ਼ਿਸ਼ ਦੀ ਭਰਪਾਈ ਕਰਨੀ ਜ਼ਰੂਰੀ ਹੈ ਕਿਉਂਕਿ ਉਹ ਆਰਥਿਕ ਪੱਖੋਂ ਨੁਕਸਾਨ ਦਾ ਸਾਹਮਣਾ ਕਰ ਰਿਹਾ ਹੈ। ਪ੍ਰੰਪਰਾਗਤ ਮੀਡੀਆ ਦੁਆਰਾ ਇਕੱਤਰ ਕੀਤੀ ਸਮੱਗਰੀ ਦੀ ਹੀ ਵਰਤੋਂ ਡਿਜ਼ੀਟਲ ਮੀਡੀਆ ਕਰ ਰਿਹਾ ਹੈ ਪਰੰਤੂ ਇਸ ਬਦਲੇ ਉਹ ਕੋਈ ਭੁਗਤਾਨ ਨਹੀਂ ਕਰਦਾ। ਇਸ ਮਸਲੇ ਦਾ ਜ਼ਰੂਰ ਕੋਈ ਹੱਲ ਕੱਢਿਆ ਜਾਣਾ ਚਾਹੀਦਾ ਹੈ, ਤਾਂ ਜੋ ਰਵਾਇਤੀ ਮੀਡੀਆ ਦੁਆਰਾ ਲੰਮਾ ਸਮਾਂ ਅਤੇ ਪੈਸਾ ਲਗਾ ਕੇ ਤਿਆਰ ਕੀਤੇ ਨੈੱਟਵਰਕ ਅਤੇ ਢਾਂਚੇ ਨੂੰ ਚਲਾਉਣ ਅਤੇ ਬਰਕਰਾਰ ਰੱਖਣ ਵਿਚ ਮੁਸ਼ਕਲ ਪੇਸ਼ ਨਾ ਆਵੇ।

ਪ੍ਰੈੱਸ ਦਿਵਸ ਦੇ ਮੌਕੇ ’ਤੇ ਕੇਂਦਰੀ ਮੰਤਰੀ ਨੇ ਕਿਸੇ ਵੀ ਸੰਕਟ ਸਮੇਂ ਭਾਰਤੀ ਮੀਡੀਆ ਦੁਆਰਾ ਨਿਭਾਈ ਸਾਰਥਕ ਤੇ ਹਾਂ-ਪੱਖੀ ਭੂਮਿਕਾ ਦੀ ਸਰਾਹਨਾ ਕੀਤੀ। ਪਰੰਤੂ ਕਿਹਾ ਕਿ ਅੱਜਕੱਲ੍ਹ ਸੋਸ਼ਲ ਮੀਡੀਆ ਜੋ ਕੁਝ ਕਰ ਰਿਹਾ ਹੈ, ਉਹ ਮੀਡੀਆ ਲਈ ਹੀ ਨਹੀਂ, ਲੋਕਤੰਤਰ ਲਈ ਵੀ ਖਤਰਾ ਹੈ। ਇਹ ਵਿਸ਼ਵਾਸ ਤੋੜਦਾ ਹੈ, ਭਰੋਸੇ ਨੂੰ ਘੱਟ ਕਰਦਾ ਹੈ। ਇਥੋਂ ਤੱਕ ਕਿ ਸੁਚੇਤ ਅਤੇ ਚੇਤੰਨ ਲੋਕ ਵੀ ਕਈ ਵਾਰ ਗ਼ਲਤ ਸੂਚਨਾ ਦੇ ਜਾਲ ਵਿਚ ਫਸ ਜਾਂਦੇ ਹਨ। ਸਵਾਲ ਇਹ ਹੈ ਕਿ ਸੋਸ਼ਲ ਮੀਡੀਆ ਮੰਚਾਂ ’ਤੇ ਪਾਈ ਗਈ ਅਜਿਹੀ ਸਮੱਗਰੀ ਦੀ ਜ਼ਿੰਮੇਵਾਰੀ ਕਿਸਦੀ ਹੈ? ਸੂਚਨਾ ਤੇ ਪ੍ਰਸਾਰਨ ਮੰਤਰੀ ਨੇ ਕਿਹਾ ਕਿ ਇਹ ਜ਼ਿੰਮੇਵਾਰੀ ਸੰਬੰਧਤ ਪਲੇਟਫਾਰਮ ਦੀ ਹੀ ਹੋਣੀ ਚਾਹੀਦੀ ਹੈ, ਜਿਸ ’ਤੇ ਸਮੱਗਰੀ ਮੌਜੂਦ ਹੈ।

ਜੇ ਤੁਹਾਡੇ ਹੱਥ ਵਿਚ ਫੋਨ ਹੈ ਅਤੇ ਇੰਟਰਨੈੱਟ ਦੀ ਸਹੂਲਤ ਹੈ, ਤਾਂ ਸਮਝੋ ਤੁਸੀਂ ਦੁਨੀਆਂ ਨਾਲ ਜੁੜੇ ਹੋ। ਪਰੰਤੂ ਸੋਸ਼ਲ ਮੀਡੀਆ ਦੀ, ਡਿਜ਼ੀਟਲ ਮੀਡੀਆ ਦੀ, ਇੰਟਰਨੈੱਟ ਮੀਡੀਆ ਦੀ ਇਹ ਦੁਨੀਆਂ ਤੁਹਾਨੂੰ ਕਿਹੜੇ ਰਾਹਾਂ ’ਤੇ ਤੋਰ ਦੇਵੇਗੀ, ਕਹਿਣਾ ਮੁਸ਼ਕਲ ਹੈ। ਇਸ ਲਈ ਮੌਜੂਦਾ ਸੂਚਨਾ ਤੇ ਪ੍ਰਸਾਰਨ ਮੰਤਰੀ ਦੁਆਰਾ ਪ੍ਰਗਟਾਏ ਸ਼ੰਕੇ ਅਤੇ ਸਖ਼ਤੀ ਕਰਨ ਦੀ ਗੱਲ ਕਿਸੇ ਹੱਦ ਤੱਕ ਜਾਇਜ਼ ਜਾਪਦੀ ਹੈ।

ਸੂਚਨਾ ਤੇ ਪ੍ਰਸਾਰਨ ਮੰਤਰੀ ਆਈ.ਏ.ਐੱਸ. ਅਧਿਕਾਰੀ ਰਹਿ ਚੁੱਕੇ ਹਨ ਪਰੰਤੂ ਇਸ ਤੋਂ ਪਹਿਲਾਂ ਉਨ੍ਹਾਂ ਆਈ.ਆਈ.ਟੀ. ਕਾਨਪੁਰ ਤੋਂ ਐੱਮ.ਟੈਕ. ਦੀ ਸਿੱਖਿਆ ਹਾਸਲ ਕੀਤੀ ਅਤੇ ਐੱਮ.ਬੀ.ਏ. ਕਰਨ ਲਈ ਅਮਰੀਕਾ ਗਏ।

2021 ਵਿਚ ਉਨ੍ਹਾਂ ਨੇ ਰੇਲ ਮਹਿਕਮੇ ਦੇ ਨਾਲ-ਨਾਲ ਆਈ.ਟੀ. ਮਹਿਕਮਾ ਵੀ ਸੰਭਾਲਿਆ। ਹੁਣ ਵੀ ਉਹ ਇਕ ਤੋਂ ਵੱਧ ਮਹਿਕਮੇ ਸੰਭਾਲ ਰਹੇ ਹਨ ਅਤੇ ਆਪਣੇ ਮਹਿਕਮੇ ਦੇ ਕੰਮ-ਕਾਰ ਨਾਲ ਪੂਰਾ ਇਨਸਾਫ਼ ਕਰਨ ਦੀ ਕੋਸ਼ਿਸ਼ ਕਰਦੇ ਹਨ।

# ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵਲੋਂ ਦਿੱਤੇ ਇਤਿਹਾਸਿਕ ਫੈਸਲੇ ਨਾਲ ਸਿੱਖ ਪੰਥ ਇਕੱਠਾ ਹੋ ਸਕੇਗਾ !!

## ਮੌਜੂਦਾ ਹਾਲਾਤ ਵਿਚ ਹਿੰਦੂਤਵੀ ਸਿੱਖ ਕੌਮ ਨੂੰ ਇੱਕਠਾ ਹੋਣ ਦੇਣਗੇ ?







ਜੰਗ ਸਿੰਘ ਮਰਸੱਡ
(ਅਮਰੀਕਾ)
ਮੋਬਾਇਲ ਨੰ: +1-415-603-7380
ਪੰਜਾਬ ਮੇਲ USA



ਅਕਾਲੀ ਦਲ ਦੇ ਦਸ ਸਾਲਾਂ ਦੇ ਰਾਜ ਦੌਰਾਨ ਉਨ੍ਹਾਂ ਨੇ ਪੰਜਾਬ ਤੇ ਸਿੱਖ ਵਿਰੋਧੀ ਅਜਿਹੀਆਂ ਗੰਭੀਰ ਗਲਤੀਆਂ ਕੀਤੀ ਸਨ, ਜਿਸ ਨੂੰ ਸੰਸਾਰ ਭਰ ਦਾ ਸਿੱਖ ਜਗਤ ਭਲੀਭਾਂਤ ਜਾਣਦਾ ਹੈ ਕਿ ਕਿਵੇਂ ਸ਼੍ਰੋਮਣੀ ਅਕਾਲੀ ਦਲ ਨੂੰ ਪਹਿਲਾਂ 2017 ਵਿਚ ਪੰਜਾਬ ਦੀ ਵਿਰੋਧੀ ਧਿਰ ਨਾ ਬਣਨ ਦੇ ਕੇ ਪੰਜਾਬ ਦੇ ਪੰਜ ਵਾਰ ਦੇ ਰਹੇ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਚੌਕੰਨੇ ਕਰ ਦਿੱਤਾ ਸੀ ਕਿ ਉਨ੍ਹਾਂ ਦੀਆਂ ਨੀਤੀਆਂ ਨੂੰ ਸਿੱਖ ਕੌਮ ਕਿਸੇ ਹਾਲਤ ਵਿਚ ਬਰਦਾਸ਼ਤ ਕਰਨ ਲਈ ਤਿਆਰ ਨਹੀਂ। ਉਨ੍ਹਾਂ ਨੂੰ ਬਦਲਿਆ ਜਾਣਾ ਚਾਹੀਦਾ ਹੈ। ਪਰ ਬਾਦਲ ਪਰਿਵਾਰ ਨੇ ਇਸ ਚਿਤਾਵਨੀ ਤੋਂ ਕੋਈ ਸਬਕ ਨਾ ਲਿਆ ਤੇ ਪੁਰਾਣੀਆਂ ਸਿੱਖ ਵਿਰੋਧੀ ਨੀਤੀਆ ਦੇ ਨਾਲ ਭਾਜਪਾ ਦੀ ਮੋਹਰੀ ਪਾਰਟੀ ਬਣ ਕੇ ਵਿਚਰਦੀ ਰਹੀ, ਜਿਸ ਦਾ ਭਰਪੂਰ ਗੁੱਸਾ ਸਿੱਖ ਪੰਥ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ 117 ਵਿਚੋਂ ਸਿਰਫ 3 ਸੀਟਾਂ ਦੇ ਕੇ ਉਨ੍ਹਾਂ ਨੂੰ ਆਪਣੀ ਉਕਾਤ 'ਤੇ ਝਾਤ ਮਾਰਨ ਲਈ ਮਜਬੂਰ ਕਰ ਦਿੱਤਾ। ਅੱਜਕੱਲ੍ਹ ਇਹ ਪਾਰਟੀ ਸਿਰਫ ਇਕ ਸੀਟ 'ਤੇ ਸਿਮਟ ਕੇ ਰਹਿ ਗਈ ਹੈ ਤੇ ਜਿਹੜਾ ਇਕ ਉਮੀਦਵਾਰ ਰਿਹਾ ਹੈ, ਉਹ ਵੀ ਬਾਦਲਾਂ ਦੀ ਗੱਦੀ 'ਤੇ ਕਾਇਮ ਰਹਿਣ ਦੀ ਨੀਤੀ ਕਾਰਨ ਰੋਸ ਵਜੋਂ ਅੱਜਕੱਲ੍ਹ ਘਰ ਹੀ ਬੈਠਿਆ ਹੋਇਆ ਸੀ। ਮੇਰੀ ਮੁਰਾਦ ਸ. ਮਨਪ੍ਰੀਤ ਸਿੰਘ ਇਆਲੀ ਤੋਂ ਹੈ। ਜਿਹੜਾ ਪਾਰਟੀ ਦੀਆਂ ਗਲਤ ਨੀਤੀਆਂ ਦਾ ਡੱਟ ਕੇ ਵਿਰੋਧਤਾ ਕਰਦਾ ਹੋਇਆ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਚੌਕੰਨੇ ਕਰਦਾ ਆ ਰਿਹਾ ਸੀ। 2 ਦਸੰਬਰ, 2024 ਨੂੰ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਮੌਜੂਦਾ ਮੁੱਖ ਦੋਸ਼ੀ ਸਾਬਕਾ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੀ ਸਾਰੀ ਦੋਸ਼ੀ ਲੀਡਰਸ਼ਿਪ ਨੂੰ ਸ੍ਰੀ ਅਕਾਲ ਤਖਤ ਵਿਖੇ ਤਲਬ ਕਰਕੇ ਜਿਹੜੇ ਫੈਸਲੇ ਸੁਣਾਏ ਤੇ ਤਨਖਾਹਾਂ ਲਾਈਆਂ ਹਨ, ਉਸ ਦੀ ਸੰਸਾਰ ਭਰ ਦੇ ਸਿੱਖ ਜਗਤ ਸਮੇਤ ਚਿੰਤਕਾਂ, ਵਿਦਵਾਨਾਂ ਤੇ ਵੱਡੀ ਗਿਣੱਤੀ ਵਿਚ ਨਿਰਪੱਖ ਟੀ.ਵੀ. ਚੈਨਲ ਵਾਲਿਆਂ ਭਰਪੂਰ ਪ੍ਰਸ਼ੰਸਾ ਕੀਤੀ ਹੈ। ਕਈਆਂ ਨੇ ਤਾਂ ਇਸ ਦਿੱਤੇ ਫੈਸਲੇ ਦੀ ਤੁਲਨਾ ਸ੍ਰੀ ਅਕਾਲ ਤਖਤ ਦੇ ਰਹਿ ਚੁੱਕੇ ਜਥੇਦਾਰ ਗਿਆਨੀ ਫੂਲਾ ਸਿੰਘ ਨਾਲ ਕਰ ਦਿੱਤੀ ਹੈ। ਇਸ ਫੈਸਲੇ ਬਾਰੇ ਹਾਲ ਦੀ ਘੜੀ ਕੁਝ ਕਹਿ ਸਕਣਾ ਸਮੇਂ ਤੋਂ ਪਹਿਲਾਂ ਹੋਵੇਗਾ ਕਿ ਕਿੰਨਾ ਕੁ ਲਾਗੂ ਕੀਤਾ ਜਾਂਦਾ ਹੈ। ਸੁਣਾਏ ਗਏ ਮੁੱਖ ਫੈਸਲਿਆਂ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਕੋਲੋਂ "ਫੱਖਰ ਏ ਕੌਮ" ਤੇ "ਪੰਥ ਰਤਨ" ਦੇ ਦਿੱਤੇ ਸਨਮਾਨ ਨੂੰ ਵਾਪਸ ਲੈਣਾ, ਸੌਦਾ ਸਾਧ ਨੂੰ ਬਿਨ ਮੁਆਫੀ ਮੰਗੇ ਜਥੇਦਾਰ ਸਾਹਿਬਾਨ ਨੂੰ ਚੰਡੀਗੜ੍ਹ ਕੋਠੀ ਵਿਖੇ ਤਲਬ ਕਰਕੇ ਮੁਆਫੀ ਦੁਆਉਣ ਦੇ ਸਬੰਧ ਵਿਚ ਪ੍ਰੈੱਸ ਨੂੰ 92 ਲੱਖ ਦੇ ਦਿੱਤੇ ਇਸ਼ਤਿਹਾਰਾਂ ਦੀ ਵਿਆਜ ਸਮੇਤ ਅਦਾਇਗੀ ਸ਼੍ਰੋਮਣੀ ਕਮੇਟੀ ਦੀ ਅਕਾਊਂਟ ਬਰਾਂਚ ਵਿਚ ਜਮਾ ਕਰਨ ਦੇ ਆਦੇਸ਼ ਦੇਣੇ, ਬਾਗੀ ਤੇ ਦਾਗੀ ਸਾਰੀ ਦੀ ਸਾਰੀ ਅਕਾਲੀ ਲੀਡਰਸ਼ਿਪ ਨੂੰ ਦੋਸ਼ੀ ਗਰਦਾਨਦੇ ਇਹ ਕਹਿਣਾ ਕਿ ਅਕਾਲੀ ਦਲ ਦੇ ਬਾਗੀ ਤੇ ਦਾਗੀ ਦੋਵੇਂ ਸਿੱਖ ਪੰਥ ਵਿਚੋਂ ਆਪਣਾ ਧਾਰਮਿਕ, ਰਾਜਨੀਤਿਕ ਆਧਾਰ ਗਵਾ ਚੁੱਕੇ ਹਨ। ਇਸ ਕਰਕੇ ਇਨ੍ਹਾਂ ਸਾਰਿਆਂ ਦੇ ਅਸਤੀਫੇ ਪ੍ਰਵਾਨ ਕਰਕੇ ਤਿੰਨ ਦਿਨਾਂ ਵਿਚ ਸ੍ਰੀ ਅਕਾਲ ਤਖਤ ਨੂੰ ਸੂਚਿਤ ਕੀਤਾ ਜਾਵੇ। ਸ਼੍ਰੋਮਣੀ ਅਕਾਲੀ ਦਲ ਦੇ ਵੱਖ-ਵੱਖ ਨਾਵਾਂ ਹੇਠ ਬਣੇ ਅਕਾਲੀ ਦਲਾਂ ਜਿਨ੍ਹਾਂ ਨੂੰ ਉਨ੍ਹਾਂ ਨੇ ਵੱਖ-ਵੱਖ ਚੁੱਲਿਆਂ ਦਾ ਨਾਂ ਦਿੱਤਾ ਹੈ, ਉਨਾਂ ਨੂੰ ਸਮੇਟ ਕੇ ਸ਼੍ਰੋਮਣੀ ਅਕਾਲੀ ਦਲ ਦਾ ਨਿਰਮਾਣ ਕਰਨ ਲਈ ਸੱਤ ਮੈਂਬਰੀ ਕਮੇਟੀ ਦਾ ਗਠਨ ਕਰਕੇ 6 ਮਹੀਨੇ ਵਿਚ ਵਿਧੀ-ਵਿਧਾਨ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਪਾਰਟੀ ਨੂੰ ਉਸਾਰਨ ਦੇ ਆਦੇਸ਼ ਵੀ ਦਿੱਤੇ ਹਨ। ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵਲੋਂ ਸੁਣਾਏ ਫੈਸਲੇ ਸਪੱਸ਼ਟ ਦੱਸ ਰਹੇ ਹਨ ਕਿ ਸਿੱਖ ਕੌਮ ਤੇ ਪੰਜਾਬ ਦੀ ਤਰਜਮਾਨੀ ਕਰਦੀ ਪਾਰਟੀ ਅਕਾਲੀ ਦਲ ਹੋਵੇ, ਇਸ ਨੇ ਪੰਜਾਬ ਦੇ ਮਸਲਿਆਂ ਨੂੰ ਬਿਲਕੁਲ ਨਜ਼ਰਅੰਦਾਜ਼ ਕਰਕੇ ਆਪਣੀ ਸੋਚ ਨੂੰ ਗਿਰਵੀ ਰੱਖਕੇ ਪੰਜਾਬ ਦੀ ਬਰਬਾਦੀ ਕਰ ਦਿੱਤੀ ਹੈ। ਇਥੇ ਹੀ ਬੱਸ ਨਹੀਂ, ਬਾਦਲਾਂ ਨੇ ਬਿਨ ਸੋਚੇ ਵਿਚਾਰੇ ਸ਼੍ਰੋਮਣੀ ਅਕਾਲੀ ਦਲ ਨੂੰ 'ਪੰਜਾਬੀ ਪਾਰਟੀ' ਬਣਾ ਕੇ ਵੱਡੀ ਗਿਣਤੀ ਵਿਚ ਭਾਜਪਾ, ਆਰ.ਐੱਸ.ਐੱਸ. ਤੇ ਹੋਰ ਸਿੱਖ ਵਿਰੋਧੀ ਅਨਸਰਾਂ ਨੂੰ ਆਗੂ ਬਣਾ ਕੇ ਸਿੱਖ ਕੌਮ ਦੇ ਗੁਰੂ ਘਰਾਂ, ਸਿੱਖ ਵਿਦਿਅਕ ਅਦਾਰਿਆਂ ਵਿਚ ਵਾੜ ਦਿੱਤਾ ਹੈ। ਇਥੇ ਇਹ ਖਾਸ ਤੌਰ 'ਤੇ ਜ਼ਿਕਰ ਕਰਨਾ ਬਣਦਾ ਹੈ ਕਿ ਖਾਲਸਾ ਪੰਥ ਦੀ ਤੀਜੀ ਸ਼ਤਾਬਦੀ ਸਮੇਂ ਉਸ ਵੇਲੇ ਦੇ ਸ੍ਰੀ ਅਕਾਲ ਤੱਖਤ ਦੇ ਜਥੇਦਾਰ ਪ੍ਰੋ. ਮਨਜੀਤ ਸਿੰਘ ਬਹੁਤ ਵਾਰੀ ਟੀ.ਵੀ. ਚੈਨਲਾਂ 'ਤੇ ਜ਼ਿਕਰ ਕਰ ਚੁੱਕੇ ਹਨ ਕਿ ਤੀਜੀ ਸ਼ਤਾਬਦੀ ਦੇ ਸਬੰਧ ਵਿਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਜਾਏ ਜਾ ਰਹੇ 'ਖਾਲਸਾ ਮਾਰਚ' ਦੌਰਾਨ ਆਰ.ਐੱਸ.ਐੱਸ. ਦਾ ਤਤਕਾਲੀ ਆਗੂ ਸ਼੍ਰੀ ਸੁਦਰਸ਼ਨ ਉਨ੍ਹਾਂ ਕੋਲ ਆਇਆ ਸੀ ਤੇ ਉਸ ਨੇ ਆਰ.ਐੱਸ.ਐੱਸ. ਦੇ ਵਲੰਟੀਅਰ ਨੂੰ 'ਖਾਲਸਾ ਮਾਰਚ' ਦੇ ਸਭ ਤੋਂ ਅਗੇ ਲਗਾਉਣ ਦਾ ਜ਼ੋਰ ਪਾਇਆ ਸੀ ਪਰ ਉਨ੍ਹਾਂ ਨੇ ਇਸ ਆਗੂ ਨੂੰ ਸਪੱਸ਼ਟ ਕਰ ਦਿੱਤਾ ਸੀ ਕਿ ਮਾਰਚਾਂ ਦੌਰਾਨ ਸਿੱਖ ਕੌਮ ਦਾ ਆਪਣਾ ਵਿਧੀ ਵਿਧਾਨ ਹੁੰਦਾ ਹੈ ਕਿ ਕਿਸ ਤਰ੍ਹਾਂ ਇਸ ਮਾਰਚ ਨੇ ਚੱਲਣਾ ਹੈ। ਉਸ ਨੂੰ ਉਹ ਤੋੜ ਨਹੀਂ ਸਕਦੇ ਇਸ ਲਈ ਉਨ੍ਹਾਂ ਨੂੰ ਖਾਲਸਾ ਮਾਰਚ ਦੀ ਬਣਤਰ ਵਿਚ ਪਿਛਲੀ ਥਾਂ 'ਤੇ ਲੱਗਣਾ ਪਵੇਗਾ। ਪ੍ਰੋ. ਮਨਜੀਤ ਸਿੰਘ ਨੇ ਇਹ ਵੀ ਦੱਸਿਆ ਕਿ ਸ਼੍ਰੀ ਸੁਦਰਸ਼ਨ ਨੇ ਸ. ਪ੍ਰਕਾਸ਼ ਸਿੰਘ ਬਾਦਲ ਕੋਲੋਂ ਵੀ ਮੇਰੇ 'ਤੇ ਦਬਾਅ ਪੁਆਇਆ ਕਿ ਉਨ੍ਹਾਂ ਦੀਆਂ (ਸ. ਪ੍ਰਕਾਸ਼ ਸਿੰਘ) ਰਾਜਨੀਤਿਕ ਤੌਰ 'ਤੇ ਮਜਬੂਰੀਆਂ ਹੁੰਦੀਆਂ ਹਨ, ਇਨ੍ਹਾਂ ਨੂੰ ਅਡਜਸਟ ਕੀਤਾ ਜਾਵੇ। ਪਰ ਜਦੋਂ ਮੈਂ (ਪ੍ਰੋ. ਮਨਜੀਤ ਸਿੰਘ) ਸ. ਬਾਦਲ ਨੂੰ ਇਹ ਕਿਹਾ ਕਿ 'ਮੈਂ ਸਿੱਖ ਕੌਮ ਅਗੇ ਜੁਆਬਦੇਹ ਹਾਂ, ਰਾਜਨੀਤਿਕ ਆਗੂਆਂ ਅਗੇ ਜੁਆਬ ਦੇਹ ਨਹੀਂ ਹਾਂ'। ਇਸ 'ਤੇ ਆਰ.ਐੱਸ.ਐੱਸ. ਦੇ ਆਗੂ ਸ਼੍ਰੀ ਸੁਦਰਸ਼ਨ ਇੰਨੇ ਖਫਾ ਹੋ ਕੇ ਮੈਨੂੰ ਕਹਿਣ ਲੱਗੇ, ਸਮਾਂ ਆਉਣ 'ਤੇ ਇਸ ਦਾ ਖਮਿਆਜ਼ਾ ਤੁਹਾਨੂੰ ਭੁਗਤਣਾ ਪਵੇਗਾ। ਸ਼੍ਰੀ ਸੁਦਰਸ਼ਨ ਨੇ ਮੈਨੂੰ ਇਹ ਵੀ ਕਿਹਾ ਕਿ ਯਾਦ ਰੱਖਿਓ ਇਕ ਸਮਾਂ ਉਹ ਵੀ ਆਉਣ ਵਾਲਾ ਹੈ, ਜਦੋਂ ਤਖਤਾਂ 'ਤੇ ਸਾਡੇ ਜਥੇਦਾਰ ਹੋਣਗੇ, ਇਨ੍ਹਾਂ ਦਾ ਸਾਰਾ ਪ੍ਰਬੰਧ ਵੀ ਸਾਡੇ ਹੱਥਾਂ ਵਿਚ ਹੋਵੇਗਾ। ਇਹ ਗੱਲ ਕਾਫੀ ਹੱਦ ਤੱਕ ਸੱਚ ਹੁੰਦੀ ਹੀ ਨਜ਼ਰ ਆ ਰਹੀ ਹੈ। ਪ੍ਰੋ. ਮਨਜੀਤ ਸਿੰਘ ਦਾ ਇਹ ਵੀ ਕਹਿਣਾ ਸੀ ਕਿ ਫਿਰ ਥੋੜ੍ਹੇ ਜਿਹੇ ਸਮੇਂ ਬਾਅਦ ਹੀ ਮੇਰੇ ਕੋਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਪਦਵੀ ਖੋਹ ਲਈ ਗਈ। ਅੱਜ ਸ਼੍ਰੀ ਸੁਦਰਸ਼ਨ ਦੀ ਕਹੀ ਹੋਈ ਗੱਲ ਸਹੀ ਸਾਬਤ ਹੁੰਦੀ ਨਜ਼ਰ ਆ ਰਹੀ ਹੈ। ਸਿੱਖ ਚਿੰਤਕਾਂ ਦਾ ਕਹਿਣਾ ਕਿ ਸਿੱਖਾਂ ਦੇ ਸਰਬਉੱਚ ਅਸਥਾਨ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਆਦਿ ਕਈ ਹੋਰ ਪਵਿੱਤਰ ਅਸਥਾਨਾਂ 'ਤੇ ਸਿੱਖ ਵਿਰੋਧੀ ਅਨਸਰ ਨੇ ਪਿਛਲੇ ਸਮੇਂ ਵਿਚ ਜਿਹੜੀਆਂ ਬੇਅਦਬੀਆਂ ਕੀਤੀਆਂ ਸਨ। ਉਹ ਇਸ ਗੱਲ ਦਾ ਸੰਕੇਤ ਜ਼ਰੂਰ ਦੇ ਰਹੇ ਹਨ ਕਿ ਅੰਦਰਲੀ ਮਿਲੀਭੁਗਤ ਤੋਂ ਬਿਨਾ ਇਹੋ ਜਿਹੇ ਘਿਣਾਉਣੇ ਕਾਰੇ ਸੰਭਵ ਨਹੀਂ ਸਨ ਹੋ ਸਕਦੇ। ਸਿੱਖ ਜਗਤ ਨੂੰ ਉਨ੍ਹਾਂ ਬੇਅਦਬੀ ਕਰਨ ਵਾਲੇ ਦੋਸ਼ੀਆਂ ਬਾਰੇ ਹੁਣ ਤੱਕ ਕੋਈ ਉੱਘ-ਸੁੱਘ ਨਹੀਂ ਕਿ ਉਹ ਕੌਣ ਸਨ ? ਅੱਜ ਤੱਕ ਉਨ੍ਹਾਂ ਬਾਰੇ ਸਿੱਖ ਕੌਮ ਨੂੰ ਕੋਈ ਪਤਾ ਨਹੀਂ। ਸਿੱਖ ਚਿੰਤਕਾਂ ਦਾ ਇਹ ਕਹਿਣਾ ਹੈ ਕਿ ਆਰ.ਐੱਸ.ਐੱਸ. ਨੇ ਵੱਡੀ ਗਿਣਤੀ ਸਿੱਖ ਪਹਿਰਾਵੇ ਵਿਚ ਗ੍ਰੰਥੀ ਸਿੰਘ, ਕੀਰਤਨੀਏ, ਪ੍ਰਚਾਰਕ ਤਿਆਰ ਕਰਕੇ ਸਿੱਖ ਧਰਮ ਅਸਥਾਨਾਂ ਵਿਚ ਵਾੜ੍ਹ ਵੀ ਦਿੱਤੇ ਹਨ, ਜੋ ਰਸਹੀਨ ਕੀਰਤਨ ਕਰਦੇ ਹਨ, ਉਨ੍ਹਾਂ ਨੇ ਆਪਣੇ ਤਬਲੇ ਇਸ ਤਰ੍ਹਾਂ ਵਜਾਉਣੇ ਸ਼ੁਰੂ ਕਰ ਦਿੱਤੇ ਹਨ, ਜਿਵੇਂ ਤਾੜੀਆਂ ਮਾਰੀਆਂ ਜਾ ਰਹੀਆਂ ਹੋਣ। ਅਜਿਹੇ ਸਿੱਖ ਪ੍ਰਚਾਰਕ, ਅੰਧਵਿਸ਼ਵਾਸੀ, ਵਹਿਮਾਂ-ਭਰਮਾਂ ਵਾਲਾ ਪ੍ਰਚਾਰ ਕਰਨ ਦੇ ਨਾਲ ਕਈ ਇਤਿਹਾਸਿਕ ਅਸਥਾਨਾਂ 'ਤੇ ਲੱਗੇ ਗ੍ਰੰਥੀਆਂ ਨੇ ਧਾਰਮਿਕ ਸਮਾਗਮ ਕਰਾਉਣ ਵਾਲੇ ਸ਼ਰਧਾਲੂਆਂ ਕੋਲੋਂ ਪੈਸੇ ਮੰਗਣੇ ਵੀ ਸ਼ੁਰੂ ਕਰ ਦਿੱਤੇ ਹਨ, ਜਿਵੇਂ ਅਸੀਂ ਕੁਝ ਦਕਿਆਨੂਸੀ ਧਰਮਾਂ ਵਿਚ ਸੁਣਦੇ ਆ ਰਹੇ ਸਾਂ। ਇਥੇ ਹੀ ਬਸ ਨਹੀਂ, ਗੁਰਦੁਆਰਿਆਂ ਵਿਚ ਕਰੋੜਾਂ ਰੁਪਏ ਫੁਲਾਂ 'ਤੇ ਲਗਾਏ ਜਾ ਰਹੇ ਹਨ, ਜਦੋਂਕਿ ਕੌਮ ਵਧੀਆਂ ਤੇ ਸਸਤੀ ਵਿਦਿਆ ਤੇ ਸਿਹਤ ਸਹੂਲਤਾਂ ਤੋਂ ਵਾਂਝੀ ਫਿਰ ਰਹੀ ਹੈ। ਕਈ ਗੁਰਦੁਆਰਿਆਂ ਸਮੇਤ ਸਿੱਖ ਪੰਥ ਦੇ ਕਈ ਤਖਤਾਂ ਦੀ ਅਸਲੀ ਦਿੱਖ ਨੂੰ ਵਿਗਾੜ ਕੇ ਬਨਾਵਟੀ ਢੰਗ ਨਾਲ ਬਨਾਵਟੀ ਸਜਾਵਟ ਕਰਕੇ ਉਸ ਦੇ ਅਸਲੀ ਸਰੂਪ ਤੋਂ ਸੰਗਤ ਨੂੰ ਵਾਂਝਾ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਫੂਲਾਂ ਆਦਿ ਨਾਲ ਢੱਕ ਕੇ ਲੋਕਾਂ ਤੋਂ ਦੂਰ ਕੀਤਾ ਜਾ ਰਿਹਾ ਹੈ ਕਿ ਉਹ ਸਿੱਖ ਫਲ਼ਸਫੇ ਤੋਂ ਅਣਭਿੱਜ ਹੋ ਜਾਣ। ਸਿੱਖ ਵਿਰੋਧੀ ਤਾਕਤਾਂ ਦਾ ਸਾਰਾ ਜ਼ੋਰ ਲੱਗਿਆ ਹੋਇਆ ਕਿ ਸਿੱਖ ਕੌਮ ਨੂੰ ਜਦੋਂ ਉਸ ਨੂੰ ਪੰਜਾਬੀ ਬੋਲੀ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਦੂਰ ਕਰ ਲਿਆ, ਤਾਂ ਸਮਝੋ ਇਹ ਧਰਮ ਆਪੇ ਹੀ ਖਤਮ ਹੋ ਜਾਵੇਗਾ। ਸਿੱਖ ਵਿਰੋਧੀ ਲਾਬੀ ਇਸੇ ਵਿਸ਼ੇ 'ਤੇ ਬੜੀ ਗੰਭੀਰਤਾ ਨਾਲ ਕੰਮ ਰਹੀ ਹੈ। ਸਿੱਖ ਕੌਮ ਨੂੰ ਇਸ ਸਾਜ਼ਿਸ਼ ਨੂੰ ਬੜੀ ਗੰਭੀਰਤਾ ਨਾਲ ਲੈਣ ਤੇ ਸਮਝਣ ਦੀ ਜ਼ਰੂਰਤ ਹੈ। ਇਸ ਵੇਲੇ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਬੁਰੀ ਤਰ੍ਹਾਂ ਖਿੰਡੀ ਹੋਈ ਹੈ। ਇਸ ਸਮੇਂ ਸਿੱਖ ਵਿਰੋਧੀ ਤਾਕਤਾਂ ਪੂਰੀ ਤਰ੍ਹਾਂ ਸਰਗਰਮ ਹੋ ਚੁੱਕੀਆਂ ਹਨ ਕਿ ਇਨ੍ਹਾਂ ਦਾ ਏਕਾ ਹੀ ਨਾ ਉਸਰਣ ਦਿੱਤਾ ਜਾਵੇ। ਇਸ ਨਾਜ਼ੁਕ ਹਾਲਤ ਵਿਚ ਸਿੰਘ ਸਾਹਿਬਾਨ ਦੇ ਆਦੇਸ਼ਾਂ 'ਤੇ ਸ਼੍ਰੋਮਣੀ ਅਕਾਲੀ ਦਲ ਪਾਰਟੀ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਸਿੱਖ ਵਿਰੋਧੀ ਤਾਕਤਾਂ ਦੀ ਕੋਸ਼ਿਸ਼ ਹੋਵੇਗੀ ਕਿ ਉਹ ਆਪਣੇ ਵੱਧ ਤੋਂ ਵੱਧ ਬੰਦੇ ਅਕਾਲੀ ਪਾਰਟੀ ਵਿਚ ਸ਼ਾਮਲ ਕਰਾਉਣ, ਤਾਂ ਕਿ ਅਕਾਲੀ ਦਲ ਨੂੰ ਕਿਸੇ ਵੀ ਹਾਲਤ ਵਿਚ ਆਪਣੇ ਮੰਤਵ ਵਿਚ ਸਫਲ਼ ਨਾ ਹੋਣ ਦਿੱਤਾ ਜਾਵੇ। ਇਸ ਲਈ ਸਿੱਖ ਕੌਮ ਦੇ ਆਗੂਆਂ ਨੂੰ ਸਿੱਖ ਵਿਰੋਧੀ ਲਾਬੀ ਤੋਂ ਬੜਾ ਸੰਭਲ ਕੇ ਪਾਰਟੀ ਦੇ ਨਿਰਮਾਣ ਕਰਨ ਲਈ ਆਗੂਆਂ ਦੀ ਚੋਣ ਕਰਨੀ ਪੈਣੀ ਹੈ ਕਿ ਵਿਰੋਧੀ ਧਿਰ ਦਾ ਬੰਦਾ ਪਾਰਟੀ ਵਿਚ ਨਾ ਆ ਜਾਵੇ। ਹੁਣ ਵੇਖਣਾ ਇਹ ਹੋਵੇਗਾ ਕਿ ਸਿੱਖ ਕੌਮ ਦੀ ਲੀਡਰਸ਼ਿਪ ਇਸ ਪੱਖੋਂ ਕਿੰਨੀ ਕੁ ਸਿਆਣੀ ਤੇ ਸਮਝਦਾਰ ਹੈ ਕਿ ਉਹ ਬਿਨ ਮਿਲਾਵਟ ਦੇ ਅਕਾਲੀ ਪਾਰਟੀ ਦਾ ਨਿਰਮਾਣ ਕਰਨ ਵਿਚ ਸਫਲ ਹੁੰਦੀ ਹੈ ਕਿ ਨਹੀਂ !! ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

# ਮਨੁੱਖੀ ਅਧਿਕਾਰਾਂ ਦਾ ਘਾਣ: ਚਿੰਤਾ ਅਤੇ ਚਿੰਤਨ



ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA





ਮਨੁੱਖ ਦਾ ਇਸ ਸ੍ਰਿਸ਼ਟੀ ਉੱਤੇ ਮੁੱਢਲਾ ਅਧਿਕਾਰ ਸਾਫ਼ ਹਵਾ, ਸ਼ੁੱਧ ਪਾਣੀ, ਚੰਗੀ ਖੁਰਾਕ ਹੈ। ਮਨੁੱਖ ਦੇ ਇਸ ਸ੍ਰਿਸ਼ਟੀ ਉੱਤੇ ਜਨਮ, ਸੋਝੀ ਅਤੇ ਵਿਕਾਸ ਦੇ ਚੱਲਦਿਆਂ, ਸ਼ੈਤਾਨ ਪ੍ਰਵਿਰਤੀ ਵਾਲੇ ਲੋਕਾਂ ਨੇ ਮਨੁੱਖ ਦੇ ਮੁੱਢਲੇ ਅਧਿਕਾਰਾਂ ਦਾ ਹਨਨ ਕੀਤਾ ਅਤੇ ਇਹ ਵਰਤਾਰਾ ਲਗਾਤਾਰ ਜਾਰੀ ਹੈ।

ਇਸ ਵਰਤਾਰੇ ਨਾਲ ਕਬੀਲਿਆਂ 'ਚ ਯੁੱਧ ਹੋਏ, ਤਕੜੇ ਨੇ ਮਾੜੇ ਨੂੰ ਮਾਰਨ, ਮਨੁੱਖ ਦੇ ਸਰੀਰ ਅਤੇ ਸੋਚ ਨੂੰ ਗੁਲਾਮ ਕਰਨ ਦਾ ਯਤਨ ਕੀਤਾ, ਇਹ ਪ੍ਰਵਿਰਤੀ ਸੰਸਾਰ ਪੱਧਰ 'ਤੇ ਵਾਪਰੀ। ਸੰਸਾਰ ਯੁੱਧ ਹੋਏ। ਇਹ ਵਰਤਾਰਾ ਅਤੇ ਮਾਰੂ ਪ੍ਰਵਿਰਤੀ ਮਨੁੱਖ ਦੇ ਅਧਿਕਾਰਾਂ ਦੀ ਦੁਸ਼ਮਣ ਬਣੀ ਨਜ਼ਰ ਆ ਰਹੀ ਹੈ।

ਅਸੀਂ; ਦੇਸ਼ ਮਹਾਨ ਭਾਰਤ ਦੇ ਵਾਸੀ ਮਨੁੱਖੀ ਅਧਿਕਾਰਾਂ ਦੇ ਘਾਣ ਤੋਂ ਬੁਰੀ ਤਰ੍ਹਾਂ ਪੀੜਤ ਹਾਂ। ਪਿਛਲੇ ਇੱਕ ਦਹਾਕੇ ਤੋਂ ਭਾਰਤੀਆਂ ਦੇ ਮੁੱਢਲੇ ਹੱਕਾਂ ਉੱਤੇ ਜਿਵੇਂ ਛਾਪਾ ਮਾਰਿਆ ਜਾ ਰਿਹਾ ਹੈ, ਉਨ੍ਹਾਂ ਦੀ ਬੋਲਚਾਲ ਦੀ ਆਜ਼ਾਦੀ ਖੋਹੀ ਜਾ ਰਹੀ ਹੈ। ਭਾਰਤੀਆਂ ਦੇ ਕੁਦਰਤੀ ਸਾਧਨ ਜਿਵੇਂ ਧੰਨ ਕੁਬੇਰਾਂ ਹੱਥ ਸੌਂਪੇ ਜਾ ਰਹੇ ਹਨ, ਉਹ ਉਨ੍ਹਾਂ ਦੇ ਅਧਿਕਾਰਾਂ ਉੱਤੇ ਸਿੱਧਾ ਛਾਪਾ ਹਨ। ਸਰਕਾਰ ਵੱਲੋਂ ਸਾਰਵਜਨਿਕ ਸਾਧਨਾਂ ਨੂੰ ਪੂੰਜੀਪਤੀਆਂ ਹੱਥ ਸੌਂਪ ਕੇ ਦੇਸ਼ ਵਾਸੀਆਂ ਨੂੰ ਉਨ੍ਹਾਂ ਧੰਨ ਕੁਬੇਰਾਂ ਦੀ ਮਨੁੱਖ ਨੂੰ ਗੁਲਾਮ ਬਣਾਉਣ ਅਤੇ ਉਸ ਦੇ ਕਿਰਤ ਸਾਧਨਾਂ ਦੀ ਲੁੱਟ ਕਰਨ ਦੀ ਖੁੱਲ੍ਹ ਦੇਣਾ ਅਸਲ ਅਰਥਾਂ ਵਿਚ ਉਸ ਦੇ ਮਨੁੱਖੀ ਅਧਿਕਾਰਾਂ ਉੱਤੇ ਸਿੱਧਾ ਦਖਲ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਮੌਜੂਦਾ ਹਕੂਮਤ ਆਮ ਲੋਕਾਂ ਦੇ ਭਲੇ ਲਈ ਗੱਲ ਕਰਦੀ ਹੈ, ਉਨ੍ਹਾਂ ਲਈ ਨਿੱਤ ਨਵੀਆਂ ਸਕੀਮਾਂ ਘੜਦੀ ਹੈ, ਰੁਜ਼ਗਾਰ ਪ੍ਰਦਾਨ ਕਰਨ ਦੇ ਫੋਕੇ ਐਲਾਨ ਕਰਦੀ ਹੈ, ਪਰ ਅਸਲ ਅਰਥਾਂ 'ਚ ਸਭ ਕੁਝ ਕਾਰਪੋਰੇਟ ਜਗਤ ਨੂੰ ਸੌਂਪ ਕੇ ਸਿਰਫ਼ ਆਪਣੀ ਰਾਜ ਗੱਦੀ ਪੱਕੀ ਕਰਨ ਦੇ ਆਹਰ ਵਿਚ ਲੱਗੀ ਰਹਿੰਦੀ ਹੈ। ਪਿਛਲੇ ਵਰ੍ਹਿਆਂ 'ਚ ਜਿਵੇਂ ਮਜ਼ਦੂਰ ਵਿਰੋਧੀ ਕਾਨੂੰਨ ਪਾਸ ਕੀਤੇ ਗਏ, ਉਨ੍ਹਾਂ ਦੀ ਦਿਹਾੜੀ ਦਾ ਸਮਾਂ 8 ਘੰਟੇ ਤੋਂ ਵਧਾਇਆ ਗਿਆ, ਕਾਲੇ ਖੇਤੀ ਕਾਨੂੰਨ ਪਾਸ ਕਰਨ ਲਈ ਨਾਕਾਮ ਯਤਨ ਕੀਤੇ ਗਏ, ਕਿਸਾਨਾਂ ਉੱਤੇ ਅਣਮਨੁੱਖੀ ਅੱਤਿਆਚਾਰ ਹਕੂਮਤ ਵੱਲੋਂ ਕੀਤੇ ਗਏ, ਉਹ ਅਸਲ ਅਰਥਾਂ ਵਿਚ ਅਤਿ ਨਿੰਦਣਯੋਗ ਰਿਹਾ, ਜਿਸ ਦੀ ਦੇਸ-ਵਿਦੇਸ਼ ਵਿਚ ਨਿੰਦਾ ਹੋਈ ਅਤੇ ਮਨੁੱਖੀ ਅਧਿਕਾਰਾਂ ਦੇ ਹਾਮੀ ਲੋਕਤੰਤਰ ਭਾਰਤ ਦੇ ਮੱਥੇ ਉੱਤੇ ਵੱਡਾ ਕਾਲਾ ਟਿੱਕਾ ਲੱਗਿਆ।

ਮਨੁੱਖੀ ਅਧਿਕਾਰਾਂ ਦਾ ਘਾਣ ਜਿਸ ਢੰਗ ਨਾਲ ਮੌਜੂਦਾ ਦੌਰ ਵਿਚ, ਦਿੱਲੀ ਦੀ ਕੇਂਦਰੀ ਸਰਕਾਰ ਹੁਣ ਵੀ ਕਰ ਰਹੀ ਹੈ, ਸ਼ਾਇਦ ਇਹ ਆਪਣੇ ਆਪ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਸਭ ਤੋਂ ਵੱਡੀ ਮਿਸਾਲ ਹੈ।

ਕਿਸਾਨ ਸ਼ਾਂਤਮਈ ਢੰਗ ਨਾਲ ਦਿੱਲੀ ਦੀਆਂ ਬਰੂਹਾਂ 'ਤੇ ਆਪਣੀਆਂ ਮੰਗਾਂ ਨਾ ਮੰਨੇ ਜਾਣ ਕਾਰਨ ਰੋਸ ਪ੍ਰਗਟ ਕਰਨ ਲਈ ਜਾ ਰਹੇ ਹਨ, ਉਨ੍ਹਾਂ ਉੱਤੇ ਧੂੰਏ ਵਾਲੇ ਗੋਲੇ ਸੁੱਟਣਾ ਅਤੇ ਉਨ੍ਹਾਂ ਨੂੰ ਰੋਕਣਾ ਕੀ ਉਨ੍ਹਾਂ ਦੇ ਸੰਵਿਧਾਨ 'ਚ ਮਿਲੇ ਅਧਿਕਾਰਾਂ ਦੀ ਉਲੰਘਣਾ ਨਹੀਂ ਹੈ?

ਕਿਸਾਨ ਅੰਦੋਲਨ ਦਾ ਘਟਨਾਕ੍ਰਮ ਸਭ ਦੇ ਸਾਹਮਣੇ ਹੈ। ਕਾਲੇ ਖੇਤੀ ਕਾਨੂੰਨਾਂ ਦੀ ਕੇਂਦਰ ਸਰਕਾਰ ਵੱਲੋਂ ਵਾਪਸੀ ਅਤੇ ਹੋਰ ਮੰਗਾਂ ਮੰਨੇ ਜਾਣ ਉਪਰੰਤ ਕਿਸਾਨ ਚਾਰ ਵਰ੍ਹੇ ਪਹਿਲਾਂ ਦਿੱਲੀਓਂ ਪਰਤ ਆਏ ਸਨ। ਪਰ ਇਨ੍ਹਾਂ ਵਰ੍ਹਿਆਂ 'ਚ ਉਨ੍ਹਾਂ ਦੀਆਂ ਮੰਗਾਂ ਨਾ ਮੰਨਣਾ ਅਤੇ ਉਨ੍ਹਾਂ ਦੀਆਂ ਮੰਗਾਂ ਉੱਤੇ ਵਿਚਾਰ ਨਾ ਕਰਨਾ ਫਿਰ ਸਿਰਫ਼ ਗੁੰਮਰਾਹਕੁੰਨ ਬਿਆਨਾਂ ਨਾਲ ਉਨ੍ਹਾਂ ਦੇ ਅੰਦੋਲਨ ਨੂੰ ਤਾਰਪੀਡੋ ਕਰਨਾ, ਕਿੱਥੋਂ ਤੱਕ ਜਾਇਜ਼ ਹੈ?

ਕਿਸਾਨਾਂ ਦੀ ਇੱਕੋ ਇੱਕ ਅਹਿਮ ਮੰਗ ਕਿ ਉਨ੍ਹਾਂ ਦੀਆਂ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇ। ਪਰ ਇਸ ਤੋਂ ਟਾਲਾ ਵੱਟ ਕੇ ਕਿਹਾ ਇਹ ਜਾ ਰਿਹਾ ਹੈ ਕਿ ਮੋਦੀ ਦੀ ਗਾਰੰਟੀ ਹੈ ਕਿ ਸਰਕਾਰ ਖੇਤੀ ਉਤਪਾਦ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦੇਗੀ। ਕਿਸਾਨ ਬਿਆਨ ਨੂੰ ਕਿਵੇਂ ਪ੍ਰਵਾਨ ਕਰਨ, ਜਦਕਿ ਮੋਦੀ ਦੀਆਂ ਗਾਰੰਟੀਆਂ ਹਾਥੀ ਦੇ ਦੰਦ ਖਾਣ ਲਈ ਹੋਰ ਦਿਖਾਉਣ ਲਈ ਹੋਰ ਸਾਬਤ ਹੋ ਚੁੱਕੇ ਹਨ।

ਕਿਸਾਨ ਸੜਕਾਂ 'ਤੇ ਹਨ। ਕੀ ਉਹ ਸਿਰਫ਼ ਬਿਆਨਾਂ ਨਾਲ ਪਰਚ ਜਾਣਗੇ। ਕਿਸਾਨਾਂ ਦੇ ਮੁੱਦੇ ਸਰਕਾਰ ਅਨੁਸਾਰ ਵਿਚਾਰ ਦੇ ਲਾਇਕ ਹੀ ਨਹੀਂ ਜਾਂ ਫਿਰ ਉਨ੍ਹਾਂ ਨੂੰ ਸੁਲਝਾਉਣ ਲਈ ਸਰਕਾਰ ਇਮਾਨਦਾਰੀ ਨਾਲ ਕੁਝ ਕਰਨਾ ਹੀ ਨਹੀਂ ਚਾਹੁੰਦੀ? ਮਨੁੱਖ ਜਦੋਂ ਪੀੜਤ ਹੁੰਦਾ ਹੈ, ਉਹ ਜਦੋਂ ਮਹਿਸੂਸ ਕਰਦਾ ਹੈ ਕਿ ਉਸ ਨਾਲ ਜ਼ਿਆਦਤੀ ਹੋ ਰਹੀ ਹੈ, ਤਾਂ ਉਹ ਆਵਾਜ਼ ਚੁੱਕਦਾ ਹੈ। ਆਪਣੇ ਮੁੱਢਲੇ ਹੱਕਾਂ ਦੀ ਰਾਖੀ ਲਈ ਲੜਦਾ ਹੈ।

ਦੇਸ਼ ਵਿਚ ਘੱਟ ਗਿਣਤੀਆਂ ਦੇ ਹੱਕਾਂ ਨੂੰ ਖੋਰਾ ਲਾਇਆ ਜਾ ਰਿਹਾ ਹੈ, ਉਹ ਸੜਕਾਂ 'ਤੇ ਉੱਤਰਦੇ ਹਨ। ਕਿਸੇ ਖਿੱਤੇ ਦੇ ਲੋਕਾਂ ਦੀ ਬੋਲੀ, ਸੱਭਿਆਚਾਰ, ਪਹਿਰਾਵੇ, ਰਹਿਣ-ਸਹਿਣ ਉੱਤੇ ਟੋਕਾ-ਟਾਕੀ ਹੁੰਦੀ ਹੈ, ਉਹ ਲੋਕ ਗਣਤੰਤਰ ਭਾਰਤ 'ਚ ਰੋਸ ਪ੍ਰਗਟ ਕਰਦੇ ਹਨ। ਦੇਸ਼ ਦੇ ਕਿਸੇ ਖਿੱਤੇ 'ਚ ਹਕੂਮਤ ਜ਼ਿਆਦਤੀ ਕਰਦੀ ਹੈ, ਤਾਂ ਲੋਕ ਸੜਕਾਂ 'ਤੇ ਉੱਤਰਦੇ ਹਨ। ਰੋਸ ਪ੍ਰਗਟ ਕਰਨਾ, ਆਪਣੇ ਉੱਤੇ ਹੋ ਰਹੀਆਂ ਜ਼ਿਆਦਤੀਆਂ ਬਾਰੇ ਦੂਜਿਆਂ ਨਾਲ ਸਾਂਝ ਪਾਉਣੀ, ਕਿਸੇ ਵੀ ਸਮਾਜ ਵਿਚ ਮਨੁੱਖ ਦਾ ਅਧਿਕਾਰ ਹੈ। ਪਰ ਮੌਜੂਦਾ ਹਕੂਮਤ ਵੱਲੋਂ ਜਿਸ ਢੰਗ ਨਾਲ ਯੂ.ਪੀ. 'ਚ ਬੁਲਡੋਜ਼ਰ ਨੀਤੀ ਨਾਲ ਲੋਕਾਂ ਨੂੰ ਕੁਚਲਿਆ ਗਿਆ, ਕਸ਼ਮੀਰ, ਮਣੀਪੁਰ 'ਚ ਜਿਸ ਢੰਗ ਨਾਲ ਲੋਕਾਂ ਉੱਤੇ ਅੱਤਿਆਚਾਰ ਹੋਏ, ਆਵਾਜ਼ ਉਠਾਉਣ ਵਾਲੇ ਲੋਕਾਂ ਨੂੰ ਜੇਲ੍ਹਾਂ 'ਚ ਡੱਕਿਆ ਗਿਆ, ਉਹ ਲੋਕਤੰਤਰੀ ਕਦਰਾਂ-ਕੀਮਤਾਂ ਉੱਤੇ ਵੱਡੇ ਸਵਾਲ ਖੜ੍ਹੇ ਕਰਦਾ ਹੈ। ਮਨੁੱਖੀ ਅਧਿਕਾਰਾਂ ਦੇ ਮਾਮਲੇ ਉੱਤੇ ਭਾਰਤ ਦੁਨੀਆਂ ਭਰ 'ਚ ਆਪਣੀ ਪਛਾਣ ਗੁਆ ਰਿਹਾ ਹੈ। ਦੁਨੀਆਂ ਦੇ ਵੱਡੇ ਗਣਤੰਤਰ, ਲੋਕਰਾਜ ਵਿਚ ਵੰਨ-ਸੁਵੰਨੇ ਲੋਕ ਵੱਸਦੇ ਹਨ, ਵੱਖੋ-ਵੱਖਰੀਆਂ ਬੋਲੀਆਂ, ਧਰਮ, ਸੱਭਿਆਚਾਰ ਵਾਲੇ ਲੋਕ ਇੱਥੇ ਰਹਿੰਦੇ ਹਨ, ਪਰ ਹਕੂਮਤ ਵੱਲੋਂ ਹਿੰਦੀ, ਹਿੰਦੂ, ਹਿੰਦੁਸਤਾਨ ਬਾਰੇ ਹੀ ਗੱਲ ਕਰਨੀ, ਕੀ ਭਾਰਤੀਆਂ ਦੇ ਮੁੱਢਲੇ ਮਨੁੱਖੀ ਹੱਕਾਂ ਉੱਤੇ ਸਿੱਧਾ ਹਮਲਾ ਨਹੀਂ? ਜਿਹੜਾ ਵੀ ਕੋਈ ਚਿੰਤਕ, ਲੇਖਕ, ਵਿਚਾਰਵਾਨ ਇਸ ਵਿਚਾਰ ਉੱਤੇ ਕਿੰਤੂ-ਪ੍ਰੰਤੂ ਕਰਦਾ ਹੈ, ਉਸ ਨੂੰ ਜੇਲ੍ਹ ਵਿਚ ਸੁੱਟਣਾ, ਕੀ ਮਨੁੱਖੀ ਅਧਿਕਾਰਾਂ ਦਾ ਹਨਨ ਨਹੀਂ ਹੈ?

ਮਨੁੱਖੀ ਅਧਿਕਾਰਾਂ ਸੰਬੰਧੀ ਇੱਕ ਰਿਪੋਰਟ ਛਪੀ ਹੈ। ਇਸ ਰਿਪੋਰਟ ਵਿਚ 180 ਦੇਸ਼ ਸ਼ਾਮਲ ਕੀਤੇ ਗਏ ਹਨ। ਭਾਰਤ ਦਾ ਸਥਾਨ 150ਵਾਂ ਹੈ। ਬਾਵਜੂਦ ਇਸ ਗੱਲ ਦੇ ਕਿ ਅਸੀਂ ਦੁਨੀਆਂ ਭਰ 'ਚ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਵਜੋਂ ਆਪਣਾ ਡੰਕਾ ਵਜਾਉਣ ਦਾ ਦਾਅਵਾ ਕਰਦੇ ਹਾਂ, ਪਰ ਲੋਕਤੰਤਰ ਦੇ ਮੁੱਢਲੇ ਨਿਯਮਾਂ ਅਤੇ ਭਾਰਤੀ ਸੰਵਿਧਾਨ 'ਚ ਮਿਲੇ ਭਾਰਤੀਆਂ ਨੂੰ ਮੌਲਿਕ ਅਧਿਕਾਰ ਉਨ੍ਹਾਂ ਨੂੰ ਦੇਣ 'ਤੇ ਨਕਾਰਾਤਮਕ ਸੋਚ ਅਤੇ ਰਵੱਈਆ ਅਪਣਾਉਂਦੇ ਹਾਂ।

ਜਿਸ ਢੰਗ ਨਾਲ ਦੇਸ਼ ਦੇ ਸੰਵਿਧਾਨ ਨੂੰ ਪਿਛਲੇ ਦਹਾਕੇ 'ਚ ਤੋੜਿਆ-ਮਰੋੜਿਆ ਗਿਆ, ਫੈਡਰਲ ਢਾਂਚੇ ਨੂੰ ਤਬਾਹ ਕਰਨ ਲਈ ਜ਼ੋਰ ਲੱਗਿਆ, ਕੇਂਦਰ ਨੇ ਏਕਾਧਿਕਾਰ ਸਥਾਪਿਤ ਕਰਨ ਦਾ ਯਤਨ ਕੀਤਾ, ਉਹ ਅਸਲ ਵਿਚ ਸਿਰਫ਼ ਭਾਰਤੀ ਸੰਵਿਧਾਨ ਦੀ ਤੌਹੀਨ ਹੀ ਨਹੀਂ ਸੀ, ਉਹ ਅਸਲ ਅਰਥਾਂ ਵਿਚ ਲੋਕਤੰਤਰ ਦੇ ਅਧਿਕਾਰਾਂ ਨੂੰ ਖੰਡਿਤ ਕਰਨ ਸਮਾਨ ਸੀ।

ਅਸੀਂ ਜਦੋਂ ਦੇਸ਼ ਵਿਚ ਵਾਪਰ ਰਹੇ ਕਾਲੇ ਦੌਰ ਦੀ ਗੱਲ ਕਰਦੇ ਹਾਂ, ਤਾਂ ਉਸੇ ਵੇਲੇ ਅਸੀਂ ਉਸ ਸੋਚ ਦੀ ਗੱਲ ਕਰਦੇ ਹਾਂ, ਜੋ ਭਾਰਤੀਆਂ ਦੇ ਭਵਿੱਖ ਲਈ ਕਾਲਾ ਧੱਬਾ ਬਣਨ ਜਾ ਰਿਹਾ ਹੈ। ਲੋਕਾਂ ਨੂੰ ਇੱਕੋ ਸੋਚ ਵਿਚ ਬੰਨ੍ਹਣਾ ਉਨ੍ਹਾਂ ਨੂੰ ਇੱਕੋ ਧਰਮ ਦੇ ਅਨੁਯਾਈ ਬਣਾਉਣ ਲਈ ਪ੍ਰੇਰਣਾ ਜਾਂ ਮਜਬੂਰ ਕਰਨਾ, ਦੂਜੇ ਧਰਮਾਂ ਦੀ ਤੌਹੀਨ ਕਰਨਾ ਅਤੇ ਵਿਰੋਧੀ ਸੋਚ ਨੂੰ ਟਿੱਚ ਜਾਣ ਕੇ, ਉਸ ਨੂੰ ਮਿੱਧਣਾ, ਇੱਕ ਇਹੋ-ਜਿਹਾ ਕਾਰਜ ਦੇਸ਼ ਵਿਚ ਬਣਦਾ ਜਾ ਰਿਹਾ ਹੈ, ਜੋ ਲੋਕਤੰਤਰ ਦੇ ਖਾਤਮੇ, ਡਿਕਟੇਟਰਸ਼ਿਪ ਅਤੇ ਇੱਕੋ ਇੱਕ ਸ਼ਖ਼ਸ ਦੇ ਉਭਾਰ ਵੱਲ ਵਡੇਰਾ ਅਤੇ ਨਿੰਦਣ ਯੋਗ ਕਦਮ ਹੈ।

ਇਤਿਹਾਸ ਵਿਚ ਦਰਜ ਮਨੁੱਖੀ ਅਧਿਕਾਰਾਂ ਦਾ ਸਭ ਤੋਂ ਗੰਭੀਰ ਅਤੇ ਪ੍ਰਸਿੱਧ ਉਲੰਘਣ ਯਹੂਦੀਆਂ, ਸਮਲਿੰਗਕਾਂ, ਕਮਿਊਨਿਸਟਾਂ ਅਤੇ ਹੋਰ ਸਮੂਹਾਂ ਨੂੰ ਹਿਟਲਰ ਦਾ "ਦੁਨੀਆਂ ਨੂੰ ਸਾਫ਼ ਕਰਨ" ਦਾ ਏਜੰਡਾ ਸੀ। ਕੀ ਭਾਰਤ ਦੇ ਹਾਕਮ ਇਨ੍ਹਾਂ ਦਿਨਾਂ ਵੱਲ ਅੱਗੇ ਤਾਂ ਨਹੀਂ ਵਧ ਰਹੇ?

ਅੱਜ ਦੇਸ਼ ਮਨੁੱਖੀ ਅਧਿਕਾਰਾਂ ਦੇ ਮਾਮਲੇ 'ਚ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਦੇਸ਼ 'ਚ ਅੱਜ ਵੀ ਲੋਕ ਹੱਥਾਂ 'ਚ ਮੈਲਾ ਢੋਂਦੇ ਹਨ। ਔਰਤਾਂ ਨਾਲ ਅੱਜ ਵੀ ਧੱਕਾ ਹੋ ਰਿਹਾ ਹੈ। ਸ਼ਾਸਨ ਵਿਚ ਭ੍ਰਿਸ਼ਟਾਚਾਰ ਜ਼ੋਰਾਂ 'ਤੇ ਹੈ। ਦੇਸ਼ 'ਚ ਵੋਟਰਾਂ ਨੂੰ ਖਰੀਦਣ ਦੀ ਪ੍ਰਵਿਰਤੀ ਵੱਧ ਰਹੀ ਹੈ। ਘੱਟ ਗਿਣਤੀ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸਿਆਸੀ ਵਿਰੋਧੀਆਂ ਵਿਰੁੱਧ ਉਨ੍ਹਾਂ ਨੂੰ ਬਦਨਾਮ ਕਰਨ ਦਾ ਹਰ ਹਥਿਆਰ ਵਰਤਿਆ ਜਾ ਰਿਹਾ ਹੈ। ਇਸ ਵਰਤਾਰੇ ਨੂੰ ਰੋਕਣ ਲਈ ਚੇਤੰਨ ਲੋਕਾਂ ਨੂੰ ਅੱਗੇ ਆਉਣਾ ਪਵੇਗਾ।

ਸਮਾਜਿਕ ਬੇਇਨਸਾਫ਼ੀ ਦੇ ਦੌਰ ਵਿਚ ਮਨੁੱਖੀ ਅਧਿਕਾਰਾਂ ਦੀ ਜੋ ਗਾਰੰਟੀ ਘੱਟਦੀ ਜਾ ਰਹੀ ਹੈ, ਉਸ ਨੂੰ ਰੋਕਣਾ ਸਮੇਂ ਦੀ ਲੋੜ ਬਣਦੀ ਜਾ ਰਹੀ ਹੈ। ਮਨੁੱਖੀ ਅਧਿਕਾਰ ਕਿਸੇ ਵੀ ਵਿਅਕਤੀ ਨੂੰ ਦੁਰਵਿਵਹਾਰ ਜਾਂ ਭੇਦਭਾਵ ਤੋਂ ਬਚਾਉਂਦਾ ਹੈ, ਕਿਉਂਕਿ ਉਸ ਨੂੰ ਸਭ ਨੂੰ ਸਰੀਰਕ ਅਤੇ ਬੌਧਿਕ ਰੂਪ 'ਚ ਵਿਕਸਿਤ ਹੋਣ ਦਾ ਬਰਾਬਰ ਅਧਿਕਾਰ ਹੈ।


ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

Dr. Bindra Clinic

Dental Care & Hair Transplant
COSMETIC - IMPLANT - RESTORATIVE

ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in

Dr. Simranpal Singh Bindra
M.D.S, Endodontist

Dr. Samarpan Kaur
B.D.S, M.H.M



Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com




Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.


ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਨਿਹਾਲ ਸਿੰਘ ਮਾਨ ਦੀ 'ਗੁਰਬਾਣੀ ਲਿਪੀ ਗੁੱਝੇ ਭੇਦ' ਖੋਜੀ ਪੁਸਤਕ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA






ਗੁਰਬਾਣੀ ਲਿਪੀ ਗੁੱਝੇ ਭੇਦ ਨਿਹਾਲ ਸਿੰਘ ਮਾਨ ਦੀ ਪਲੇਠੀ ਪੁਸਤਕ ਹੈ। ਮੈਨੂੰ ਇਸ ਗੱਲ ਦੀ ਹੈਰਾਨੀ ਅਤੇ ਅਤਿਅੰਤ ਖ਼ੁਸ਼ੀ ਮਹਿਸੂਸ ਹੋ ਰਹੀ ਹੈ ਕਿ ਨਿਹਾਲ ਸਿੰਘ ਮਾਨ ਨੇ ਮਹਿਜ਼ ਤਿੰਨ ਸਾਲ ਦੇ ਸਮੇਂ ਵਿਚ ਗੁਰਬਾਣੀ ਦੇ ਲਿਪੀ ਵਿਧਾਨ ਬਾਰੇ ਖੋਜੀ ਪੁਸਤਕ ਲਿਖਕੇ ਪੰਜਾਬੀ ਮਾਂ ਬੋਲੀ ਦੀ ਝੋਲੀ ਵਿਚ ਵਡਮੁੱਲੀ ਪੁਸਤਕ ਪਾਈ ਹੈ। ਸਾਰੀ ਉਮਰ ਉਹ ਆਪਣੀ ਸਰਕਾਰੀ ਨੌਕਰੀ ਦਿਆਨਤਦਾਰੀ ਨਾਲ ਕਰਦਾ ਰਿਹਾ। ਨੌਕਰੀ ਤੋਂ ਸੇਵਾਮੁਕਤੀ ਤੋਂ ਬਾਅਦ 2019 ਵਿਚ ਗੁਰੂ ਦੇ ਲੜ ਲੱਗਕੇ ਅੰਮ੍ਰਿਤ ਪਾਨ ਕੀਤਾ। ਉਸ ਤੋਂ ਬਾਅਦ ਗੁਰਬਾਣੀ ਦੀ ਸਿੱਖਿਆ ਪ੍ਰਾਪਤ ਕੀਤੀ। ਬਹੁਤ ਸਾਰੇ ਵਿਦਵਾਨਾਂ ਦੀਆਂ ਪੁਸਤਕਾਂ ਪੜ੍ਹੀਆਂ। ਉਸ ਤੋਂ ਬਾਅਦ ਇੱਕ ਔਖੇ ਤੇ ਗੁੰਝਲਦਾਰ ਵਿਸ਼ੇ ਲਿਪੀ ਅਤੇ ਵਿਆਕਰਨ ਦੇ ਵਿਧਾਨ ਦੀ ਗੁਰਬਾਣੀ ਵਿਚ ਕੀਤੀ ਗਈ ਵਰਤੋਂ ਨੂੰ ਸਮਝਿਆ ਅਤੇ ਫਿਰ ਉਸ ਦਾ ਤੱਤ ਕੱਢਕੇ ਪੁਸਤਕ ਦਾ ਰੂਪ ਦਿੱਤਾ। ਅਜਿਹੇ ਵਿਸ਼ੇ 'ਤੇ ਪੁਸਤਕ ਲਿਖਣਾ ਆਮ ਬੁੱਧੀਜੀਵੀ ਦੇ ਵਸ ਦੀ ਗੱਲ ਵੀ ਨਹੀਂ ਹੁੰਦੀ ਪ੍ਰੰਤੂ ਨਿਹਾਲ ਸਿੰਘ ਮਾਨ ਨੇ ਅਜਿਹਾ ਕਾਰਜ ਕਰਕੇ ਇੱਕ ਗੁਰਮੁੱਖ ਹੋਣ ਦਾ ਸਬੂਤ ਦੇ ਦਿੱਤਾ ਹੈ। ਵੈਸੇ ਅਜਿਹੀਆਂ ਪੁਸਤਕਾਂ ਭਾਸ਼ਾ ਵਿਗਿਆਨੀ ਲਿਖਦੇ ਹੁੰਦੇ ਹਨ ਪ੍ਰੰਤੂ ਨਿਹਾਲ ਸਿੰਘ ਮਾਨ ਨੇ ਇਹ ਪੁਸਤਕ ਲਿਖਕੇ ਇਹ ਸਾਬਤ ਕਰ ਦਿੱਤਾ ਹੈ ਕਿ ਇੱਕ ਆਮ ਵਿਅਕਤੀ ਵੀ ਅਜਿਹੇ ਖੇਤਰ ਵਿਚ ਆਪਣਾ ਯੋਗਦਾਨ ਪਾ ਸਕਦਾ ਹੈ। ਮੇਰੇ ਵਰਗੇ ਬਹੁਤ ਸਾਰੇ ਵਿਅਕਤੀ ਸਾਹਿਤ ਦੇ ਵੱਖ-ਵੱਖ ਰੂਪਾਂ ਵਿਚ ਪੁਸਤਕਾਂ ਲਿਖਕੇ ਫੂਲੇ ਨਹੀਂ ਸਮਾਉਂਦੇ ਪ੍ਰੰਤੂ ਨਿਹਾਲ ਸਿੰਘ ਮਾਨ ਨੇ ਇਹ ਪੁਸਤਕ ਲਿਖਕੇ ਆਪਣੀ ਅਕੀਦਤ ਦੇ ਫੁੱਲ ਭੇਂਟ ਕੀਤੇ ਹਨ। ਇੱਕ ਵਿਲੱਖਣ ਕਾਰਜ ਹੀ ਨਹੀਂ ਕੀਤਾ, ਸਗੋਂ ਇੱਕ ਮੀਲ ਪੱਥਰ ਸਥਾਪਤ ਕਰ ਦਿੱਤਾ ਹੈ। ਉਨ੍ਹਾਂ ਇਹ ਵੀ ਸਾਬਤ ਕਰ ਦਿੱਤਾ ਕਿ ਜੇਕਰ ਇਨਸਾਨ ਵਿਚ ਗੁਰਬਾਣੀ ਦੀ ਓਟ ਲੈ ਕੇ ਔਖੇ ਤੋਂ ਔਖਾ ਕਾਰਜ ਕਰਨ ਦੀ ਇੱਛਾ ਸ਼ਕਤੀ ਹੋਵੇ ਤਾਂ ਕੋਈ ਵੀ ਕੰਮ ਅਸੰਭਵ ਨਹੀਂ ਹੋ ਸਕਦਾ, ਬਸ਼ਰਤੇ ਕਿ ਉਹ ਵਿਅਕਤੀ ਗੁਰੂ ਦੇ ਲੜ ਲੱਗਕੇ ਸਹਿਜਤਾ, ਨਿਮਰਤਾ, ਆਪਾ ਵਾਰੂ ਪ੍ਰਵਿਰਤੀ ਤੇ ਲਗਨ ਨਾਲ ਜੁਟਿਆ ਰਹੇ। ਗੁਰਬਾਣੀ ਨੂੰ ਸਮਝਣ ਲਈ ਮਾਨਸਿਕ ਤੌਰ 'ਤੇ ਇਨਸਾਨ ਨੂੰ ਗੁਰਬਾਣੀ ਲਿਖਣ ਵਾਲੇ ਦੇ ਸਮੇਂ ਅਤੇ ਸਥਿਤੀ ਵਿਚ ਪਹੁੰਚਣਾ ਪੈਂਦਾ ਹੈ।

ਨਿਹਾਲ ਸਿੰਘ ਮਾਨ ਦੀ ਇਹ ਪੁਸਤਕ ਗੁਰਬਾਣੀ ਦੇ ਸ਼ੁੱਧ ਪਾਠ ਕਰਨ ਵਿਚ ਸਹਾਈ ਹੋਵੇਗੀ ਕਿਉਂਕਿ ਲੇਖਕ ਨੇ ਵਿਆਕਰਣ ਨੂੰ ਸਮਝਕੇ ਇਸ ਦੇ ਪਾਠ ਨੂੰ ਸਰਲ ਬਣਾਉਣ ਦਾ ਉਪਰਾਲਾ ਕੀਤਾ ਹੈ। ਲਿਪੀ ਕਿਸੇ ਬੋਲੀ ਨੂੰ ਲਿਖਣ ਲਈ ਵਰਤੀ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 6 ਗੁਰੂ ਸਾਹਿਬ, 15 ਭਗਤਾਂ, 11 ਭੱਟਾਂ ਅਤੇ ਤਿੰਨ ਹੋਰ ਮਹਾਂਪੁਰਸ਼ਾਂ ਦੀ ਬਾਣੀ ਦਰਜ ਹੈ। ਗੁਰਬਾਣੀ ਲਿਖਣ ਵਾਲੇ ਸਾਰੇ ਵੱਖ-ਵੱਖ ਸਥਾਨਾਂ ਦੇ ਰਹਿਣ ਵਾਲੇ ਸਨ ਤੇ ਉਨ੍ਹਾਂ ਦੀ ਬੋਲੀ ਵੀ ਵੱਖ-ਵੱਖ ਸੀ, ਇਸ ਕਰਕੇ ਇਸ ਵਿਚ 13 ਭਾਸ਼ਾਵਾਂ ਮੁੱਖ ਤੌਰ 'ਤੇ ਪੰਜਾਬੀ, ਹਿੰਦੀ, ਮਰਾਠੀ, ਅਰਬੀ, ਫ਼ਾਰਸੀ, ਬੰਗਾਲੀ ਅਤੇ ਬ੍ਰਿਜ਼ ਭਾਸ਼ਾ ਵਿਚ ਇਹ ਬਾਣੀ ਲਿਖੀ ਗਈ ਹੈ। ਪੰਜਾਬੀ ਦੀਆਂ ਉਪ ਬੋਲੀਆਂ, ਲਹਿੰਦੀ, ਸਿੰਧੀ, ਦੱਖਣੀ, ਪੋਠੋਹਾਰੀ, ਮਲਵਈ ਅਤੇ ਪੁਆਧੀ ਅਤੇ ਸੰਸਕ੍ਰਿਤ ਦੇ ਸ਼ਬਦਾਂ ਦਾ ਵੀ ਪ੍ਰਯੋਗ ਕੀਤਾ ਗਿਆ ਹੈ। ਵਿਆਕਰਣ ਦੇ ਸਾਰੇ ਨਿਯਮਾਂ ਦੀ ਇਹ ਪੁਸਤਕ ਵੱਖ-ਵੱਖ ਵਿਦਵਾਨਾਂ ਨਾਲ ਵਿਚਾਰ-ਵਟਾਂਦਰਾਂ ਕਰਕੇ ਅਤੇ ਅਨੇਕਾਂ ਪੁਸਤਕਾਂ ਦਾ ਅਧਿਐਨ ਕਰਕੇ ਲਿਖੀ ਗਈ ਹੈ। ਲੇਖਕ ਨੂੰ ਗੁਰਬਾਣੀ ਦੀਆਂ ਭਾਸ਼ਾਈ ਜੁਗਤਾਂ ਬਾਰੇ ਜਾਣਕਾਰੀ ਹੈ। ਇਸ ਤੋਂ ਇਲਾਵਾ ਗੁਰਬਾਣੀ ਵਿਆਕਰਣ ਦੇ ਨੇਮਾਂ ਦਾ ਸੰਪੂਰਨ ਨਿਰੀਖਣ ਕੀਤਾ ਹੈ। ਗੁਰਬਾਣੀ ਦੇ ਜਗਿਆਸੂਆਂ ਅਤੇ ਖੋਜੀ ਵਿਦਿਆਰਥੀਆਂ ਲਈ ਇਹ ਪੁਸਤਕ ਸੁੰਡ ਦੀ ਗੱਠੀ ਸਾਬਤ ਹੋਵੇਗੀ। ਹਰ ਭਾਸ਼ਾ ਵਿਆਕਰਣ ਦੇ ਨਿਯਮਾਂ ਅਨੁਸਾਰ ਲਿਖੀ ਜਾਂਦੀ ਹੈ। ਇਸ ਪੁਸਤਕ ਵਿਚ ਗੁਰਬਾਣੀ ਨੂੰ ਸਮਝਣ ਲਈ ਫਾਰਮੂਲੇ ਸਮਝਾਏ ਗਏ ਹਨ। ਸਮੇਂ ਤੇ ਸਥਾਨ ਅਨੁਸਾਰ ਬੋਲੀ ਰੂਪ ਬਦਲਦੀ ਰਹਿੰਦੀ ਹੈ। ਗੁਰਮਤਿ ਸਾਹਿਤ ਬਾਰੇ ਵੀ ਖੋਜ ਵਿਦਵਾਨਾਂ ਨੇ ਸ਼ੋਧ ਤੇ ਖੋਜ ਪੱਤਰ ਲਿਖੇ ਹਨ। ਇਹ ਪੁਸਤਕ ਵੀ ਉਸੇ ਤਰ੍ਹਾਂ ਦੀ ਹੈ। ਗੁਰਬਾਣੀ ਦੀ ਸ਼ਬਦਾਵਲੀ ਰਸਦਾਇਕ ਹੈ, ਸ਼ਬਦਾਂ ਨਾਲ ਲੱਗੀਆਂ ਲਗਾਂ-ਮਾਤਰਾਂ ਵੀ ਰਸਦਾਇਕ ਬਣਾਉਂਦੀਆਂ ਹਨ। ਵੈਸੇ ਗੁਰਬਾਣੀ ਦੇ ਵਿਧੀ ਵਿਧਾਨ ਨੂੰ ਸਮਝਣ ਲਈ ਇਸ ਪੁਸਤਕ ਨੂੰ ਪੜ੍ਹਕੇ ਹੀ ਪਤਾ ਲੱਗ ਸਕਦਾ ਹੈ। ਮੈਂ ਨਿਹਾਲ ਸਿੰਘ ਮਾਨ ਦੀ ਇਸ ਪੁਸਤਕ ਬਾਰੇ ਲਿਖੇ ਕੁਝ ਚੈਪਟਰਾਂ ਬਾਰੇ ਲਿਖਕੇ ਸਮਝਾਉਣ ਦੀ ਕੋਸ਼ਿਸ਼ ਕਰਾਂਗਾ। ਵਿਆਕਰਣ ਦੇ ਨੇਮਾਂ ਅਨੁਸਾਰ ਸ਼ਬਦਾਂ ਦੀ ਵੰਡ 8 ਰੂਪਾਂ ਨਾਂਵ, ਪੜਨਾਂਵ, ਕ੍ਰਿਆ, ਵਿਸ਼ੇਸ਼ਣ, ਕ੍ਰਿਆ ਵਿਸ਼ੇਸ਼ਣ, ਸੰਬੰਧਕ, ਯੋਜਕ ਅਤੇ ਵਿਸਮਿਕ ਵਿਚ ਕੀਤੀ ਗਈ ਹੈ। ਲਗਾਂ-ਮਾਤਰਾਂ ਮੋਟੇ ਤੌਰ 'ਤੇ 10 ਔਂਕੜ, ਦੁਲੈਂਕੜ, ਹੋੜਾ, ਕਨੌੜਾ, ਸਿਹਾਰੀ, ਬਿਹਾਰੀ, ਲਾਂ, ਦੁਲਾਈਆਂ, ਕੰਨਾ ਅਤੇ ਮੁਕਤਾ ਅੱਖਰ ਹੁੰਦੀਆਂ ਹਨ। ਗੁਰਬਾਣੀ ਨੂੰ ਸਾਹਿਤ ਦੇ ਬਾਕੀ ਰੂਪਾਂ ਦੀ ਤਰ੍ਹਾਂ ਪੜ੍ਹ ਨਹੀਂ ਸਕਦੇ। ਇਸ ਵਿਚ ਬਿਸ਼ਰਾਮ ਦਾ ਸਹੀ ਥਾਂ ਲਗਾਉਣਾ ਜ਼ਰੂਰੀ ਹੈ, ਨਹੀਂ ਤਾਂ ਅਰਥਾਂ ਦਾ ਅਨਰਥ ਹੋ ਜਾਵੇਗਾ। ਇਸ ਲਈ ਇਸ ਪੁਸਤਕ ਵਿਚ ਵਿਆਕਰਣ ਦੇ ਨੇਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਹੈ। ਇਨ੍ਹਾਂ ਨਿਯਮਾਂ ਲਈ ਵਰਤੇ ਜਾਂਦੇ ਇਕੱਲੇ-ਇਕੱਲੇ ਨਿਯਮ ਬਾਰੇ ਜਾਣਕਾਰੀ ਦਿੱਤੀ ਗਈ ਹੈ ਕਿ ਕਿਹੜੀ ਚੀਜ਼ ਕਿਥੇ ਕਿਸ ਤਰ੍ਹਾਂ ਵਰਤੀ ਗਈ ਹੈ। ਉਦਾਹਰਣ ਲਈ ਜਿਹੜੇ ਸ਼ਬਦ ਦੇ ਪਿਛਲੇ ਅੱਖ਼ਰ ਨੂੰ ਔਂਕੜ ਲੱਗਿਆ ਹੋਵੇ, ਤਾਂ ਉਹ ਇੱਕ ਵਚਨ ਹੋਵੇਗਾ ਪ੍ਰੰਤੂ ਜਿਨ੍ਹਾਂ ਨਾਵਾਂ ਦੇ ਅੰਤ ਵਿਚ ਔਂਕੜ ਹੋਵੇ, ਉਹ ਆਮ ਤੌਰ 'ਤੇ ਪੁਲਿੰਗ ਅਤੇ ਇੱਕ ਵਚਨ ਹੁੰਦੇ ਹਨ। ਉਨ੍ਹਾਂ ਨੂੰ ਬਹੁ ਵਚਨ ਬਣਾਉਣ ਲਈ ਆਖ਼ਰੀ ਅੱਖ਼ਰ ਨਾਲੋਂ ਔਂਕੜ ਲਾਹ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਹੀ ਪੁਲਿੰਗ ਬਹੁ ਵਚਨ ਮੁਕਤਾ ਹੁੰਦਾ ਹੈ। ਜਦੋਂ ਕਿਸੇ ਸ਼ਬਦ ਨਾਲ ਵਿਸ਼ੇਸ਼ਣ ਹੋਵੇ, ਤਾਂ ਵੀ ਵਿਸ਼ੇਸ਼ਣ ਦੇ ਨਾਲ ਨਾਉਂ ਦੇ ਵਿਸ਼ੇਸ਼ਣ ਕਰਕੇ ਔਂਕੜ ਲੱਥ ਜਾਂਦੀ ਹੈ। ਕਈ ਵਾਰ ਗੁਰਬਾਣੀ ਵਿਚ ਪੁਲਿੰਗ ਨਾਉਂ ਨਾਲ ਪੂਰਾ ਸੰਬੰਧਕ ਲਫ਼ਜ਼ ਨਹੀਂ ਆਉਂਦਾ, ਉਸ ਦੀ ਥਾਂ ਪੁਲਿੰਗ ਨਾਉਂ ਨਾਲ ਸਿਹਾਰੀ ਲੱਗ ਜਾਂਦੀ ਹੈ। ਇੱਕ ਵਚਨ ਪੁਲਿੰਗ ਨਾਉਂ ਅਖ਼ੀਰ ਵਿਚ ਹਾਹੇ ਅੱਖ਼ਰ ਨੂੰ ਸਿਹਾਰੀ ਲੱਗ ਜਾਂਦੀ ਹੈ। ਇਸਤਰੀ ਲਿੰਗ ਨਾਵਾਂ ਦੇ ਅੰਤ ਵਿਚ ਆਮ ਤੌਰ 'ਤੇ ਔਂਕੜ ਨਹੀਂ ਲੱਗਦਾ ਜਿਵੇਂ ਪਿਆਸ, ਭੁੱਖ ਆਦਿ। ਹਰ ਬੋਲੀ ਵਿਚ ਤਿੰਨ (3) ਤਰ੍ਹਾਂ ਦੇ ਸ਼ਬਦ ਹੁੰਦੇ ਹਨ: 1. ਦੇਸੀ: (ਮੌਲਿਕ ਸ਼ਬਦ) ਜਿਹੜੇ ਆਪਣੀ ਹੀ ਬੋਲੀ ਦੇ ਹੁੰਦੇ ਹਨ। 2. ਤਦਭਵ: ਜਿਹੜੇ ਸ਼ਬਦ ਕਿਸੇ ਹੋਰ ਬੋਲੀ ਤੋਂ ਬਦਲਕੇ ਬਣਾਏ ਜਾਂਦੇ ਹਨ। 3. ਤਤਸਮ ਸ਼ਬਦ: ਜਿਹੜੇ ਸ਼ਬਦ ਦੂਜੀ ਭਾਸ਼ਾ ਤੋਂ ਇੰਨ-ਬਿੰਨ ਲਏ ਜਾਂਦੇ ਹਨ। ਗੁਰਬਾਣੀ ਵਿਚ ਅਨੇਕਾਂ ਸ਼ਬਦ ਤਦਭਵ ਤੇ ਤਤਸਮ ਸ਼ਬਦ ਹਨ। ਉਕਾਰਾਂਤ ਸ਼ਬਦ ਜਿਸਦੇ ਪਿੱਛਲੇ ਅੱਖ਼ਰ ਨੂੰ ਔਂਕੜ ਲੱਗੀ ਹੋਵੇ, ਅਕਾਰਾਂਤ ਸ਼ਬਦ ਜਿਸਦਾ ਪਿਛਲਾ ਅੱਖ਼ਰ ਮੁਕਤਾ ਭਾਵ ਬਿਨਾ ਲਗਾਂ ਮਾਤਰਾ ਹੋਵੇ ਅਤੇ ਇਕਾਰਾਂਤ ਸ਼ਬਦ ਜਿਸਦੇ ਪਿਛਲੇ ਅੱਖ਼ਰ ਨੂੰ ਸਿਹਾਰੀ ਲੱਗੀ ਹੋਵੇ। ਜਿਹੜੇ ਸ਼ਬਦ ਨਾਉਂ ਜਾਂ ਪੜਨਾਉਂ ਦਾ ਸੰਬੰਧ ਕਿਰਿਆ ਜਾਂ ਕਿਸੇ ਹੋਰ ਸ਼ਬਦ ਨਾਲ ਪ੍ਰਗਟ ਕਰਨ ਉਨ੍ਹਾਂ ਨੂੰ ਸੰਬੰਧਕ ਆਖਦੇ ਹਨ, ਜਿਵੇਂ ਦਾ, ਦੇ, ਦੀ, ਨੂੰ ਆਦਿ। ਗੁਰਬਾਣੀ ਵਿਚ ਕਈ ਅੱਖ਼ਰਾਂ ਹੇਠ ਕਈ ਚਿੰਨ੍ਹ ਲੱਗੇ ਹੁੰਦੇ ਹਨ, ਜਿਨ੍ਹਾਂ ਦੇ ਲੱਗਣ ਨਾਲ ਸ਼ਬਦ ਦਾ ਉਚਾਰਣ ਬਦਲ ਜਾਂਦਾ ਹੈ, ਇਸ ਲਈ ਇਹ ਉਦਾਤ, ਹਲੰਤ ਅਤੇ ਯਕਸ਼ ਚਿੰਨ੍ਹ ਲਗਾਉਣੇ ਜ਼ਰੂਰੀ ਬਣ ਜਾਂਦੇ ਹਨ। ਪੈਰ ਵਿਚ ( ੍ਰ ) ਰਾਰੇ ਦਾ ਉਚਾਰਨ ਅੱਧਾ ਰਾਰਾ ਬੋਲਣੀ ਹੈ, ਜਿਵੇਂ ਗੁਰਬਾਣੀ ਵਿਚ ਬਸਤ੍ਰ ਤੇ ਵੈਸੇ ਉਚਾਰਨ ਵਿਚ ਬਸਤਰ ਲਿਖਿਆ ਜਾਂਦਾ ਹੈ। ਗੁਰਬਾਣੀ ਵਿਚ ਪ੍ਰਸਾਦਿ ਪ੍ਰੰਤੂ ਆਮ ਉਚਾਰਨ ਵਿਚ ਪਰਸਾਦਿ ਲਿਖਿਆ ਜਾਂਦਾ ਹੈ। ਗੁਰਬਾਣੀ ਵਿਚ ਯ ਅੱਖ਼ਰ ਬਹੁਤ ਵਾਰ ਵਰਤਿਆ ਗਿਆ ਹੈ। ਲੇਖਕ ਨੇ ਇਸਦੇ ਸ਼ੁਰੂ, ਵਿਚਕਾਰ ਅਤੇ ਅਖ਼ੀਰ ਵਿਚ ਵਰਤਣ ਦੇ ਕਾਰਨ ਦੱਸੇ ਹਨ। ਇਹ ਤਾਂ ਥੋੜ੍ਹੀਆਂ ਉਦਾਰਣਾ ਦੇ ਕੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਗੁਰਬਾਣੀ ਦੇ ਸ਼ੁੱਧ ਪਾਠ, ਉਚਾਰਨ ਅਤੇ ਸਮਝਣ ਲਈ ਇਸ ਪੁਸਤਕ ਨੂੰ ਪੜ੍ਹਨਾ ਅਤਿਅੰਤ ਜ਼ਰੂਰੀ ਹੈ। ਇਹ ਸੰਖੇਪ ਵਿਚ ਜਾਣਕਾਰੀ ਦਿੱਤੀ ਗਈ ਹੈ। ਜੇਕਰ ਸਾਰੀ ਪੁਸਤਕ ਬਾਰੇ ਲਿਖਿਆ ਜਾਵੇ, ਤਾਂ ਇੱਕ ਵੱਖਰੀ ਪੁਸਤਕ ਬਣ ਜਾਵੇਗੀ। ਗੁਰਬਾਣੀ ਦੇ ਪ੍ਰੇਮੀਆਂ ਨੂੰ ਇਸ ਪੁਸਤਕ ਨੂੰ ਪੜ੍ਹਨ ਦੀ ਖੇਚਲ ਕਰਨੀ ਪਵੇਗੀ। ਅਖ਼ੀਰ ਵਿਚ ਨਿਹਾਲ ਸਿੰਘ ਮਾਨ ਦਾ ਧੰਨਵਾਦ ਕਰਦਾ ਹਾਂ ਤੇ ਸ਼ੁੱਭ ਕਾਮਨਾਵਾਂ ਦਿੰਦਾ ਹਾਂ ਕਿ ਭਵਿੱਖ ਵਿਚ ਹੋਰ ਖੋਜੀ ਪੁਸਤਕਾਂ ਲਿਖਕੇ ਪੰਜਾਬੀ ਮਾਂ ਬੋਲੀ ਦੀ ਝੋਲੀ ਭਰਨ ਦੀ ਕੋਸ਼ਿਸ਼ ਕਰਨਗੇ।

**ਨਿਹਾਲ ਸਿੰਘ ਮਾਨ ਦੀ ਇਹ ਪੁਸਤਕ ਗੁਰਬਾਣੀ ਦੇ ਸ਼ੁੱਧ ਪਾਠ ਕਰਨ ਵਿਚ ਸਹਾਈ ਹੋਵੇਗੀ ਕਿਉਂਕਿ ਲੇਖਕ ਨੇ ਵਿਆਕਰਣ ਨੂੰ ਸਮਝਕੇ ਇਸ ਦੇ ਪਾਠ ਨੂੰ ਸਰਲ ਬਣਾਉਣ ਦਾ ਉਪਰਾਲਾ ਕੀਤਾ ਹੈ। ਲਿਪੀ ਕਿਸੇ ਬੋਲੀ ਨੂੰ ਲਿਖਣ ਲਈ ਵਰਤੀ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 6 ਗੁਰੂ ਸਾਹਿਬ, 15 ਭਗਤਾਂ, 11 ਭੱਟਾਂ ਅਤੇ ਤਿੰਨ ਹੋਰ ਮਹਾਂਪੁਰਸ਼ਾਂ ਦੀ ਬਾਣੀ ਦਰਜ ਹੈ। ਗੁਰਬਾਣੀ ਲਿਖਣ ਵਾਲੇ ਸਾਰੇ ਵੱਖ-ਵੱਖ ਸਥਾਨਾਂ ਦੇ ਰਹਿਣ ਵਾਲੇ ਸਨ ਤੇ ਉਨ੍ਹਾਂ ਦੀ ਬੋਲੀ ਵੀ ਵੱਖ-ਵੱਖ ਸੀ, ਇਸ ਕਰਕੇ ਇਸ ਵਿਚ 13 ਭਾਸ਼ਾਵਾਂ ਮੁੱਖ ਤੌਰ 'ਤੇ ਪੰਜਾਬੀ, ਹਿੰਦੀ, ਮਰਾਠੀ, ਅਰਬੀ, ਫ਼ਾਰਸੀ, ਬੰਗਾਲੀ ਅਤੇ ਬ੍ਰਿਜ਼ ਭਾਸ਼ਾ ਵਿਚ ਇਹ ਬਾਣੀ ਲਿਖੀ ਗਈ ਹੈ। ਪੰਜਾਬੀ ਦੀਆਂ ਉਪ ਬੋਲੀਆਂ, ਲਹਿੰਦੀ, ਸਿੰਧੀ, ਦੱਖਣੀ, ਪੋਠੋਹਾਰੀ, ਮਲਵਈ ਅਤੇ ਪੁਆਧੀ ਅਤੇ ਸੰਸਕ੍ਰਿਤ ਦੇ ਸ਼ਬਦਾਂ ਦਾ ਵੀ ਪ੍ਰਯੋਗ ਕੀਤਾ ਗਿਆ ਹੈ।**

# ਕੀ ਇਵੇਂ ਚੱਲ ਰਹੇ ਭਾਰਤੀ 'ਲੋਕਤੰਤਰ' ਨੂੰ ਮੋੜਾ ਪੈ ਸਕਦਾ ?

**ਡਾ. ਸੁਰਿੰਦਰ ਮੰਡ**
ਸੁੰਦਰ ਵਿਹਾਰ, ਤਲਵਾੜਾ
(ਜ਼ਿਲ੍ਹਾ ਹੁਸ਼ਿਆਰਪੁਰ)
94173-24543
ਪੰਜਾਬ ਮੇਲ USA





ਲੋਕਾਂ ਦੇ ਮਨ ਵਿਚ ਸਵਾਲ ਹੈ ਕਿ ਵੋਟਰਾਂ ਨੂੰ ਲਾਲਚ ਦੇਣ ਭੜਕਾਉਣ ਦੀ ਖੁੱਲ੍ਹ, ਨਸ਼ੇ ਪੈਸੇ ਚੀਜ਼ਾਂ ਵੰਡਣੀਆਂ, ਧਰਮ ਅੰਧਵਿਸ਼ਵਾਸ ਜਾਤ ਦੇ ਨਾਮ ਉੱਤੇ ਚਲਦਾ ਭੜਕਾਊ ਵੋਟਤੰਤਰ, ਕਰੋੜਾਂ ਵਿਚ ਚੋਣ ਖਰਚਾ, ਰਾਜ ਮਸ਼ੀਨਰੀ ਦੀ ਬੇਸ਼ਰਮ ਵਰਤੋਂ, ਡਰਾਉਣੀਆਂ ਸਰਕਾਰੀ ਜਾਂਚ ਏਜੰਸੀਆਂ ਦਾ ਪੱਖਪਾਤ, ਦੂਜੀਆਂ ਪਾਰਟੀਆਂ ਤੋੜਨੀਆਂ ਲੀਡਰ ਡਰਾਉਣੇ, ਅਦਾਲਤਾਂ ਚੋਣ ਕਮਿਸ਼ਨ ਵੀ ਸਵਾਲਾਂ ਦੇ ਘੇਰੇ ਵਿਚ, ਡਰੇ ਵਿਕੇ ਕਈ ਮੀਡੀਆ ਅਦਾਰੇ, ਕਈ ਇਕ ਸਾਜ਼ਿਸ਼ੀ ਅਫਸਰਾਂ ਦੇ ਹੁੰਦਿਆਂ ਇਹ ਜੋ ਸਾਡਾ ਭਾਰਤੀ 'ਲੋਕਤੰਤਰ' ਦਿੱਸ ਰਿਹਾ, ਇਸਨੂੰ ਸਹੀ ਮੋੜਾ ਕਿਵੇਂ ਪਵੇ ? ਅੱਗੇ ਚੱਲ ਕੇ ਕਰਦੇ ਆਂ ਵਿਚਾਰ।

ਹਨੇਰ ਸਾਈਂ ਦਾ ਕਿ ਤਾਜ਼ੀ ਮਹਾਂਰਾਸ਼ਟਰ ਅਸੈਂਬਲੀ ਚੋਣ ਵਿਚ ਰਾਜ ਠਾਕਰੇ ਦੀ ਪਾਰਟੀ ਦਾ ਉਮੀਦਵਾਰ ਵੀ ਚੀਕ ਰਿਹਾ ਕਿ ਮੇਰੇ ਘਰ ਦੇ ਪੋਲਿੰਗ ਬੂਥ ਦੀਆਂ ਮੇਰੀਆਂ ਸਾਰੀਆਂ ਵੋਟਾਂ ਪਤਾ ਨੀ ਕਿਧਰ ਉੱਡ ਗਈਆਂ। ਘਰ ਦੀਆਂ ਚਾਰ ਵੋਟਾਂ ਵੀ ਨਹੀਂ ਨਿਕਲੀਆਂ ਵਿਚੋਂ। ਦੋ ਵਾਰ ਦੇ ਕਾਂਗਰਸੀ ਵਿਧਾਇਕ ਦੇ ਪਿੰਡ ਸੌ ਫੀਸਦੀ ਪੋਲਿੰਗ ਹੋਈ, ਜਿਸ ਵਿਚੋਂ ਉਸਨੂੰ ਇਕ ਵੋਟ ਵੀ ਨਹੀਂ ਮਿਲੀ, ਆਪਣੀ ਵੀ ਨਹੀਂ। ਸੂਬੇ ਵਿਚ ਪੰਜ ਵਜੇ ਤੱਕ 58 ਫੀਸਦੀ ਪੋਲਿੰਗ ਅੰਕੜਾ ਜਾਰੀ ਕਰਕੇ ਮਗਰੋਂ ਚੋਣ ਕਮਿਸ਼ਨ ਵੱਲੋਂ ਜਿਵੇਂ 65 ਫੀਸਦੀ ਪੋਲਿੰਗ ਹੋਈ ਐਲਾਨੀ ਗਈ, ਇਸ ਉੱਤੇ ਇਕ ਪਹਿਲਾ ਮੁੱਖ ਚੋਣ ਕਮਿਸ਼ਨਰ ਕੁਰੈਸ਼ੀ ਵੀ ਹੈਰਾਨ ਹੈ। ਨਾਦੇੜ ਦੀ ਲੋਕ ਸਭਾ ਜ਼ਿਮਨੀ ਚੋਣ ਕਾਂਗਰਸ ਜਿੱਤ ਗਈ ਪਰ ਇਕੋ ਵੇਲੇ ਇਸ ਵਿਚ ਪੈਂਦੇ ਸਾਰੇ 6 ਅਸੈਂਬਲੀ ਹਲਕਿਆਂ ਵਿਚੋਂ ਪੌਣੇ ਦੋ ਲੱਖ ਵੋਟਾਂ ਭਾਜਪਾ ਵੱਲ ਨੂੰ ਵੱਧ ਨਿਕਲੀਆਂ। ਕਾਂਗਰਸੀ ਆਗੂ ਖੜਗੇ ਨੇ ਬਿਆਨ ਛੱਡਿਆ ਹੈ ਕਿ ਬੈਲਟ ਪੇਪਰ ਨਾਲ ਚੋਣਾਂ ਕਰਾਉਣ ਲਈ ਸੰਘਰਸ਼ ਵਿੱਢਾਂਗੇ।

ਇਕ ਝੂਠ-ਮੂਠ ਦਾ ਭਰਮ-ਭਾ ਜਿਹਾ, ਸੁਪਨਾ ਜਿਹਾ ਬਣਿਆ ਸੀ ਕਿ ਗਵਰਨਰ, ਸਪੀਕਰ, ਜੱਜ, ਚੋਣ ਕਮਿਸ਼ਨ, ਅਫ਼ਸਰ, ਕਾਰੋਬਾਰੀ ਘੁਟਾਲਿਆਂ ਉੱਤੇ ਨਜ਼ਰ ਰੱਖਣ ਵਾਲੀ 'ਸੇਬੀ', ਸੀ.ਬੀ.ਆਈ., ਇਨਕਮ ਟੈਕਸ ਵਿਭਾਗ ਸਭ ਲਈ ਇਕੋ ਜਿਹਾ ਸਲੂਕ ਕਰਨ ਵਾਲੇ ਸਾਂਝੇ ਹੁੰਦੇ ਹਨ, ਸਿਆਸੀ ਪੱਖਪਾਤ ਨਹੀਂ ਕਰਦੇ ਹੁੰਦੇ। ਪਰ ਮੌਜੂਦਾ ਦੌਰ ਵਿਚ ਇਨ੍ਹਾਂ ਵਿਚੋਂ ਬਹੁਤ ਸਾਰੇ ਆਪਣੇ ਆਕਾਵਾਂ ਦੇ ਪੱਖ ਵਿਚ ਖਲੋਤੇ ਦਿੱਸਦੇ ਹਨ, ਆਪਣੀ ਪ੍ਰਕਿਰਤੀ ਭੁੱਲ ਗਏ ਹਨ। ਸਰਕਾਰੀ ਧਿਰ ਇਨ੍ਹਾਂ ਨੂੰ ਦੁੱਧ ਧੋਤੀ ਦਿੱਸਦੀ ਹੈ ਅਤੇ ਵਿਰੋਧੀ ਧਿਰ ਨੂੰ ਜੇਲ੍ਹੀਂ ਡੱਕਿਆ ਜਾ ਰਿਹਾ। ਇਹ ਲੋਕਤੰਤਰ ਲਈ ਫਿਕਰ ਦੇ ਹਾਲਾਤ ਹਨ।

ਵੋਟਾਂ ਨਾਲ ਚੁਣਿਆਂ ਹਰ ਨਿੱਕਾ ਵੱਡਾ ਨੁਮਾਇੰਦਾ ਸਭ ਲੋਕਾਂ ਦਾ ਸਾਂਝਾ ਹੋ ਜਾਂਦਾ ਹੈ, ਅਹੁਦੇ ਦੀ ਸਹੁੰ ਵੀ ਇਹੀ ਚੁੱਕਦਾ ਹੈ। ਉਹ ਇਕੱਲਾ ਆਪਣੀ ਪਾਰਟੀ ਦਾ ਨੁਮਾਇੰਦਾ ਨਹੀਂ ਰਹਿੰਦਾ। ਇਉਂ ਅਹੁਦੇ ਦੀ ਮਿਆਦ ਤੱਕ ਇਨ੍ਹਾਂ ਉੱਤੇ ਆਪਣੀ ਪਾਰਟੀ ਦਾ ਪ੍ਰਚਾਰ ਕਰਨ ਦੀ ਸਖਤ ਪਾਬੰਦੀ ਹੋਣੀ ਚਾਹੀਦੀ। ਚੌਵੀ ਘੰਟੇ ਦੂਜੀਆਂ ਪਾਰਟੀਆਂ ਵਿਰੁੱਧ ਜ਼ਹਿਰ ਉਗਲਣ ਵਾਲਾ ਸਭ ਲੋਕਾਂ ਦਾ ਨੁਮਾਇੰਦਾ ਕਿਵੇਂ ਹੋਇਆ ?

ਕਿਸੇ ਪਾਰਟੀ ਵੱਲੋਂ ਜਿੱਤੇ ਉਮੀਦਵਾਰ ਪਾਰਟੀ ਬਦਲਣ ਤਾਂ ਉਨ੍ਹਾਂ ਦੀ ਚੋਣ ਫੌਰੀ ਰੱਦ ਹੋਵੇ। ਚਾਹੁਣ ਤਾਂ ਨਵੇਂ ਸਿਰਿਉਂ ਚੋਣ ਲੜਨ। ਕਿਸੇ ਨੂੰ ਵੀ ਲੱਖਾਂ ਲੋਕਾਂ ਦੇ ਫਤਵੇ ਨੂੰ ਉਲਟਾਉਣ ਦਾ ਹੱਕ ਨਹੀਂ ?

ਸਾਡਾ 140 ਕਰੋੜ ਲੋਕਾਂ ਦਾ ਮੁਲਕ ਹੈ। ਬਹੁਤੀ ਆਬਾਦੀ ਏਨੀਆਂ ਅਲੱਗ ਭਾਸ਼ਾਵਾਂ/ਜ਼ੁਬਾਨਾਂ ਬੋਲਦੀ। ਸਭ ਧਰਮਾਂ, ਜਾਤਾਂ, ਬੋਲੀਆਂ, ਸੱਭਿਆਚਾਰਾਂ, ਰੰਗਾਂ, ਨਸਲਾਂ ਦੇ ਲੋਕ ਸਦੀਆਂ ਤੋਂ ਰਹਿ ਰਹੇ ਹਨ। ਇਹ ਸੰਸਾਰ ਵਿਚ ਇਕ ਨਿਵੇਕਲਾ ਗੁਲਦਸਤਾ ਹੈ। ਕਾਸ਼ ਸਲਾਮਤ ਰਹੇ।

ਸਾਨੂੰ ਆਜ਼ਾਦੀ ਵੱਡੀਆਂ ਕੁਰਬਾਨੀਆਂ ਦੇ ਕੇ ਮਿਲੀ ਸੀ। ਜਦ ਸੰਘਰਸ਼ ਚੱਲ ਰਿਹਾ ਸੀ, ਓਦੋਂ ਜਿਹੜੇ ਲੋਕ ਬਰਤਾਨਵੀ ਸਰਕਾਰ ਨਾਲ ਮਿਲ ਕੇ ਮੌਜਾਂ ਕਰ ਰਹੇ ਸਨ, ਅੱਜ ਜਦ ਸਿਆਸਤ ਹੀ ਵਪਾਰ ਬਣ ਗਈ, ਤਾਂ ਉਹ ਰਾਜਨੀਤੀ 'ਚ ਕੁੱਦ ਪਏ ਹਨ। ਕਾਬਜ਼ ਹੋ ਗਏ ਹਨ। ਜਮਾਤੀ ਖਾਸਾ ਨਿਰੋਲ ਮੁਨਾਫਾਖੋਰ ਅਤੇ ਨਿੱਜ ਸਵਾਰਥੀ ਹੈ। ਸਿਆਸੀ ਨੈਤਿਕਤਾ ਅਲੋਪ ਹੋ ਰਹੀ। ਸੁਤੰਤਰਤਾ ਸੈਨਾਨੀ ਵਿਰਾਸਤ ਦਾ ਇਨ੍ਹਾਂ ਲਈ ਕੋਈ ਮਤਲਬ ਨਹੀਂ।

ਹੁਣ ਰਾਜਸੀ ਪਾਰਟੀਆਂ ਦੇਸ਼ ਦੀ ਤਰੱਕੀ ਲਈ ਵੱਖ-ਵੱਖ ਵਿਚਾਰਧਾਰਾ ਕਰਕੇ ਵੱਖਰੀਆਂ ਨਹੀਂ ਜਾਪਦੀਆਂ, ਸਗੋਂ ਸਿਰਫ ਧੜੇ ਜਾਪਦੀਆਂ, ਜਿਨ੍ਹਾਂ ਵਿਚ ਸਰਗਰਮ ਸਵਾਰਥੀ ਕਾਰੋਬਾਰੀ ਅਨਸਰ ਕਿਸੇ ਵੀ ਪਾਰਟੀ ਵਿਚ ਬਿਨਾਂ ਝਿਜਕ ਆ ਜਾ ਸਕਦੇ, ਸ਼ਰਮਿੰਦੇ ਨਹੀਂ ਹੁੰਦੇ। ਚੋਣ ਜਿੱਤਣ ਸਰਕਾਰ ਬਣਾਉਣ ਲਈ ਸਭ ਕੁੱਛ ਜਾਇਜ਼ ਹੈ।

ਪਿਛਲੇ ਗਿਆਰਾਂ ਸਾਲਾਂ ਤੋਂ ਮੋਦੀ ਸਰਕਾਰ ਹੈ। ਇਸ ਵੇਲੇ 85 ਕਰੋੜ ਭਾਰਤੀ 5 ਕਿਲੋ ਸਰਕਾਰੀ ਆਟੇ ਦੇ ਮੁਥਾਜ ਹਨ, ਚੁੱਲ੍ਹੇ ਵਿਚ ਆਪ ਅੱਗ ਬਾਲਣ ਜੋਗੇ ਵੀ ਨਹੀਂ। ਅਨਪੜ੍ਹਤਾ ਬੇਕਾਰੀ ਕੰਗਾਲੀ ਹੈ। ਮਜ਼ਦੂਰਾਂ ਦਾ ਭਵਿੱਖ ਹਨੇਰਾ ਹੈ। ਸਰਕਾਰ ਕਿਸਾਨਾਂ ਨੂੰ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਦੇਣ ਤੋਂ ਇਨਕਾਰੀ ਹੈ। ਸਰਕਾਰੀ ਸ਼ਹਿ ਪ੍ਰਾਪਤ ਵਪਾਰੀ ਕਿਸਾਨਾਂ ਅਤੇ ਖਪਤਕਾਰਾਂ ਦੋਵਾਂ ਨੂੰ ਲੁੱਟਣ ਲਈ ਆਜ਼ਾਦ ਹਨ। ਨੌਜਵਾਨ ਰੁਜ਼ਗਾਰ ਨੂੰ ਤਰਸ ਰਹੇ ਹਨ। ਵਿਸ਼ਵ ਮੰਡੀ ਵਿਚੋਂ ਖਰੀਦੇ ਸਸਤੇ ਪੈਟਰੋਲ ਨੂੰ ਬਹੁਤ ਮਹਿੰਗਾ ਵੇਚ ਕੇ ਸਰਕਾਰ ਅਤੇ ਕੰਪਨੀਆਂ ਨੇ ਦੇਸ਼/ਦੁਨੀਆਂ ਲੁੱਟ ਲਈ ਹੈ। ਰੈਗੂਲਰ ਫੌਜੀ ਜਵਾਨ ਅੱਗੋਂ ਲਈ ਪੈਨਸ਼ਨ ਤੋਂ ਵਾਂਝੇ ਕਰਕੇ 'ਅਗਨੀ ਵੀਰ' ਯੋਜਨਾ ਤਹਿਤ ਸਿਰਫ ਚਾਰ ਸਾਲਾਂ ਲਈ ਮੁਲਾਜ਼ਮ ਬਣਾ ਦਿੱਤੇ ਗਏ ਹਨ। ਸਰਕਾਰੀ ਮੁਲਾਜ਼ਮਾਂ ਦੀ ਪੈਨਸ਼ਨ ਬੰਦ ਕਰ ਦਿੱਤੀ ਹੈ। ਆਮ ਲੋਕਾਂ ਨੂੰ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਦੀ ਆਸ ਨਜ਼ਰ ਨਹੀਂ ਆਉਂਦੀ। ਪੂੰਜੀਵਾਦੀ ਵਿਕਾਸ ਮਾਡਲ ਆਪਣੇ ਮੁਨਾਫੇ ਦੀ ਖਾਤਰ ਅਤੇ ਕੁਰੱਪਟ ਸਰਕਾਰੀ ਤੰਤਰ ਕਾਰਨ ਮੁਲਕ ਦਾ ਮਿੱਟੀ ਪਾਣੀ ਹਵਾ ਕੁਦਰਤੀ ਵਾਤਾਵਰਨ ਬਰਬਾਦ ਕਰ ਰਿਹਾ ਹੈ। ਭਾਰਤ ਪਿਛਲੇ ਦਸ ਸਾਲਾਂ ਵਿਚ ਸਾਰੇ ਸਮਿਆਂ ਨਾਲੋਂ ਤੇਜ਼ੀ ਨਾਲ ਕਰਜ਼ਾਈ ਹੋਇਆ। ਸਨਅਤੀ ਵਿਕਾਸ ਤੇ ਰੁਜ਼ਗਾਰ ਕਿਵੇਂ ਪੈਦਾ ਹੋਵੇ, ਮਾਡਲ ਕੀ ਹੋਵੇ, ਇਸਦੀ ਕਿਤੇ ਕੋਈ ਚਰਚਾ ਨਹੀਂ ਹੁੰਦੀ। ਐਲਾਨੀਆਂ ਪ੍ਰਚਾਰੀਦੀਆਂ ਯੋਜਨਾਵਾਂ ਜ਼ਮੀਨ ਉੱਤੇ ਉਵੇਂ ਨਤੀਜੇ ਨਹੀਂ ਵਖਾ ਰਹੀਆਂ। ਏਸੇ ਕਰਕੇ ਹਾਕਮ ਧਿਰ ਬੀ.ਜੇ.ਪੀ. ਵੱਲੋਂ ਹੀ ਵੋਟਾਂ ਖਾਤਰ ਯੋਜਨਾਬੱਧ ਹਿੰਦੂ ਮੁਸਲਿਮ ਤਨਾਉ ਵਧਾਉਣ ਵੱਲ ਤੁਰ ਪੈਣਾ ਲੋਕਤੰਤਰ ਲਈ ਵੱਡੀ ਖਤਰੇ ਦੀ ਘੰਟੀ ਹੈ। ਮਸਜ਼ਿਦ-ਮੰਦਰ ਝਗੜਿਆਂ ਦੇ ਝੱਖੜ ਝੁੱਲਣ ਦੀ ਗਹਿਰ ਚੜ੍ਹੀ ਆਉਂਦੀ ਸਾਫ ਦਿੱਸ ਰਹੀ ਹੈ।



ਦੇਸ਼ ਦਾ ਬਹੁਤਾ ਬਜਟ ਹੁਣ ਇਸ ਤਰ੍ਹਾਂ ਖਰਚੀਂਦਾ ਦਿੱਸਦਾ.... ਬਜਟ ਦਾ ਤੀਜਾ ਹਿੱਸਾ ਕਰਜ਼ੇ ਦੇ ਵਿਆਜ ਦਾ ਭੁਗਤਾਨ, ਭਾਜਪਾ ਦੀਆਂ ਰਾਜ ਸਰਕਾਰਾਂ ਨੂੰ ਖੁੱਲ੍ਹੇ ਗੱਫੇ, ਸਰਕਾਰੀ ਮਹਿਕਮਿਆਂ ਦਾ ਭੋਗ ਪਾ ਕੇ ਅਤੇ ਹਿੱਸਾ-ਪੱਤੀ ਨਾਲ ਸਭ ਕੰਮ ਠੇਕੇਦਾਰਾਂ ਰਾਹੀਂ ਕਰਵਾਉਣੇ ਤੇ ਠੇਕਦਾਰ ਵੀ ਆਪਣੇ, ਉਤਸਵਾਂ ਦੀ ਮੌਜ ਮਸਤੀ ਫਜ਼ੂਲ ਖਰਚੀ ਸੈਰ ਸਪਾਟੇ, ਯਾਰਾਂ ਬੇਲੀਆਂ ਦੇ ਮਿਲ ਮਿਲਾ ਕੇ ਲੱਖਾਂ ਕਰੋੜ ਕਰਜ਼ੇ ਮਾਫ਼, ਵਗੈਰਾ। ਅਤੇ ਦੂਜੇ ਬੰਨ੍ਹੇ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਨੂੰ ਖੱਜਲ ਕਰਨਾ ਅਤੇ ਉਨ੍ਹਾਂ ਦੇ ਬਣਦੇ ਹਿੱਸੇ ਦੇ ਪੈਸੇ ਦੇਣ ਤੋਂ ਵੀ ਯਬਕਾਉਣਾ। ਹਾਲਾਂਕਿ ਕੇਂਦਰ ਕੋਲ ਸਭ ਪੈਸੇ ਰਾਜਾਂ ਤੋਂ ਆਉਂਦੇ। ਤੇ ਵੇਖੋ ਕਿਵੇਂ ਸੱਪ ਬਣਕੇ ਬਹਿ ਗਏ।

ਮੋਦੀ ਸਰਕਾਰ ਦੇ ਇਸ ਸਾਰੇ ਕੁਚਲਣ ਦੇ ਚਲਨ ਲਈ ਵਿਰੋਧੀ ਪਾਰਟੀਆਂ ਵਿਚੋਂ ਕਾਂਗਰਸ ਸਭ ਤੋਂ ਵੱਧ ਜ਼ਿੰਮੇਵਾਰ ਹੈ। ਜੋ ਆਪਣੇ ਮੁਕਾਬਲੇ ਵਾਲੇ ਸੂਬਿਆਂ (ਰਾਜਸਥਾਨ, ਗੁਜਰਾਤ, ਮੱਧ ਪ੍ਰਦੇਸ਼, ਉਤਰਾਖੰਡ, ਛੱਤੀਸਗੜ੍ਹ, ਉੜੀਸਾ, ਆਂਧਰਾ) ਵਿਚ ਸੁੱਤੀ ਪਈ ਹੈ, ਬਿਹਾਰ, ਬੰਗਾਲ, ਉੱਤਰ ਪ੍ਰਦੇਸ਼, ਹਰਿਆਣਾ, ਜੰਮੂ ਵਿਚ ਜ਼ਿੱਦ ਨਾਲ ਹੈਸੀਅਤ ਤੋਂ ਵੱਧ ਸੀਟਾਂ ਮੰਗ ਕੇ ਭਾਜਪਾ ਨੂੰ ਵੱਧ ਸੀਟਾਂ ਜਿਤਾਉਣ ਦਾ ਕੰਮ ਕਰਦੀ ਆ ਰਹੀ ਹੈ। ਲੀਡਰ ਦਾਨਾ ਸਹਿਜ ਸਿਆਣਾ ਪ੍ਰਭਾਵ ਨਹੀਂ ਦਿੰਦੇ। ਠੇਠ ਭਾਸ਼ਾ ਘੱਟ ਬੋਲਦੇ ਅਤੇ ਬੇਮੌਕਾ ਅੰਗਰੇਜ਼ੀ ਬੋਲਣ ਦਾ ਕਮਲ ਵੀ ਘੋਟਦੇ ਹਨ। ਕਾਂਗਰਸ ਫੁਰਤੀਲੀ, ਲਚਕਦਾਰ, ਦੂਰਦ੍ਰਿਸ਼ਟੀ ਵਾਲੀ ਸਿਆਣੀ, ਨਿਰਮਾਣ, ਸੰਘਰਸ਼ੀ ਨਾ ਬਣੀ ਤਾਂ ਖੁਦ ਤਾਂ ਮਰਨਾ, ਨਾਲ ਦੇਸ਼ ਨੂੰ ਵੀ ਲੈ ਡੁੱਬੂ। ਇਸ ਪਾਰਟੀ ਨੂੰ ਸਵੈ-ਪੜਚੋਲ ਦੀ ਫੌਰੀ ਡਾਢੀ ਲੋੜ ਹੈ। ਜੇ ਬਚਣਾ ਤਾਂ ਇਸਦੇ ਲੀਡਰ ਫਿਲਹਾਲ ਰਾਜ ਕਰਨ ਦੀ ਆਦਤ ਅਤੇ ਚਾਅ ਛੱਡ ਕੇ ਸਿਰਫ ਬਦਲਾਵ ਵੱਲ ਧਿਆਨ ਕਰਨ।

ਅਜਿਹੇ ਨਿਰਾਸ਼ਾਮਈ ਸਾਜਿਸ਼ੀ ਧੱਕੇਸ਼ਾਹੀ ਵਾਲੇ ਮਹੌਲ ਵਿਚੋਂ ਮੁਲਕ ਨੇ ਮਰੀਚਲ ਜਿਹੇ ਟਵੀਟ ਕੀਤਿਆਂ ਨਹੀਂ ਨਿਕਲਣਾ। ਅਦਾਲਤੀ ਟੇਕ ਰੱਖਣ ਦੀ ਬਜਾਏ ਸਭ ਵਿਰੋਧੀ ਪਾਰਟੀਆਂ, ਜਥੇਬੰਦੀਆਂ, ਸਿਵਲ ਸੋਸਾਇਟੀ ਸੰਸਥਾਵਾਂ ਦਾ ਵਿਸ਼ਾਲ ਦੇਸ਼ ਭਗਤ ਮੋਰਚਾ ਬਣੇ ਅਤੇ ਹੇਠਲੇ ਮੁੱਦਿਆਂ ਉੱਤੇ ਲਾਮਬੰਦੀ ਸੰਘਰਸ਼ ਅਤੇ ਹੋ ਸਕੇ, ਤਾਂ ਜੇਲ੍ਹ ਭਰੋ ਅੰਦੋਲਨ ਸ਼ੁਰੂ ਕਰਨ ਉੱਤੇ ਫੌਰੀ ਵਿਚਾਰ ਕਰੇ:-

ਕਿ ਈ.ਵੀ.ਐੱਮ. ਮਸ਼ੀਨਾਂ ਦੀ ਥਾਂ ਬੈਲਟ ਪੇਪਰ ਨਾਲ ਚੋਣਾਂ ਹੋਣ। ਕਿਸਾਨਾਂ ਨੂੰ ਸਭ ਮੁੱਖ ਫਸਲਾਂ ਦੀ ਐੱਮ.ਐੱਸ.ਪੀ. (ਘੱਟੋ-ਘੱਟ ਸਮਰਥਨ ਮੁੱਲ) ਦੇਣ ਦਾ ਗਾਰੰਟੀ ਕਾਨੂੰਨ ਬਣੇ। ਫੌਜ ਲਈ ਲਿਆਂਦੀ ਨਾਮੁਰਾਦ ਅਗਨੀਵੀਰ ਯੋਜਨਾ ਵਾਪਸ ਲਈ ਜਾਵੇ। ਭਾਜਪਾ ਸਰਕਾਰ ਵੱਲੋਂ 2004 ਵਿਚ ਸਰਕਾਰੀ ਮੁਲਾਜ਼ਮਾਂ ਦੀ ਬੰਦ ਕੀਤੀ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ। ਸਭ ਬਜ਼ੁਰਗਾਂ ਵਿਧਵਾਵਾਂ ਨੂੰ ਜਿਊਣਜੋਗ ਪੈਨਸ਼ਨ ਦਿੱਤੀ ਜਾਵੇ। ਲੱਖਾਂ ਖਾਲੀ ਪਈਆਂ ਸਰਕਾਰੀ ਅਸਾਮੀਆਂ ਤੁਰੰਤ ਰੈਗੂਲਰ ਭਰੀਆਂ ਜਾਣ। ਰੁਜ਼ਗਾਰ ਮੁਖੀ ਵਿਕਾਸ ਮਾਡਲ ਅਪਣਾਇਆ ਜਾਵੇ, ਨਾ ਕਿ ਕਾਰਪੋਰੇਟ ਪੱਖੀ। ਠੇਕੇਦਾਰੀ ਤੰਤਰ ਬੰਦ ਕਰਕੇ ਸਰਕਾਰ ਆਪਣੇ ਵਿਭਾਗਾਂ ਰਾਹੀਂ ਕੰਮ ਕਰਾਵੇ, ਤਾਂ ਕਿ ਰੁਜ਼ਗਾਰ ਪੈਦਾ ਹੋਵੇ ਤੇ ਬਜਟ ਦੀ ਨਿੱਜੀ ਲੁੱਟ ਬੰਦ ਹੋਵੇ। ਵਿਦਿਆ ਸਿਹਤ ਲਈ ਬਜਟ ਵਧਾਇਆ ਜਾਵੇ। ਤਾਂ ਕਿ ਸਭ ਨੂੰ ਸਸਤੀ ਵਿਦਿਆ ਇਲਾਜ ਮਿਲ ਸਕੇ। ਕੁਦਰਤੀ ਸਰੋਤਾਂ (ਖਨਨ ਸਮੇਤ) ਦੀ ਨਿੱਜੀ ਮਾਲਕੀ ਖਤਮ ਕਰਕੇ ਕੌਮੀਕਰਨ ਕੀਤਾ ਜਾਵੇ। ਅਡਾਨੀ ਵਰਗਿਆਂ ਨੂੰ ਵੇਚੇ ਸਭ ਸਰਕਾਰੀ ਅਦਾਰੇ ਵਾਪਸ ਲਏ ਜਾਣ। ਹੁਣ ਤੱਕ ਠੱਗ ਕਾਰੋਬਾਰੀ ਅਦਾਰਿਆਂ ਦੇ ਮਾਫ਼ ਕੀਤੇ ਲੱਖਾਂ ਕਰੋੜ ਕਰਜ਼ਿਆਂ ਦੀ ਜਾਣਕਾਰੀ ਦਿੱਤੀ ਜਾਵੇ ਆਦਿ।

ਅਜਿਹੀਆਂ ਮੰਗਾਂ ਖਾਤਰ ਜੇਲ੍ਹ ਭਰੋ ਅੰਦੋਲਨ ਲਈ ਰੋਜ਼ਾਨਾ ਘੱਟੋ-ਘੱਟ 300-500 ਦਾ ਜੱਥਾ ਹਾਰ ਪਾ ਕੇ ਦਿੱਲੀ ਗ੍ਰਿਫਤਾਰੀ ਦੇਵੇ। ਪੂਰੇ ਮੁਲਕ ਵਿਚ ਲਾਮਬੰਦੀ ਕੀਤੀ ਜਾਵੇ। ਦੇਸ਼ ਦੇ ਕੋਨੇ-ਕੋਨੇ ਤੋਂ ਬਸੰਤੀ ਰੰਗ ਵਿਚ ਰੰਗੇ ਜਥੇ ਸ਼ਾਂਤਮਈ ਕੁਰਬਾਨੀ ਲਈ ਢੋਲ ਨਗਾਰੇ ਗੁੰਜਾਉਂਦੇ, ਮੀਟਿੰਗਾਂ ਰੈਲੀਆਂ ਕਰਦੇ ਆਉਂਦੇ ਦਿੱਲੀ ਪੁੱਜਣ। ਸਿਆਸੀ ਜੰਗਾਲ ਲੱਥੂ। ਪਰਖ ਹੋਜੂ। ਏਕਾ ਵਧੂ। ਕਾਬਲ ਕਰੰਟ ਵਾਲੇ ਨਵੇਂ ਕਾਡਰ ਲੀਡਰਾਂ ਦੇ ਹਜੂਮ ਪੈਦਾ ਹੋਣਗੇ। ਸਭ ਨਾਂਹ ਪੱਖੀ ਫਿਜ਼ਾ ਬਦਲ ਜਾਊ ਤੇ ਹਾਂ ਪੱਖੀ ਬਦਲਾਵ ਦਾ ਠੋਸ ਆਧਾਰ ਬਣੂ। ਲੋਕ ਪਾਰਟੀਆਂ ਲੀਡਰਾਂ ਨੂੰ ਕੋਸਣਾ ਬੰਦ ਕਰ ਦੇਣਗੇ। ਸਰਕਾਰ ਸੁਧਰੂ, ਮੰਗਾਂ ਮੰਨੂ, ਨਹੀਂ ਤਾਂ ਉੱਡਜੂ। ਨਾਲੇ ਸਰਕਾਰ ਦਾ ਵਿਰੋਧੀ ਪਾਰਟੀਆਂ ਨੂੰ ਗ੍ਰਿਫਤਾਰ ਕਰਨ ਵਾਲਾ ਚਾਅ ਲੱਥ ਜਾਊ। ਇਹ ਬਿਲਕੁਲ ਸੰਭਵ ਹੈ।

# ਬੱਚਿਆਂ ਲਈ ਸਾਹਿਤ ਲਿਖਣ ਵਾਲੇ ਸ਼੍ਰੋਮਣੀ, ਸਟੇਟ ਅਤੇ ਰਾਸ਼ਟਰੀ ਐਵਾਰਡ ਪ੍ਰਾਪਤ ਅਧਿਆਪਕ, ਗੀਤਕਾਰ ਅਤੇ ਸਾਹਿਤਕਾਰ ਅਮਰੀਕ ਸਿੰਘ ਤਲਵੰਡੀ

ਵਲੋਂ ਸੁਖਵਿੰਦਰ ਸਿੰਘ ਮੁੱਲਾਂਪੁਰ
99141-84794
ਪੰਜਾਬ ਮੇਲ USA



ਪੰਜਾਬੀ ਸਾਹਿਤਕਾਰਾਂ ਦੀ ਜੇਕਰ ਗੱਲ ਕਰੀਏ, ਤਾਂ ਉੱਚਕੋਟੀ ਦੇ ਕਈ ਅਜਿਹੇ ਸਾਹਿਤਕਾਰ ਹਨ, ਜਿਨ੍ਹਾਂ ਦਾ ਨਾਮ ਉਂਗਲਾਂ 'ਤੇ ਗਿਣਿਆ ਜਾ ਸਕਦਾ ਹੈ। ਇਨ੍ਹਾਂ ਵਿਚੋਂ ਇੱਕ ਨਾਮ ਸਾਹਿਤਕਾਰ ਅਤੇ ਗੀਤਕਾਰ ਹੈ ਅਮਰੀਕ ਤਲਵੰਡੀ।

ਅਮਰੀਕ ਸਿਘ ਤਲਵੰਡੀ ਦਾ ਜਨਮ 12 ਦਸੰਬਰ, 1949 ਨੂੰ ਸਰਦਾਰ ਪਾਲ ਸਿੰਘ ਧਨੋਆ ਅਤੇ ਮਾਤਾ ਬਸੰਤ ਕੌਰ ਦੇ ਗ੍ਰਹਿ ਵਿਖੇ ਤਲਵੰਡੀ ਕਲਾਂ (ਨੇੜੇ ਸਵੱਦੀ ਕਲਾਂ) ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਅਮਰੀਕ ਸਿੰਘ ਤਲਵੰਡੀ ਨੇ ਆਪਣੀ ਕਲਮ ਦਾ ਸਫ਼ਰ ਛੋਟੀ ਉਮਰੇ 1967 ਵਿਚ ਸ਼ੁਰੂ ਕਰ ਦਿੱਤਾ। ਅਮਰੀਕ ਸਿੰਘ ਤਲਵੰਡੀ ਨੂੰ ਗੀਤ ਲਿਖਣ ਦੀ ਚੇਟਕ ਦੇਵ ਥਰੀਕੇ ਵਾਲਾ, ਗੁਰਦੇਵ ਸਿੰਘ ਮਾਨ, ਇੰਦਰਜੀਤ ਹਸਨਪੁਰੀ, ਬਾਬੂ ਸਿੰਘ ਮਾਨ ਮਰਾੜ੍ਹਾ ਵਾਲੇ ਅਜਿਹੇ ਨਾਮਵਰ ਗੀਤਕਾਰਾਂ ਤੋਂ ਲੱਗ ਗਈ।

ਸਭ ਤੋਂ ਪਹਿਲਾਂ ਇਨ੍ਹਾਂ ਦਾ ਲਿਖਿਆ ਗੀਤ ਮਰਹੂਮ ਸੁਰਿੰਦਰ ਛਿੰਦੇ ਦੀ ਆਵਾਜ਼ ਵਿਚ ਰਿਕਾਰਡ ਹੋਇਆ:-

* ...ਪਹਾੜ ਜਿੱਡੇ ਲਾਰੇ ਹੀਰੇ ਰੱਖੇ ਤੂੰ ਕੁਆਰੇ...
ਚੜ੍ਹ ਖੇੜਿਆਂ ਦੀ ਡੋਲੀ
ਨੀ ਤੂੰ ਭੁੱਲ ਗਈ ਏ ਸਾਰੇ...

ਇਸ ਤੋਂ ਬਾਅਦ ਕੁਲਦੀਪ ਮਾਣਕ ਦੀ ਆਵਾਜ਼ ਵਿਚ ਧਾਰਮਿਕ ਅੱਠ ਗੀਤ ਇਕੱਠੇ ਆਏ, ਜੋ ਸਾਰੇ ਅਮਰੀਕ ਤਲਵੰਡੀ ਦੇ ਹੀ ਲਿਖੇ ਹੋਏ ਸਨ। ਉਹ ਅੱਠ ਗੀਤਾਂ ਦਾ ਟਾਈਟਲ ਗੀਤ 'ਚੜ੍ਹਿਆ ਸੋਧਣ ਧਰਤ ਲੁਕਾਈ' ਸੀ।

* ..ਚੜ੍ਹਿਆ ਸੋਧਣ ਧਰਤ ਲੁਕਾਈ..
ਪੱਟੀ ਜੜ੍ਹ ਬਰਬਾਦੀ ਦੀ..
ਗੁਰੂ ਨਾਨਕ ਤੋਂ ਵੱਡਾ ਦੱਸੋ
ਕਹਿੜਾ ਇਨਕਲਾਬੀ ਸੀ..

ਇਹ ਅੱਠ ਗੀਤਾਂ ਤੋਂ ਬਿਨਾਂ ਮਾਣਕ ਦੀ ਆਵਾਜ਼ ਵਿਚ ਹੋਰ ਗੀਤ...

* ..ਕਿਸੇ ਦੀ ਗਰੀਬੀ ਦਾ ਮਜ਼ਾਕ ਨਹੀਂ ਉਡਾਈਦਾ..
ਦਿੱਤਾ ਹੋਵੇ ਬਹੁਤਾ ਦਾਤੇ ਵੰਡ ਵੰਡ ਖਾਈਦਾ...

* ...ਮਰਨਾਂ ਹੈਗਾ ਸੱਚ ਵੇ ਲੋਕਾਂ ਫਿਰ ਕਿਉਂ ਸੱਚ ਪਛਾਣੇ ਨਾ..
ਰੱਬ ਮੌਤ ਨੂੰ ਭੁੱਲ ਕੇ ਬੰਦੇ
ਬੰਦੇ ਨੂੰ ਬੰਦਾ ਜਾਣੇ ਨਾਂ...

* ...ਹਰ ਵਲੇ ਜੀਭਾਂ ਉੱਤੇ ਰਹੇ ਤੇਰਾ ਨਾਮ ਵੇ..
ਚਰਨਾਂ ਚੌਂ ਦੇ ਦੇ ਮੈਨੂੰ ਕਮਲੀ ਨੂੰ ਥਾਂ ਵੇ...

ਆਦਿ ਬਹੁਤ ਸਾਰੇ ਗੀਤ ਗਾਏ। ਦਿਲਸ਼ਾਦ ਅਖ਼ਤਰ, ਰੰਜਨਾ, ਪਾਲੀ ਦੇਵਤਵਾਲੀਆ, ਹਰਭਜਨ ਮਾਨ, ਰਮੇਸ਼ ਗਲਾਡੀ, ਮਿੱਠਾ ਬਡਾਲਵੀ, ਸਤਪਾਲ ਕਿੰਗਰਾ ਆਦਿ ਗਾਇਕਾਂ ਨੇ ਇਨ੍ਹਾਂ ਦੇ ਲਿਖੇ ਗੀਤ ਗਾਏ। ਤਲਵੰਡੀ ਜੀ ਗਾਇਕਾਂ/ਗਾਇਕਾਵਾਂ ਨੂੰ ਸਾਫ਼-ਸੁਥਰੇ ਗੀਤ ਲਿਖ ਕੇ ਦੇ ਰਹੇ ਹਨ। ਹੁਣ ਤੱਕ 45 ਗਾਇਕ ਇਨ੍ਹਾਂ ਦੇ ਗੀਤ ਗਾ ਚੁੱਕੇ ਹਨ। ਪਾਲੀ ਦੇਤਵਾਲੀਆ ਜੀ ਬਹੁਤ ਤੇਜ਼ੀ ਨਾਲ ਇਨ੍ਹਾਂ ਦੇ ਲਿਖੇ ਗੀਤ ਰਿਕਾਰਡ ਕਰਵਾ ਰਹੇ ਹਨ। ਹੁਣ ਇਹ ਪੰਜਾਬੀ ਗੀਤਕਾਰੀ ਸਭਾ ਪੰਜਾਬ ਦੇ ਸਰਪ੍ਰਸਤ ਹਨ। ਅੱਜਕੱਲ੍ਹ ਜੋ ਬੱਚੇ ਵਿਦੇਸ਼ਾ ਵਿਚ ਜਾ ਕੇ ਮਿਹਨਤ ਕਰਕੇ ਆਪਣੇ ਕਾਰੋਬਾਰਾਂ ਨੂੰ ਤਰਜੀਹ ਦੇ ਰਹੇ ਹਨ, ਉਨ੍ਹਾਂ ਤੇ ਲਿਖਿਆ ਗੀਤ ਸੁਰਿੰਦਰ ਛਿੰਦੇ ਦੀ ਆਵਾਜ਼ ਵਿਚ 'ਆਪਣਾ ਟਰਾਲਾ' ਵਿਦੇਸ਼ਾਂ ਵਿਚ ਪੰਜਾਬੀ ਟਰੱਕ ਡਰਾਇਵਰ ਬੜੇ ਉਤਸ਼ਾਹ ਨਾਲ ਸੁਣਦੇ ਹਨ।

ਅਮਰੀਕ ਸਿੰਘ ਤਲਵੰਡੀ ਨੇ ਜੇ.ਬੀ.ਟੀ. ਜਗਰਾਓਂ ਕਾਲਜ ਤੋਂ ਅਤੇ ਗਿਆਨੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪਾਸ ਕਰਕੇ ਦਸ਼ਮੇਸ਼ ਹਾਈ ਸਕੂਲ (ਟਾਹਲੀ ਸਾਹਿਬ) ਰਾਏਕੋਟ ਪੰਜਾਬੀ ਆਧਿਆਪਕ ਦੇ ਤੌਰ 'ਤੇ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਪਰ ਸਰਕਾਰੀ ਨੌਕਰੀ ਜ਼ੀਰੇ (ਫਿਰੋਜਪੁਰ) ਮਿਲੀ।

ਅਮਰੀਕ ਤਲਵੰਡੀ ਨੇ ਜ਼ੀਰੇ ਜਾ ਕੇ ਗੀਤਕਾਰੀ ਦੇ ਨਾਲ-ਨਾਲ ਸਾਹਿਤ ਲਿਖਣਾ ਵੀ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਉੱਥੇ ਜਾ ਕੇ ਸਾਹਿਤ ਸਭਾ ਦਾ ਗਠਨ ਕੀਤਾ। ਜ਼ੀਰੇ 16 ਸਾਲ ਸਾਹਿਤ ਸਭਾ ਦੇ ਪ੍ਰਧਾਨ ਰਹੇ। ਇਨ੍ਹਾਂ ਦੇ ਪ੍ਰਧਾਨ ਹੁੰਦਿਆਂ ਕਈ ਨਵੀਆਂ ਕਲਮਾਂ ਨੇ ਜਨਮ ਲਿਆ, ਕਈ ਲਿਖਾਰੀ ਰਚਨਾਵਾਂ ਲਿਖੀ ਬੈਠੇ ਸਨ ਪਰ ਉਨ੍ਹਾਂ ਦੀ ਕੋਈ ਬਾਂਹ ਫੜਨ ਵਾਲਾ ਨਹੀਂ ਸੀ। ਇਨ੍ਹਾਂ ਨੇ ਉਨ੍ਹਾਂ ਦੀਆਂ ਰਚਨਾਵਾਂ ਛਪਵਾ ਕੇ ਪਾਠਕਾਂ ਸਾਹਮਣੇ ਲਿਆਂਦਾ। ਅਮਰੀਕ ਤਲਵੰਡੀ ਨੇ ਆਪ ਵੀ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ। ਬੱਚਿਆਂ ਲਈ ਬਾਲ ਕਵਿਤਾਵਾਂ, ਬਾਲ ਕਹਾਣੀਆਂ ਬਹੁਤ ਜ਼ਿਆਦਾ ਲਿਖੀਆਂ ਅਤੇ ਲਿਖ ਰਹੇ ਹਨ।

ਉਨ੍ਹਾਂ ਦੀ ਪਹਿਲੀ ਗੀਤਾਂ ਦੀ ਪੁਸਤਕ 'ਕੁਆਰੇ ਬੋਲ' (1975) ਵਿਚ ਪ੍ਰਕਾਸ਼ਤ ਹੋਈ। 'ਵਿਰਸਾ ਆਪਣਾ ਲੈ ਸੰਭਾਲ' (2002), 'ਸਮੇ ਦਾ ਸੱਚ' (2006), 'ਗਿਆਨ ਦੇ ਦੀਪ' (2011) ਆਦਿ ਉਨ੍ਹਾਂ ਦੇ ਕਾਵਿ-ਸੰਗ੍ਰਹਿ ਹਨ।

ਅਮਰੀਕ ਤਲਵੰਡੀ ਦਾ ਕਹਿਣਾ ਹੈ, ਸਮਾਂ ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ। ਪਾਠਕ ਲੰਬੀਆਂ ਰਚਨਾਵਾਂ ਨੂੰ ਪੜ੍ਹਨ ਲਈ ਤਰਜੀਹ ਘੱਟ ਦੇਣ ਲੱਗ ਪਏ ਹਨ, ਇਸ ਕਰਕੇ ਮਿੰਨੀ ਕਹਾਣੀ ਯੁੱਗ ਜ਼ੋਰ ਫੜਦਾ ਜਾ ਰਿਹਾ ਹੈ। ਇਨ੍ਹਾਂ ਨੇ ਇਕ ਮਿੰਨੀ ਕਹਾਣੀ ਚਮਚੇ ਲਿਖ ਕੇ ਅਜੀਤ ਅਖ਼ਬਾਰ ਨੂੰ ਭੇਜ ਦਿੱਤੀ, ਉਹ ਛੇਤੀ ਹੀ ਅਖ਼ਬਾਰ ਵਾਲਿਆਂ ਛਾਪ ਦਿੱਤੀ। ਉਹ ਕਹਾਣੀ ਲੋਕਾਂ ਨੇ ਇੰਨੀ ਪਸੰਦ ਕੀਤੀ, ਉਸ ਕਹਾਣੀ ਨੇ ਅਮਰੀਕ ਤਲਵੰਡੀ ਨੂੰ ਕਹਾਣੀਕਾਰ ਬਣਾ ਦਿੱਤਾ। ਅਮਰੀਕ ਤਲਵੰਡੀ ਦੀਆਂ ਤਿੰਨ ਕਿਤਾਬਾਂ ਮਿੰਨੀ ਕਹਾਣੀਆਂ 'ਘੋੜੇ ਵਾਲਾ ਚੌਂਕ', 'ਖਰੀਆਂ ਖਰੀਆਂ', 'ਮਾਂ ਦਾ ਮਰਨਾ' ਛੱਪ ਚੁੱਕੀਆਂ ਹਨ।

1988 ਵਿਚ ਅਮਰੀਕ ਸਿੰਘ ਤਲਵੰਡੀ ਨੂੰ ਪੰਜਾਬ ਸਰਕਾਰ ਨੇ ਸਟੇਟ ਐਵਾਰਡ ਦੇ ਕੇ ਸਨਮਾਨਿਤ ਕੀਤਾ।

1993 ਵਿਚ ਭਾਰਤ ਦੇ ਰਸ਼ਟਰਪਤੀ ਸ਼ੰਕਰ ਦਿਆਲ ਸ਼ਰਮਾ ਵਲੋਂ ਰਾਸ਼ਟਰੀ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। 2014 ਵਿਚ ਭਾਸ਼ਾ ਵਿਭਾਗ ਪੰਜਾਬ ਵਲੋਂ ਸ਼੍ਰੋਮਣੀ ਬਾਲ ਸਾਹਿਤ ਲੇਖਕ ਪੁਰਸ਼ਕਾਰ ਮਿਲਿਆ। ਅਮਰੀਕ ਤਲਵੰਡੀ ਲਿਖਣ ਦੇ ਖੇਤਰ ਵਿਚ ਰਾਮ ਨਾਥ ਮੁਸਾਫ਼ਰ ਨੂੰ ਆਪਣਾ ਉਸਤਾਦ ਮੰਨਦਾ ਹੈ।

ਗੁਰੂ ਕਾਂਸ਼ੀ ਯੂਨੀਵਰਸਿਟੀ ਦਮਦਮਾ ਸਾਹਿਬ ਬਠਿੰਡਾ ਵਿਖੇ ਇਕ ਵਿਦਿਆਰਥੀ ਵਲੋਂ ਉਨ੍ਹਾਂ ਦੇ ਲਿਖੇ ਸੱਭਿਆਚਾਰਕ ਗੀਤਾਂ ਦੀ ਪੁਸਤਕ 'ਬੋਲ ਪੰਜਾਬ ਦੇ' ਉੱਪਰ ਐੱਮ. ਫ਼ਿਲ ਕੀਤੀ। ਇਹ ਵਿਦਿਆਰਥੀ ਦੀ ਬਹੁਤ ਵੱਡੀ ਪ੍ਰਾਪਤੀ ਹੈ ਅਤੇ ਅਮਰੀਕ ਤਲਵੰਡੀ ਦੀ ਵੀ ਬਹੁਤ ਵੱਡੀ ਪ੍ਰਾਪਤੀ ਹੈ ਕਿਉਂਕਿ ਉਸ ਦੇ ਸਾਫ਼-ਸੁਥਰੇ ਸੱਭਿਆਚਾਰਕ ਗੀਤਾਂ 'ਤੇ ਸਰਚ ਹੋਣੀ ਸ਼ੁਰੂ ਹੋ ਗਈ ਹੈ।

ਅਮਰੀਕ ਤਲਵੰਡੀ ਸਮਾਜ ਸੇਵੀ ਕੰਮਾਂ ਵਿਚ ਵੀ ਵੱਧਚੜ੍ਹ ਕੇ ਹਿੱਸਾ ਲੈਂਦੇ ਹਨ। ਦਿਨੋਂ-ਦਿਨ ਪ੍ਰਦੂਸ਼ਿਤ ਹੋ ਰਹੇ ਪੌਣ-ਪਾਣੀ ਅਤੇ ਵਾਤਾਵਰਣ ਤੋਂ ਹਰ ਵਕਤ ਚਿੰਤਤ ਰਹਿੰਦੇ ਹਨ। ਵੱਖ-ਵੱਖ ਵਿਧੀਆਂ ਰਾਹੀ ਪ੍ਰਚਾਰ ਕਰਕੇ ਲੋਕਾਂ ਨੂੰ ਪੌਣ-ਪਾਣੀ ਅਤੇ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਜਾਗਰੂਕ ਕਰਦੇ ਰਹਿੰਦੇ ਹਨ।

ਥੋੜਾ ਸਮਾਂ ਪਹਿਲਾਂ ਉਨ੍ਹਾਂ ਦੀ 37ਵੀਂ ਕਿਤਾਬ ਰਿਲੀਜ਼ ਹੋ ਚੁੱਕੀ ਹੈ। ਹੁਣ ਅਜੀਤ ਅਖ਼ਬਾਰ ਵਾਲਿਆਂ ਨੇ ਅਮਰੀਕ ਤਲਵੰਡੀ ਦੀ ਸਾਹਿਤ 'ਤੇ ਤਿਰਛੀ ਅੱਖ ਨੂੰ ਪਛਾਣਦਿਆਂ ਹੋਰ ਲੇਖਕਾਂ ਦੀਆਂ ਲਿਖੀਆਂ ਕਿਤਾਬਾਂ ਰੀਵਿਊ ਲਿਖਣ ਲਈ ਭੇਜਣੀਆਂ ਸ਼ੁਰੂ ਕਰ ਦਿੱਤੀਆਂ ਹਨ ਤੇ ਇਨ੍ਹਾਂ ਦੇ ਲਿਖੇ ਰੀਵਿਊ ਅਜੀਤ ਅਖ਼ਬਾਰ ਵਿਚ ਹਮੇਸ਼ਾਂ ਛਪਦੇ ਹੀ ਰਹਿੰਦੇ ਹਨ। ਪ੍ਰਮਾਤਮਾਂ ਇਨ੍ਹਾਂ ਦੀ ਕਲਮ ਨੂੰ ਇਸ ਤਰ੍ਹਾਂ ਹੀ ਚਲਾਈ ਰੱਖੇ।

**ਅਮਰੀਕ ਤਲਵੰਡੀ** (+91-94635-42896)



# ਕਵੀਸ਼ਰ ਬਲਵੰਤ ਸਿੰਘ ਪਮਾਲ ਕਵੀਸ਼ਰੀ ਦਾ ਧਰੂ ਤਾਰਾ

-ਸਤਿੰਦਰ ਪਾਲ ਸਿੰਘ ਸਿੱਧਵਾਂ
ਪੰਜਾਬ ਮੇਲ USA



ਕਵੀਸ਼ਰੀ ਗਾਇਕੀ ਦੀ ਐਸੀ ਵੰਨਗੀ ਹੈ, ਜਿਸ ਵਿਚ ਕਿਸੇ ਵੀ ਸਾਜ਼ ਦੀ ਵਰਤੋਂ ਨਹੀਂ ਕੀਤੀ ਜਾਦੀਂ ਪਰ ਕਵੀਸ਼ਰ ਦੀ ਕਵਿਤਾ ਦੇ ਬੋਲ ਅਤੇ ਗਾਉਣ ਵਾਲੇ ਦੀ ਸੁਰੀਲੀ ਤੇ ਦਮਦਾਰ ਆਵਾਜ਼ ਨਾਲ ਉਹ ਸਰੋਤਿਆਂ ਤੇ ਦਿਲਾਂ ਰੂਹ ਉਤੇ ਜਾਦੂਮਈ ਅਸਰ ਕਰਦੀ ਹੈ। ਐਸੀ ਹੀ ਕਵੀਸ਼ਰੀ ਦੇ ਰਚਣਹਾਰ ਸਨ, ਕਵੀਸ਼ਰ ਬਲਵੰਤ ਸਿੰਘ ਪਮਾਲ ਜਿਸਦੀ ਕਵੀਸ਼ਰੀ ਘੰਟਿਆਂਬੱਧੀ ਪੰਜਾਬੀ ਸਰੋਤਿਆਂ ਨੂੰ ਕੀਲ ਕੇ ਬਿਠਾਈ ਰੱਖਦੀ ਸੀ। ਕਵੀਸ਼ਰ ਬਲਵੰਤ ਸਿੰਘ ਪਮਾਲ ਦਾ ਜਨਮ 30 ਜੁਲਾਈ, 1930 ਨੂੰ ਲੁਧਿਆਣਾ ਜ਼ਿਲ੍ਹੇ ਪਮਾਲ ਪਿੰਡ ਵਿਚ ਪਿਤਾ ਬਚਨ ਸਿੰਘ ਤੇ ਮਾਤਾ ਸੰਤ ਕੌਰ ਦੇ ਘਰ ਹੋਇਆ, ਉਹ ਆਪਣੇ ਚਾਰ ਭਰਾਵਾਂ ਵਿਚੋਂ ਸੱਭ ਤੋ ਛੋਟੇ ਸਨ, ਕਿੱਤਾਕਾਰ ਪਰਿਵਾਰ ਵਿਚ ਬਲਵੰਤ ਸਿੰਘ ਬਹੁਤੀ ਸਕੂਲੀ ਵਿੱਦਿਆ ਨਹੀਂ ਲੈ ਸਕੇ ਪਰ ਮਾਂ ਦੀ ਦਿੱਤੀ ਗੁੜ੍ਹਤੀ ਅਤੇ ਪਰਿਵਾਰ ਵਿਚ ਧਾਰਮਿਕ ਮਾਹੌਲ ਹੋਣ ਕਰਕੇ ਗੁਰੂਆਂ, ਪੀਰਾਂ ਦੀਆਂ ਸਾਖੀਆਂ ਸਿੱਖ ਇਤਿਹਾਸਕ ਸਾਕੇ ਅਤੇ ਦੇਸ਼ ਦੀ ਅਜ਼ਾਦੀ ਲਈ ਝੂਜਣ ਵਾਲੇ ਯੋਧਿਆਂ ਦੀਆਂ ਕੁਰਬਾਨੀਆਂ ਬਲਵੰਤ ਸਿੰਘ ਨੂੰ ਕਵੀਸ਼ਰ ਬਲਵੰਤ ਸਿੰਘ ਪਮਾਲ ਬਣਾਉਣ ਵਿਚ ਪ੍ਰੇਰਨਾ ਸਰੋਤ ਬਣੇ। ਆਪ ਜੀ ਦੇ ਦਾਦਾ ਜੀ ਦੀ ਵੀ ਗਾਇਕੀ ਪ੍ਰਤੀ ਖਿੱਚ ਸੀ, ਜੋ ਕਵੀਸ਼ਰ ਬਲਵੰਤ ਸਿੰਘ ਦੇ ਹੋਣਹਾਰ ਵਿਰਵਾ ਕੇ ਚਿਕਨੇ ਚਿਕਨੇ ਪਾਤ ਦੀ ਕਹਾਵਤ 'ਤੇ ਪੂਰਾ ਉਤਰਨ ਵਿਚ ਸਹਾਇਕ ਹੋਈ। ਆਪਣੀ ਕਲਾ ਨੂੰ ਨਿਖਾਰਨ ਲਈ ਗੁਆਂਢੀ ਪਿੰਡ ਬੱਦੋਵਾਲ ਦੇ ਆਪਣੇ ਸਮੇਂ ਦੇ ਮੰਨੇ-ਪ੍ਰਮੰਨੇ ਕਵੀਸ਼ਰ ਅਜੈਬ ਸਿੰਘ ਬਦੋਵਾਲ ਨੂੰ ਆਪਣਾ ਉਸਤਾਦ ਧਾਰਨ ਕੀਤਾ। 15 ਸਾਲ ਦੀ ਉਮਰ ਵਿਚ ਬਲਵੰਤ ਸਿੰਘ ਨੇ ਆਪਣੀ ਰਚਨਾ ਰਮਾਇਣ ਦਾ ਪ੍ਰਸੰਗ ਉਸਤਾਦ ਨੂੰ ਸੁਣਾ ਜੇ ਉਸਦਾ ਆਸ਼ੀਰਵਾਦ ਪ੍ਰਾਪਤ ਕੀਤਾ। ਬੱਸ ਫਿਰ ਬਲਵੰਤ ਸਿੰਘ ਦੀ ਕਵੀਸ਼ਰੀ ਕਲਾ ਨੂੰ ਸੁਰਖਾਬ ਦੇ ਪੰਖੇਰੂ ਲੱਗ ਗਏ ਅਤੇ ਆਪਣੇ ਪਿੰਡ ਤੋਂ ਹੀ ਦੋ ਸਾਥੀ ਸਾਧੂ ਸਿੰਘ ਤੇ ਗੁਰਦੇਵ ਸਿੰਘ ਨੂੰ ਆਪਣੇ ਜੱਥੇ ਦੇ ਗਵੱਈਏ ਬਣਾ ਲਿਆ ਅਤੇ ਪਮਾਲ ਵਾਲਾ ਜੱਥਾ ਦੇਸ਼ ਵਿਦੇਸ਼ ਵਿਚ ਉਡਾਰੀਆਂ ਮਾਰਨ ਲੱਗਾ।

ਕਵੀਸ਼ਰੀ ਦੀ ਬੱਲੇ-ਬੱਲੇ ਵਕਤ ਹੀ ਬਲਵੰਤ ਸਿੰਘ ਪਮਾਲ ਦੀ ਸ਼ਾਦੀ ਫਲੇਵਾਲ ਪਿੰਡ ਵਿਚ ਸਰਦਾਰ ਬੰਤਾ ਸਿੰਘ ਦੀ ਬੇਟੀ ਮਹਿੰਦਰ ਕੌਰ ਜੀ ਨਾਲ ਹੋਈ। ਆਪ ਜੀ ਦੀਆਂ ਚਾਰ ਬੇਟੀਆਂ ਅਤੇ ਇਕ ਬੇਟਾ ਰਛਪਾਲ ਸਿੰਘ ਅੱਜ ਦੇ ਪ੍ਰਸਿੱਧ ਪੰਥਕ ਢਾਡੀ ਪੈਦਾ ਹੋਏ, ਪਰਿਵਾਰ ਦੀ ਸਾਂਭ-ਸੰਭਾਲ ਬੀਬੀ ਮਹਿੰਦਰ ਕੌਰ ਦੇ ਹਿੱਸੇ ਆਈ, ਜਿਸ ਨਾਲ ਬਲਵੰਤ ਸਿੰਘ ਪਮਾਲ ਨੂੰ ਕਵੀਸ਼ਰੀ ਜੱਗਤ ਵਿਚ ਉੱਚੀਆਂ ਉਡਾਰੀਆਂ ਲਾਉਣ ਵਿਚ ਭਰਪੂਰ ਮਦਦ ਮਿਲੀ।

ਟੇਕ ਬੱਧ ਕਵੀਸ਼ਰੀ ਵਿਚ ਕਵੀ ਕੋਲ ਸਰੋਤਿਆਂ ਦੇ ਦਿਲਾਂ ਤੱਕ ਪਹੁੰਚਾਉਣ ਲਈ ਬੇਹੱਦ ਸ਼ਬਦਾਵਲੀ ਹੁੰਦੀ, ਜਿਸ ਦੀ ਵਰਤੋਂ ਕਵੀਸ਼ਰ ਬਲਵੰਤ ਸਿੰਘ ਪਮਾਲ ਨੇ ਰੱਜ ਕੇ ਕੀਤੀ।

ਕਵੀਸ਼ਰ ਬਲਵੰਤ ਸਿੰਘ ਪਮਾਲ ਅਗਾਂਹਵਧੂ ਸੋਚ ਦੇ ਧਾਰਨੀ ਸਨ ਅਤੇ ਉਨ੍ਹਾਂ ਪ੍ਰਸੰਗ ਵਰਨਣ ਕਰਦਿਆਂ ਲੈਕਚਰ ਵਿਚ ਹਮੇਸ਼ਾ ਸਮਾਜਿਕ ਤੇ ਆਰਥਿਕ ਨਾ ਬਰਾਬਰੀ ਦਾ ਭਰਪੂਰ ਖੰਡਨ ਹੁੰਦਾ ਸੀ, ਜਿੱਥੇ ਬਲਵੰਤ ਸਿੰਘ ਪਮਾਲ ਸਰੋਤਿਆਂ ਦੇ ਦਿਲਾਂ ਨੂੰ ਧੂ ਪਾਉਣ ਵਾਲੀ ਕਵੀਸ਼ਰੀ ਰਚਦੇ ਸਨ ਤੇ ਜਦੋਂ ਵੱਖ-ਵੱਖ ਧਾਰਮਿਕ ਸੱਭਿਆਚਾਰਕ ਦੀਵਾਨਾਂ ਵਿਚ ਉਨ੍ਹਾਂ ਦੀ ਤਕਰੀਰ ਵੀ ਸਰੋਤਿਆਂ ਤੇ ਮਿਕਨਾਤੀਸੀ ਖਿੱਚ ਦਾ ਅਸਰ ਕਰਦੀ ਸੀ ਤੇ ਸਾਧੂ ਸਿੰਘ, ਗੁਰਦੇਵ ਸਿੰਘ ਗਾਈ ਕਵੀਸ਼ਰੀ ਸਰੋਤਿਆਂ ਨੂੰ ਮੰਤਰ ਮੁਗਧ ਕਰ ਜਾਂਦੀ। ਬਲਵੰਤ ਸਿੰਘ ਪਮਾਲ ਦਾ ਕਵੀਸ਼ਰੀ ਜੱਥਾ ਆਲ ਇੰਡੀਆ ਰੇਡੀਓ ਜਲੰਧਰ ਤੋਂ ਕਵੀਸ਼ਰੀ ਗਾਉਂਦਾ, ਤਾਂ ਪਿੰਡਾਂ ਦੀਆਂ ਸੱਥਾਂ ਵਿਚ ਵੱਜਦੇ ਰੇਡੀਓ ਗੂੰਜ ਉੱਠਦੇ। ਜਲੰਧਰ ਅਤੇ ਦਿੱਲੀ ਦੂਰ ਦਰਸ਼ਨ ਟੀ.ਵੀ. 'ਤੇ ਵੀ ਪਮਾਲ ਦੇ ਜੱਥੇਬੰਦੀ ਕਵੀਸ਼ਰੀ ਦੀਆਂ ਗੂੰਜਾਂ ਪਈਆਂ ਪਮਾਲ ਦੇ ਜੱਥੇ ਦੀਆਂ ਧੁੰਮਾਂ ਪੰਜਾਬ ਤੋਂ ਲੈਕੇ ਯੂ.ਪੀ., ਸੀ.ਪੀ. ਬੰਬੇ ਕਲਕੱਤੇ ਪਈਆਂ ਅਤੇ ਬਲਵੰਤ ਸਿੰਘ ਪਮਾਲ ਨੂੰ 6-6 ਮਹੀਨੇ ਪਹਿਲਾਂ ਸੱਦਣ ਵਾਲਿਆਂ ਦੇ ਤੰਤੇ ਲੱਗਣ ਲੱਗੇ।

ਪਮਾਲ ਦੇ ਜੱਥੇ ਦੀ ਕਵੀਸ਼ਰ ਦੀ ਐਸੀ ਤੂਤੀ ਬੋਲੀ ਜਿੱਥੇ ਵੱਡੇ ਮੇਲਿਆਂ ਵਿਚ ਉਡੀਕਾਂ ਹੋਣ ਲੱਗੀਆਂ, ਉੱਥੇ ਉਨ੍ਹਾਂ ਦੀ ਕਵੀਸ਼ਰੀ ਦੇ ਆਸ਼ਕ ਪਮਾਲ ਦੇ ਜੱਥੇ ਤੋਂ ਤਰੀਕਾਂ ਲੈ ਕੇ ਧਾਰਮਿਕ ਸਮਾਗਮ, ਵਿਆਹ, ਮੰਗਣੇ ਦੇ ਦਿਨ ਰੱਖਦੇ ਸਨ। ਬਿਨਾਂ ਸਪੀਕਰਾਂ ਤੋ ਵੀ ਪਮਾਲ ਦਾ ਜੱਥਾ ਘੰਟਿਆਂਬੱਧੀ ਸਰੋਤਿਆਂ ਨੂੰ ਪ੍ਰਸਿੱਧ ਕਿੱਸੇ, ਧਾਰਮਿਕ ਪ੍ਰਸੰਗਾਂ ਸਿੱਖ ਇਤਿਹਾਸ ਦੇ ਸੁਨਿਹਰੀ ਪੰਨਿਆਂ, ਆਜ਼ਾਦੀ ਦੇ ਆਸ਼ਕਾਂ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਗਦਰੀ ਬਾਬਿਆਂ ਦੇ ਜੁਝਾਰੂ ਵਰਨਣ ਨੂੰ ਆਪਣੀ ਰਸਮਈ ਕਵੀਸ਼ਰੀ ਰਚਨਾਵਾਂ ਸਰੋਤਿਆਂ ਦੇ ਹਿਰਦਿਆਂ ਵਿਚ ਵਾਸਾ ਕਰਦੇ।

ਪਿੰਗਲ ਦੇ ਗਿਆਤਾ ਹੋਣ ਕਰਕੇ ਬਲਵੰਤ ਸਿੰਘ ਪਮਾਲ ਨੇ ਆਪਣੀ ਕਾਵਿ ਕਲਾ ਵਿਚ ਬਹੁਤ ਨਵੀਨਤਾ ਲਿਆਂਦੀ। ਦੋਹਰੇ, ਦੁਤਾਰੇ, ਝੋਕ, ਦਵੱਈਏ, ਪਾਉੜੀ, ਕਾਫ਼ੀ, ਸਾਕੇ, ਕੋਰੜੇ, ਦੁੱਖ ਹਰਨ ਛੰਦ, ਮਨੋਹਰ ਛੰਦ, ਕਲੀਆਂ, ਵਾਰਾਂ, ਸਵਾਇਆ ਛੰਦ ਅਤੇ ਹੋਰ ਬਹੁਤ ਵੰਨਗੀਆਂ ਦੀ ਰਚਨਾ ਕੀਤੀ। ਪੰਜਾਬ ਦੇ ਕਿੱਸੇ ਦਹੂਦ ਬਾਦਸ਼ਾਹ, ਕੌਲਾਂ ਭਗਤਣੀ, ਰਾਜਾ ਰਸਾਲੂ, ਪੂਰਨ ਭਗਤ, ਸੋਹਣੀ ਮਹੀਂਵਾਲ, ਸੱਸੀ ਪੁਨੂੰ, ਮਿਰਜ਼ਾ ਸਾਹਿਬਾਂ ਅਤੇ ਹੋਰ ਅਥਾਹ ਸਮੱਗਰੀ ਬਲਵੰਤ ਸਿੰਘ ਪਮਾਲ ਦੀਆਂ ਸ਼ਾਹਕਾਰ ਰਚਨਾਵਾਂ ਮੂੰਹ ਬੋਲਦੀਆਂ ਹਨ। ਮੈਨੂੰ ਇਸ ਗੱਲਾਂ ਮਾਣ ਹੈ ਕਿ ਕਵੀਸ਼ਰ ਬਲਵੰਤ ਸਿੰਘ ਪਮਾਲ ਦੇ ਜੱਥੇ ਨੂੰ ਪੰਜਾਬ ਵੱਡੇ-ਵੱਡੇ ਧਾਰਮਿਕ, ਸੱਭਿਆਚਾਰਕ, ਮੇਲਿਆਂ ਦੇ ਹਜ਼ਾਰਾਂ ਲੋਕਾਂ ਇਕੱਠ ਵਿਚ ਸਰੋਤਿਆਂ ਤੋਂ ਮਾਣ, ਦੁਲਾਰ ਪਿਆਰ ਮਾਣਦਿਆਂ ਸੁਣਨ ਦੇਖਣ ਦਾ ਮਾਣ ਹਾਸਲ ਹੈ ਅਤੇ ਪਮਾਲ ਜੀ ਦੀ ਤਹਿਰੀਰ, ਤਕਰੀਰ ਤੇ ਤਹਿਜ਼ੀਬ, ਬੋਲਾਂ ਵਿਚ ਗੱੜਕ-ਖੱੜਕ ਅੱਜ ਵੀ ਮੈਨੂੰ ਉਤਸ਼ਾਹਤ ਕਰਦੀ ਹੈ। ਮੇਰੇ ਪਿਤਾ ਸ਼੍ਰੋਮਣੀ ਕਵੀਸ਼ਰ ਰਣਜੀਤ ਸਿੰਘ ਸਿੱਧਵਾਂ ਨਾਲ, ਕਵੀਸ਼ਰੀ ਸਮਰਾਟ ਬਲਵੰਤ ਸਿੰਘ ਪਮਾਲ ਦੀ ਵਿਚਾਰਾਂ, ਪਿਆਰਾਂ, ਸਤਿਕਾਰਾਂ ਦੀ ਪਵਿੱਤਰਤਾ ਵਾਲੀ ਸਾਂਝ ਰਹੀ।

ਬੋਹੜ ਦੀ ਥਾਂ ਬੋਹੜ ਲੱਗੇ ਮੇਰੇ ਛੋਟੇ ਵੀਰ ਅਤੇ ਮਹਾਨ ਪੰਥਕ ਢਾਡੀ ਸ. ਰਛਪਾਲ ਸਿੰਘ ਪਮਾਲ ਨੇ ਆਪਣੇ ਪਿਤਾ ਕਵੀਸ਼ਰ ਬਲਵੰਤ ਸਿੰਘ ਪਮਾਲ ਦੀ ਗੁਰਜ ਨੂੰ ਆਪਣੀ ਸਿੱਖ ਇਤਿਹਾਸ ਪ੍ਰਤੀ ਲਗਨ, ਮਿਹਨਤ, ਸੰਜੀਦਗੀ ਅਤੇ ਜ਼ਿੰਦਾਦਿਲੀ ਨਾਲ ਦੇਸ਼-ਵਿਦੇਸ਼ ਦੀਆਂ ਸੰਗਤਾਂ ਵਿਚ ਬਹੁਤ ਆਦਰਯੋਗ ਸਥਾਨ ਬਣਾਇਆ ਅਤੇ ਦੁਨੀਆਂ ਭਰ ਦੀਆਂ ਸਿੰਘ ਸਭਾਵਾਂ ਤੋਂ ਰਛਪਾਲ ਸਿੰਘ ਪਮਾਲ ਦੇ ਜੱਥੇ ਨੂੰ ਭਰਵਾਂ ਮਾਣ-ਸਤਿਕਾਰ ਪਿਆਰ ਸੱਦੇ-ਪੱਤਰ ਮਿਲਦੇ ਹਨ। ਇਹ ਸਭ ਕਵੀਸ਼ਰੀ ਦੇ ਧਰੂ ਤਾਰੇ ਸ. ਬਲਵੰਤ ਸਿੰਘ ਪਮਾਲ ਦੀ ਘਾਲਣਾ ਨੂੰ ਪ੍ਰਣਾਮ ਹੀ ਹੈ।

13 ਦਸੰਬਰ 1988 ਮੋਗਾ ਜ਼ਿਲ੍ਹਾ ਦੇ ਪੰਡ ਖੋਸਾ ਪਾਂਡੋ ਵਿਚ ਨਗਰ ਕੀਰਤਨ ਦੀਆਂ ਸੇਵਾਵਾਂ ਨਿਭਾਉਣ ਤੋਂ ਬਾਅਦ ਕਵੀਸ਼ਰੀ ਜਗਤ ਦਾ ਇੱਕ ਮਾਣਮੱਤਾ ਸਪੂਤ ਲਗਾਤਾਰ 35 ਵਰ੍ਹੇ ਆਪਣੇ ਸਾਥੀਆਂ ਨਾਲ ਸਾਥ ਨਿਭਾ ਕੇ ਪਰਿਵਾਰ ਅਤੇ ਕਵੀਸ਼ਰੀ ਪ੍ਰੇਮੀਆਂ ਨੂੰ ਆਖ਼ਰੀ ਫਤਿਹ ਬੁਲਾ ਕੇ ਅਕਾਲ ਪੁਰਖ ਦੀ ਗੋਦ ਵਿਚ ਸਮਾ ਗਏ। ਕਵੀਸ਼ਰ ਬਲਵੰਤ ਸਿੰਘ ਪਮਾਲ ਦੀ ਸਿੱਖ ਇਤਿਹਾਸ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਪ੍ਰਤੀ ਵੱਡਮੁਲੀ ਦੇਣ ਨੂੰ ਹਮੇਸ਼ਾ ਸਨਿਹਰੀ ਅੱਖਰਾਂ ਵਿਚ ਲਿਖਿਆ ਤੇ ਯਾਦ ਕੀਤਾ ਜਾਵੇਗਾ।




# ਮਨਮੋਹਨ ਸਿੰਘ ਢਿੱਲੋਂ ਦੀ ਕਿਤਾਬ 'ਕਲਮਾਂ ਜੋ ਸਿਰਨਾਵਾਂ ਬਣੀਆਂ'

-ਦਿਲਜੀਤ ਸਿੰਘ ਬੇਦੀ
ਮੋ: 76579-68570
ਪੰਜਾਬ ਮੇਲ USA



ਮਨਮੋਹਨ ਸਿੰਘ ਢਿੱਲੋਂ ਵਾਸਤਵ ਵਿਚ ਪੱਤਰਕਾਰ ਹੁੰਦਾ ਹੋਇਆ ਵੀ ਪੱਤਰਕਾਰੀ ਭਾਈਚਾਰੇ ਨਾਲੋਂ ਹਟ ਕੇ, ਮਨ ਦੀ ਸਾਫ਼ਗੋਈ, ਮਾਨਵੀ ਸੋਚ ਪ੍ਰਤੀ ਸੁਹਿਰਦ ਤੇ ਜੀਵਨ ਵਿਚ ਆਲੇ-ਦੁਆਲੇ ਵਾਪਰ ਰਹੀਆਂ ਘਟਨਾਵਾਂ ਨੂੰ ਬਰੀਕੀ ਨਾਲ ਦੇਖਣ ਦੇ ਸਮਰੱਥ ਤੇ ਉਨ੍ਹਾਂ ਨੂੰ ਸ਼ਾਬਦਿਕ ਰੂਪ ਪ੍ਰਦਾਨ ਕਰਨ ਵਾਲਾ ਸਮਰੱਥ ਲੇਖਕ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਬੁੱਧੀਜੀਵੀ ਵਰਗ ਦਾ ਸ਼ਾਨਦਾਰ ਸੰਸਥਾਗਤ ਅਦਾਰਾ ਹੈ। ਇਸ ਵਿਚ ਕੰਮ ਕਰਨ ਵਾਲੇ ਕਰਮਚਾਰੀ ਅਤੇ ਅਧਿਆਪਕ ਵਰਗ 'ਚ ਕੰਮ ਕਰਨ ਵਾਲੀਆਂ ਸ਼ਖ਼ਸੀਅਤਾਂ ਨੇ ਸਾਹਿਤ ਵਿਚ ਆਪਣੀ ਧਾਕ ਜਮਾਈ ਹੈ। ਇਸ ਸਬੰਧੀ ਸ. ਮਨਮੋਹਨ ਸਿੰਘ ਢਿੱਲੋਂ ਦੀ ਨਵੀਂ ਕਿਤਾਬ ਛੱਪ ਕੇ ਪਾਠਕਾਂ ਤੱਕ ਪੁੱਜੀ ਹੈ। ਕਿਤਾਬ ਸ਼ਾਮਲ ਵਿਦਵਾਨ ਲੇਖਕਾਂ ਦੇ ਜੀਵਨ ਚਰਿੱਤਰ ਨੂੰ ਸ਼ਬਦ ਚਿੱਤਰਾਂ ਰਾਹੀਂ ਲੇਖਕ ਨੇ ਕਲਮਬੱਧ ਕੀਤਾ ਹੈ। ਇਹ ਸੰਗ੍ਰਹਿ ਨਿਵੇਕਲਾ ਤੇ ਫ਼ਖ਼ਰ ਕਰਨ ਵਾਲਾ ਕੰਮ ਹੈ। ਡਾ. ਐੱਸ.ਪੀ. ਸਿੰਘ ਪ੍ਰਵਾਸੀ ਸਾਹਿਤ ਦੀ ਅਲਖ ਜਗਾਉਣ ਵਾਲੇ ਮੋਢੀਆਂ 'ਚੋਂ ਹਨ, ਡਾ. ਸੰਤੋਖ ਸਿੰਘ ਸ਼ਹਰਯਾਰ, ਡਾ. ਜਸਬੀਰ ਸਿੰਘ ਸਾਬਰ, ਡਾ. ਹਰਚੰਦ ਸਿੰਘ ਬੇਦੀ, ਰਬਿੰਦਰ ਸਿੰਘ ਬਾਠ, ਗਿ. ਕੁਲਵੰਤ ਸਿੰਘ ਔਲਖ, ਸੁਖਵਿੰਦਰ ਸਿੰਘ ਨਰੂਲਾ, ਰਾਜਬੀਰ, ਮੁਖਤਿਆਰ ਸਿੰਘ, ਪ੍ਰਿਤਪਾਲ ਸਿੰਘ, ਡਾ. ਸੁਖਦੇਵ ਸਿੰਘ ਝੰਡ, ਅਜਾਇਬ ਸਿੰਘ, ਬਾਈ ਅਮਰਜੀਤ ਸਿੰਘ ਆਦਿ ਦੇ ਨਾਂ ਸ਼ਾਮਲ ਹਨ। ਇਨ੍ਹਾਂ ਵਿਅਕਤੀਆਂ ਦੀ ਸਾਹਿਤ ਤੇ ਖੋਜ ਪ੍ਰਤੀ ਸਾਧਨਾ, ਇਸ ਪੁਸਤਕ ਦਾ ਹਾਸਲ ਹੈ। ਮੁਲਾਜ਼ਮਾਂ ਦੀਆਂ ਮੰਗਾਂ ਦੀ ਪੂਰਤੀ ਲਈ ਸੰਘਰਸ਼ ਨੂੰ ਵਿਉਂਤਬੱਧ ਕਰਨ ਵਾਲੇ ਜਰਨੈਲਾਂ ਦੇ ਨਾਂ ਵੀ 'ਕਲਮਾਂ ਜੋ ਸਿਰਨਾਵਾਂ ਬਣੀਆਂ' ਪੁਸਤਕ ਵਿਚ ਸ਼ਾਮਲ ਹਨ।

ਸ. ਮਨਮੋਹਨ ਸਿੰਘ ਢਿੱਲੋਂ ਅਜਬ ਤੇ ਵੱਖਰੇ ਜਿਹੇ ਅਸੂਲੀ ਸੁਭਾ ਵਾਲਾ ਵਿਅਕਤੀ ਹੈ ਤੇ ਉਹ ਪੰਜਾਬੀ ਸਾਹਿਤ 'ਚ ਓਤਪੋਤ, ਪੂਰੇ ਦਾ ਪੂਰਾ ਭਿੱਜਿਆ ਹੋਇਆ ਹੈ। 14 ਦੇ ਕਰੀਬ ਨਾਮਵਰ ਲੇਖਕਾਂ ਦੇ ਵਿਅਕਤੀ ਚਿੱਤਰ ਸਮੁੱਚੀ ਯੂਨੀਵਰਸਿਟੀ ਦੇ ਸਾਹਿਤ ਉਪਜਾਊ ਖੇਤਰ ਦੀ ਬਹੁਤ ਦਿਲਚਸਪ ਤਰੀਕੇ ਨਾਲ ਤਸਵੀਰ ਪੇਸ਼ ਕਰਦੇ ਹਨ। ਇਸ ਪੁਸਤਕ ਨੂੰ ਤਿਆਰ ਕਰਨ/ਕਰਾਉਣ ਵਿਚ ਪ੍ਰੇਰਨਾ ਡਾ.ਐੱਸ.ਪੀ. ਸਿੰਘ ਦੀ ਸਾਫ਼ ਝਲਕਦੀ ਹੈ। ਸ਼ਬਦ ਚਿੱਤਰ ਰਾਹੀਂ ਕਿਸੇ ਵਿਅਕਤੀ ਦੇ ਸਮੁੱਚੇ ਜੀਵਨ ਦੇ ਕਾਰ-ਵਿਹਾਰ ਦੀ ਹੂਬਹੂ ਤਸਵੀਰ ਪੇਸ਼ ਕਰਨ ਦਾ ਜਤਨ ਹੁੰਦਾ ਹੈ। ਲੇਖਕ ਇਸ ਮਾਮਲੇ ਵਿਚ ਸਫਲ ਹੈ ਤੇ ਉਹ ਵਧਾਈ ਦਾ ਪਾਤਰ ਵੀ ਹੈ। ਉਸ ਨੇ ਸਮਾਜ ਦੇ ਵੱਖ-ਵੱਖ ਪਹਿਲੂਆਂ ਤੇ ਪੁਸਤਕ ਰੂਪੀ ਸਾਹਿਤ ਨਾਲ ਜੁੜੀਆਂ ਸੁੱਤੀਆਂ ਕਲਾਂ ਨੂੰ ਜਗਾਅ ਦੇਣ ਵਾਲੀਆਂ ਅਦਭੁੱਤ ਘਟਨਾਵਾਂ ਨੂੰ ਅੰਕਿਤ ਕੀਤਾ ਹੈ। ਇਸ ਨੂੰ ਸਾਫ਼ਗੋਈ ਤੇ ਸੁੱਚੇ ਰਿਸ਼ਤਿਆਂ ਦਾ ਪ੍ਰਗਟਾਵਾ ਵੀ ਕਿਹਾ ਜਾ ਸਕਦਾ ਹੈ। ਲੇਖਕ ਬਹੁੱਪਖੀ ਚਿੰਤਨ ਵਾਲਾ ਵਿਅਕਤੀ ਹੈ, ਜਿਸ ਤੋਂ ਭਰਪੂਰ ਆਸਾਂ ਹਨ। ਉਹ ਸਾਹਿਤ ਦੀ ਸੇਵਾ ਕਰਦਿਆਂ ਜੀਵਨ ਨਾਲ ਜੁੜੀਆਂ ਘਟਨਾਵਾਂ ਦਾ ਸਿਮਰਨ ਕਰਦਾ ਬਰਕਤਾਂ ਨਾਲ ਝੋਲੀ ਭਰ ਲੈਂਦਾ ਹੈ। ਉਸ ਨੇ ਆਪਣੀ ਕਲਮ ਨੂੰ ਮਨੁੱਖੀ ਕਲਿਆਣ ਵਾਸਤੇ ਤੋਰਨ ਦਾ ਸੰਘਰਸ਼ ਵਿੱਢਿਆ ਹੈ, ਜੋ ਨਿਰੰਤਰ ਜਾਰੀ ਹੈ।




ਪੁਸਤਕ ਬਾਰੇ ਯੂਨੀਵਰਸਿਟੀ ਵਿਚ ਸਾਹਿਤ ਨਾਲ ਜੁੜੇ ਮੁਲਾਜ਼ਮਾਂ ਨੂੰ ਸ਼ਾਮਲ ਕੀਤਾ ਗਿਆ ਅਤੇ ਉਨ੍ਹਾਂ ਵੱਲੋਂ ਰਚੇ ਸਾਹਿਤ ਦਾ ਵੇਰਵਾ ਵੀ ਸ਼ਾਮਲ ਹੈ। ਮੇਰਾ ਸਾਹਿਤਕ ਸਫ਼ਰ ਵਿਚ ਲੇਖਕ ਨੇ 1974 ਤੋਂ ਯੂਨੀਵਰਸਿਟੀ ਵਿਚ ਨੌਕਰੀ ਸਫਰ ਦੌਰਾਨ ਸਾਹਿਤਕ ਕਮਾਈ ਦਾ ਵਰਨਣ ਕੀਤਾ ਹੈ। ਉਸ ਦੇ ਸਾਹਿਤਕ ਮਿੱਤਰਾਂ ਦੀ ਲੰਮੀ ਤਫਸੀਲ ਹੈ। ਡਾ. ਸੁਖਦੇਵ ਸਿੰਘ ਸੋਹਲ ਨੇ ਮੁੱਖਬੰਦ 'ਚ ਅੰਕਿਤ ਕੀਤਾ ਹੈ, ਮਨਮੋਹਨ ਸਿੰਘ ਢਿੱਲੋਂ ਲੇਖਣੀ ਲਈ ਜਾਣਿਆ-ਪਛਾਣਿਆ ਨਾਂ ਹੈ। ਉਸ ਨੇ ਪੱਤਰਕਾਰੀ, ਇਤਿਹਾਸ ਅਤੇ ਸਾਹਿਤ ਖੇਤਰਾਂ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ। ਉਸ ਦੀ ਰੁਚੀ ਵਰਤਮਾਨ ਇਤਿਹਾਸ ਅਤੇ ਸਾਹਿਤਕ ਰੁਚੀਆਂ ਨੂੰ ਕਲਮਬੰਦ ਕਰਨ ਵਿਚ ਉਤਸ਼ਾਹਤ ਰਹਿੰਦੀ ਹੈ। ਇਸ ਰਚਨਾ ਦੀ ਦਿਸ਼ਾ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਾਬਕਾ ਵਾਈਸ-ਚਾਂਸਲਰ ਡਾ. ਐੱਸ.ਪੀ. ਸਿੰਘ ਦੀ ਇਸ ਧਾਰਨਾ 'ਤੇ ਆਧਾਰਿਤ ਹੈ ਕਿ ਯੂਨੀਵਰਸਿਟੀ ਦੇ ਗੈਰ-ਅਧਿਆਪਨ ਮੁਲਾਜ਼ਮਾਂ ਦੀਆਂ ਸਾਹਿਤਕ ਰੁਚੀਆਂ ਨੂੰ ਵੀ ਉਜਾਗਰ ਕਰਨਾ ਬਣਦਾ ਹੈ। ਸਾਹਿਤ ਨੂੰ ਜ਼ਿਆਦਾਤਰ ਅਧਿਆਪਨ ਨਾਲ ਜੋੜਿਆ ਗਿਆ ਹੈ। ਇਸ ਨੂੰ ਅਧਿਆਪਨ ਤੋਂ ਬਾਹਰ ਵੀ ਵਿਚਾਰਨਾ ਇਕ ਵਾਜਬ ਰੁਝਾਨ ਹੈ। ਹਰ ਲੇਖਕ ਦਾ ਕਿੱਤਾ ਉਸ ਲਈ ਪ੍ਰਭਾਵਸ਼ੀਲ ਹੁੰਦਾ ਹੈ, ਪਰ ਸਾਹਿਤਕ ਖੇਤਰ ਲਈ ਲੇਖਕ ਦੀ ਸੂਝ ਅਤੇ ਸੰਵੇਦਨਸ਼ੀਲਤਾ ਉਸ ਨੂੰ ਉੱਚੇ ਮੁਕਾਮ ਵੱਲ ਲੈ ਜਾਣ ਦੀ ਸਮਰੱਥਾ ਰੱਖਦੀ ਹੈ। ਇਸ ਦੌਰਾਨ ਲੇਖਕ ਦੀ ਸ਼ਖ਼ਸੀਅਤ, ਸੋਚ ਅਤੇ ਸਮਾਂ ਅਹਿਮ ਭੂਮਿਕਾ ਨਿਭਾਉਂਦੇ ਹਨ। ਹੱਥਲੀ ਕਿਤਾਬ ਕੁੱਲ 14 ਸ਼ਖ਼ਸੀਅਤਾਂ 'ਤੇ ਆਧਾਰਿਤ ਹੈ। ਇਹ ਰਚਨਾ ਲੇਖਕਾਂ ਦੀਆਂ ਬਹੁ-ਪੱਖੀ ਸਾਹਿਤਕ ਰੁਚੀਆਂ ਨੂੰ ਉਜਾਗਰ ਕਰਦੀ ਹੈ। ਦੋ ਸ਼ਬਦ ਉੱਘੇ ਸਿੱਖ ਵਿਦਵਾਨ ਤੇ ਸਿੱਖ ਚਿੰਤਕ ਸ. ਦਿਲਜੀਤ ਸਿੰਘ ਬੇਦੀ ਵੱਲੋਂ ਲਿਖੇ ਗਏ ਹਨ। ਵਿਲੱਖਣ ਦ੍ਰਿਸ਼ਟੀ ਦਾ ਧਾਰਨੀ ਵਿਚ ਡਾ. ਬਲਜੀਤ ਕੌਰ ਰਿਆੜ 'ਕਲਮਾਂ ਜੋ ਸਿਰਨਾਵਾਂ ਬਣੀਆਂ' ਵਿਚ ਕਹਿੰਦੀ ਹੈ, ਹੱਥਲੀ ਅਜਿਹੀ ਪੁਸਤਕ ਹੈ, ਜਿਹੜੀ ਉਨ੍ਹਾਂ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਆਪਣੇ ਕਾਰਜ ਕਾਲ ਦੌਰਾਨ ਵੱਖ-ਵੱਖ ਸ਼ਖ਼ਸੀਅਤਾਂ ਦੀ ਕਾਰਜਸ਼ੈਲੀ ਅਤੇ ਜੀਵਨ-ਸ਼ੈਲੀ 'ਤੇ ਆਧਾਰਿਤ ਹੈ। ਲੇਖਕ ਨੇ ਯੂਨੀਵਰਸਿਟੀ ਦੇ ਉਪ-ਕੁਲਪਤੀ ਤੋਂ ਲੈ ਕੇ ਸੇਵਾਦਾਰ ਤੱਕ ਦੇ ਵਿਅਕਤੀ ਦੀ ਅਹਿਮੀਅਤ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਵੱਖ-ਵੱਖ ਵਿਭਾਗਾਂ ਵਿਚ ਅਹਿਮ ਅਹੁਦਿਆਂ 'ਤੇ ਕਾਰਜਸ਼ੀਲ ਸ਼ਖ਼ਸੀਅਤਾਂ ਦੇ ਜੀਵਨ ਬਿਰਤਾਂਤ, ਸਿਰਜਣਾਤਮਿਕਤਾ, ਪ੍ਰਸ਼ਾਸਨਿਕ ਜ਼ਿੰਮੇਵਾਰੀਆਂ ਵਿਚਲੀ ਪ੍ਰਤੀਬੱਧਤਾ, ਕਿਰਦਾਰ ਦੀ ਬੁਲੰਦੀ ਅਤੇ ਵਿਹਾਰਿਕਤਾ ਨੂੰ ਬੜੀ ਸੁਤਰਕ ਸ਼ੈਲੀ ਰਾਹੀਂ ਮੂਰਤੀਮਾਨ ਕੀਤਾ ਹੈ। ਡਾ. ਐੱਸ.ਪੀ. ਸਿੰਘ, ਡਾ. ਸੰਤੋਖ ਸਿੰਘ ਸ਼ਹਰਯਾ, ਮੁਖ਼ਤਿਆਰ ਸਿੰਘ, ਗਿਆਨੀ ਕੁਲਵੰਤ ਸਿੰਘ ਔਲਖ, ਰਾਜਬੀਰ, ਡਾ. ਸੁਖਦੇਵ ਸਿੰਘ ਝੰਡ, ਰਬਿੰਦਰ ਸਿੰਘ ਬਾਠ, ਅਜਾਇਬ ਸਿੰਘ, ਸੁਖਵਿੰਦਰ ਸਿੰਘ ਨਰੂਲਾ, ਪ੍ਰਿਤਪਾਲ ਸਿੰਘ, ਡਾ. ਜਸਬੀਰ ਸਿੰਘ ਸਾਬਰ, ਡਾ. ਹਰਚੰਦ ਸਿੰਘ ਬੇਦੀ, ਬਾਈ ਅਮਰਜੀਤ ਸਿੰਘ ਆਦਿ ਲੇਖਕਾਂ ਬਾਰੇ ਡੂੰਘਾਈ ਨਾਲ ਚਰਚਾ ਕੀਤਾ ਗਿਆ ਹੈ। ਲੇਖਕ ਨੇ ਪੁਸਤਕ ਆਪਣੀ ਪਤਨੀ ਕੁਲਦੀਪ ਕੌਰ ਢਿੱਲੋਂ ਨੂੰ ਸਮਰਪਿਤ ਕੀਤੀ ਹੈ। ਉੱਘਾ ਕਹਾਣੀਕਾਰ ਦੀਪ ਦੇਵਿੰਦਰ ਸਿੰਘ ਲਿਖਦਾ ਹੈ, ਮਨਮੋਹਨ ਸਿੰਘ ਢਿੱਲੋਂ ਸਾਊ ਬੰਦਾ, ਸਾਹਮਣੇ ਵਾਲੇ ਨੂੰ ਚੁੱਪ-ਚਾਪ ਸੁਣਨ ਵਾਲਾ। ਚੰਗੇ ਦਾ ਚੰਗਾ ਸੁਣਿਆ ਉਹ ਕਦੀ ਵੀ ਅਜਾਈਂ ਨਹੀਂ ਗਵਾਉਂਦਾ, ਸਗੋਂ ਸੁਣੇ ਨੂੰ ਪਰਖਦਾ, ਪੜਚੋਲਦਾ ਅਤੇ ਰੰਗਾਲਦਾ ਹੈ। ਇਸੇ ਪਰਖ-ਪੜਚੋਲ 'ਚੋਂ ਢਿੱਲੋਂ ਦੀ ਵਿਕਾਸ ਮੁਖੀ ਕਲਮ ਪਾਠਕਾਂ ਲਈ ਕੋਈ ਨਾ ਕੋਈ ਪੁਖਤਾ ਰਚਨਾ ਸਿਰਜਦੀ ਹੈ, ਉਹ ਭਾਵੇਂ ਮਿਡਲ ਹੋਵੇ, ਭਾਵੇਂ ਰੇਖਾ ਚਿੱਤਰ, ਭਾਵੇਂ ਸਫ਼ਰਨਾਮਾ ਤੇ ਭਾਵੇਂ ਕੋਈ ਸਾਹਿਤਕ ਖ਼ਬਰ ਦਾ ਹਿੱਸਾ ਹੋਵੇ। ਹਥਲੀ ਪੁਸਤਕ "ਕਲਮਾਂ ਜੋ ਸਿਰਨਾਵਾਂ ਬਣੀਆਂ" ਬੇਸ਼ੱਕ ਮਨਮੋਹਨ ਸਿੰਘ ਢਿੱਲੋਂ ਦੇ ਮੁਹੱਬਤੀ ਮਿੱਤਰਾਂ ਦੀ ਢਾਣੀ ਦੇ ਕਲਮੀਂ ਸਫ਼ਰ ਦੀ ਗਾਥਾ ਹੈ, ਫਿਰ ਵੀ ਉਹ ਸਮੁੱਚੀ ਪੁਸਤਕ ਵਿਚ ਕਿਧਰੇ ਵੀ ਯਾਰਾਂ ਪ੍ਰਤੀ ਉਲਾਰ ਨਹੀਂ ਹੁੰਦਾ, ਸਗੋਂ ਸ਼ਬਦਾਂ ਦੀ ਮਰਿਯਾਦਾ ਅਤੇ ਲੇਖਕ ਧਰਮ ਨਿਭਾਉਂਦਿਆਂ ਸਾਹਿਤਕ ਕਸਵੱਟੀ 'ਤੇ ਖਰਾ ਉਤਰਦਾ ਹੈ।

ਸਫ਼ਾ 1 ਦਾ ਬਾਕੀ

## ਟਰੰਪ ਦੀ ਨਵੀਂ ਕੈਬਨਿਟ 'ਚ ਹਰਮੀਤ ਢਿੱਲੋਂ ਸਹਾਇਕ ਅਟਾਰਨੀ ਜਨਰਲ...

ਰਾਸ਼ਟਰਪਤੀ ਟਰੰਪ ਦੁਆਰਾ ਨਾਮਜ਼ਦ ਕੀਤੇ ਜਾਣ 'ਤੇ ਮੈਂ ਬਹੁਤ ਮਾਣ ਮਹਿਸੂਸ ਕਰ ਰਹੀ ਹਾਂ। ਮੈਂ ਇਸ ਦਾ ਸਿਹਰਾ ਆਪਣੀ ਮਾਂ, ਭਰਾ ਅਤੇ ਪਿਤਾ ਤੇਜਪਾਲ ਅਤੇ ਪਤੀ ਸਰਵ ਦੇ ਅਟੁੱਟ ਸਮਰਥਨ ਨੂੰ ਦਿੰਦਾ ਹਾਂ, ਜੋ ਹੁਣ ਸਾਡੇ ਵਿਚ ਨਹੀਂ ਹਨ। ਮੈਨੂੰ ਉਮੀਦ ਹੈ ਕਿ ਪ੍ਰਮਾਤਮਾ ਦੀ ਕਿਰਪਾ ਨਾਲ ਮੈਂ ਉਨ੍ਹਾਂ ਦੀ ਵਿਰਾਸਤ ਦਾ ਸਨਮਾਨ ਕਰਾਂਗੀ। ਹਰਮੀਤ ਢਿੱਲੋਂ ਹੁਣ ਚੌਥੇ ਭਾਰਤੀ-ਅਮਰੀਕੀ ਹਨ, ਜਿਨ੍ਹਾਂ ਨੂੰ ਟਰੰਪ 2.0 ਕੈਬਨਿਟ ਵਿਚ ਅਹਿਮ ਅਹੁਦਿਆਂ ਲਈ ਨਾਮਜ਼ਦ ਕੀਤਾ ਗਿਆ ਹੈ। ਉਨ੍ਹਾਂ ਤੋਂ ਪਹਿਲਾਂ ਜੈ ਭੱਟਾਚਾਰੀਆ (ਨੈਸ਼ਨਲ ਇੰਸਟੀਚਿਊਟ ਆਫ਼ ਹੈਲਥ), ਵਿਵੇਕ ਰਾਮਾਸਵਾਮੀ (ਸਰਕਾਰੀ ਕਾਰਜਕੁਸ਼ਲਤਾ ਵਿਭਾਗ) ਅਤੇ ਕਸ਼ਯਪ 'ਕਸ਼' ਪਟੇਲ (ਐੱਫ.ਬੀ.ਆਈ. ਡਾਇਰੈਕਟਰ) ਨੂੰ ਨਾਮਜ਼ਦ ਕੀਤਾ ਗਿਆ ਹੈ।

ਸਫ਼ਾ 1 ਦਾ ਬਾਕੀ

## ਪੰਜਾਬ 'ਚ ਨਗਰ ਨਿਗਮਾਂ ਤੇ ਕੌਂਸਲਾਂ ਲਈ ਚੋਣਾਂ 21 ਦਸੰਬਰ ਨੂੰ...

ਇਨ੍ਹਾਂ ਚੋਣਾਂ ਵਿਚ ਕੁੱਲ 37,32,636 ਵੋਟਰ ਆਪਣੇ ਹੱਕ ਦਾ ਇਸਤੇਮਾਲ ਕਰ ਸਕਣਗੇ, ਜਿਨ੍ਹਾਂ ਵਿਚ 19,55,888 ਪੁਰਸ਼, 17,76,544 ਮਹਿਲਾਵਾਂ ਅਤੇ 204 ਹੋਰ ਸ਼ਾਮਲ ਹਨ।

ਵੇਰਵਿਆਂ ਅਨੁਸਾਰ 21 ਦਸੰਬਰ ਨੂੰ ਨਗਰ ਨਿਗਮ ਪਟਿਆਲਾ, ਲੁਧਿਆਣਾ, ਫਗਵਾੜਾ, ਜਲੰਧਰ ਅਤੇ ਅੰਮ੍ਰਿਤਸਰ ਤੋਂ ਇਲਾਵਾ 44 ਨਗਰ ਕੌਂਸਲਾਂ/ਨਗਰ ਪੰਚਾਇਤਾਂ ਲਈ ਵੋਟਾਂ ਪੈਣਗੀਆਂ। ਵੱਖ-ਵੱਖ ਨਿਗਮਾਂ ਤੇ ਕੌਂਸਲਾਂ ਦੇ ਕਰੀਬ 49 ਵਾਰਡਾਂ 'ਤੇ ਉਪ ਚੋਣ ਵੀ ਹੋਣੀ ਹੈ। ਚੋਣ ਕਮਿਸ਼ਨ ਨੇ ਦੱਸਿਆ ਕਿ ਨਗਰ ਨਿਗਮਾਂ ਦੇ 381 ਵਾਰਡਾਂ ਅਤੇ ਨਗਰ ਕੌਂਸਲਾਂ/ਨਗਰ ਪੰਚਾਇਤਾਂ ਦੇ 598 ਵਾਰਡਾਂ ਲਈ ਵੋਟਿੰਗ ਕਰਵਾਈ ਜਾਵੇਗੀ। ਇਨ੍ਹਾਂ ਚੋਣਾਂ ਵਿਚ 23 ਹਜ਼ਾਰ ਅਧਿਕਾਰੀ ਤੇ ਮੁਲਾਜ਼ਮ ਚੋਣ ਅਮਲੇ ਵਜੋਂ ਤਾਇਨਾਤ ਕੀਤੇ ਜਾਣਗੇ ਅਤੇ 25 ਆਈ.ਏ.ਐੱਸ./ ਪੀ.ਸੀ.ਐੱਸ. ਅਫ਼ਸਰਾਂ ਨੂੰ ਜਨਰਲ ਨਿਗਰਾਨ ਵਜੋਂ ਨਿਯੁਕਤ ਕੀਤਾ ਜਾਵੇਗਾ।

ਚੋਣ ਪ੍ਰੋਗਰਾਮ ਅਨੁਸਾਰ 9 ਦਸੰਬਰ ਤੋਂ ਰਿਟਰਨਿੰਗ ਅਫ਼ਸਰਾਂ ਕੋਲ ਨਾਮਜ਼ਦਗੀ ਪੱਤਰ ਦਾਖਲ ਕਰਨ ਦਾ ਅਮਲ ਸ਼ੁਰੂ ਹੋ ਗਿਆ ਹੈ। ਕਾਗਜ਼ ਦਾਖਲ ਕਰਨ ਦੀ ਆਖ਼ਰੀ ਮਿਤੀ 12 ਦਸੰਬਰ ਹੈ। ਕਾਗਜ਼ਾਂ ਦੀ ਪੜਤਾਲ 13 ਦਸੰਬਰ ਨੂੰ ਹੋਵੇਗੀ ਅਤੇ ਉਮੀਦਵਾਰ ਆਪਣੇ ਨਾਮਜ਼ਦਗੀ ਪੱਤਰ 14 ਦਸੰਬਰ ਨੂੰ ਵਾਪਸ ਲੈ ਸਕਣਗੇ। ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ 8 ਹਫ਼ਤਿਆਂ ਅੰਦਰ ਚੋਣ ਪ੍ਰਕਿਰਿਆ ਨੇਪਰੇ ਚਾੜ੍ਹਨ ਦੇ ਆਦੇਸ਼ ਜਾਰੀ ਕੀਤੇ ਸਨ। ਉਪਰੋਕਤ ਨਿਗਮਾਂ ਦੀ ਮਿਆਦ ਜਨਵਰੀ 2023 ਤੋਂ ਮਾਰਚ 2023 ਦੇ ਦਰਮਿਆਨ ਖ਼ਤਮ ਹੋ ਗਈ ਸੀ। ਚੋਣ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਚੋਣਾਂ ਦੀ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾਂ 7 ਦਸੰਬਰ ਨੂੰ ਕੀਤੀ ਜਾ ਚੁੱਕੀ ਹੈ, ਜੋ ਸਬੰਧਤ ਐੱਸ.ਡੀ.ਐੱਮਜ਼ ਕੋਲ ਉਪਲੱਬਧ ਹੈ। ਚੋਣ ਕਮਿਸ਼ਨਰ ਚੌਧਰੀ ਨੇ ਦੱਸਿਆ ਕਿ ਇਨ੍ਹਾਂ ਚੋਣਾਂ ਲਈ ਵਿਆਪਕ ਸੁਰੱਖਿਆ ਯੋਜਨਾ ਤਿਆਰ ਕੀਤੀ ਗਈ ਹੈ। ਵੋਟਾਂ ਲਈ ਕੁੱਲ 1609 ਪੋਲਿੰਗ ਸਟੇਸ਼ਨ ਬਣਾਏ ਗਏ ਹਨ, ਜਿਨ੍ਹਾਂ ਵਿਚ 3809 ਪੋਲਿੰਗ ਬੂਥ ਹਨ। ਇਨ੍ਹਾਂ 'ਚੋਂ 344 ਪੋਲਿੰਗ ਸਟੇਸ਼ਨਾਂ ਦੀ ਪਛਾਣ ਅਤਿ-ਸੰਵੇਦਨਸ਼ੀਲ ਅਤੇ 665 ਪੋਲਿੰਗ ਸਥਾਨਾਂ ਦੀ ਪਛਾਣ ਸੰਵੇਦਨਸ਼ੀਲ ਵਜੋਂ ਕੀਤੀ ਗਈ ਹੈ। ਅਤਿ-ਸੰਵੇਦਨਸ਼ੀਲ ਪੋਲਿੰਗ ਸਟੇਸ਼ਨਾਂ ਨੂੰ 1 ਐੱਚ.ਸੀ. ਅਤੇ 1 ਸੀ ਦੀ ਵਾਧੂ ਫੋਰਸ ਪ੍ਰਦਾਨ ਕੀਤੀ ਜਾਵੇਗੀ ਅਤੇ ਇਨ੍ਹਾਂ ਖੇਤਰਾਂ ਨੂੰ ਮੋਬਾਈਲ ਗਸ਼ਤ ਦੁਆਰਾ ਵੀ ਕਵਰ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਲੋੜੀਂਦੀ ਗਿਣਤੀ 'ਚ ਪਲਟੂਨਾਂ ਨੂੰ ਰਾਖਵਾਂ ਰੱਖਿਆ ਗਿਆ ਹੈ। ਵੋਟਾਂ ਵਾਲੇ ਜ਼ਿਲ੍ਹਿਆਂ ਵਿਚ ਪੁਲਿਸ ਦੇ 21,500 ਜਵਾਨ ਅਤੇ ਹੋਮ ਗਾਰਡ ਜਵਾਨਾਂ ਨੂੰ ਤਾਇਨਾਤ ਕੀਤਾ ਜਾਵੇਗਾ। ਸਿੰਗਲ ਪੋਲਿੰਗ ਸਟੇਸ਼ਨ ਲਈ 3 ਮੁਲਾਜ਼ਮ ਅਤੇ ਡਬਲ ਪੋਲਿੰਗ ਸਟੇਸ਼ਨ ਲਈ 4 ਮੁਲਾਜ਼ਮ ਤਾਇਨਾਤ ਕੀਤੇ ਜਾਣਗੇ। ਇਸੇ ਤਰ੍ਹਾਂ ਤੀਹਰੇ ਪੋਲਿੰਗ ਸਟੇਸ਼ਨ ਲਈ 5 ਮੁਲਾਜ਼ਮ ਅਤੇ ਕੁਆਡ ਪੋਲਿੰਗ ਸਟੇਸ਼ਨ ਲਈ 6 ਮੁਲਾਜ਼ਮ ਤਾਇਨਾਤ ਕੀਤੇ ਜਾਣਗੇ।

ਸਫ਼ਾ 1 ਦਾ ਬਾਕੀ

## ਧਾਰਮਿਕ ਪ੍ਰਚਾਰਕ ਢੱਡਰੀਆਂ ਵਾਲੇ...

ਉਨ੍ਹਾਂ ਕਿਹਾ ਕਿ ਹੁਣ ਪਰਚਾ ਦਰਜ ਹੋਣ ਤੋਂ ਬਾਅਦ ਪੁਲਿਸ ਪ੍ਰਸ਼ਾਸਨ ਸਾਰੇ ਮਾਮਲੇ ਦੀ ਜਾਂਚ ਕਰੇਗਾ। ਬੇਸ਼ੱਕ ਪੁਲਿਸ ਗੁਰਦੁਆਰਾ ਸਾਹਿਬ ਆ ਕੇ ਜਾਂਚ ਕਰੇ ਤੇ ਇਸ ਮਾਮਲੇ ਸਬੰਧੀ ਜਿੱਥੇ ਵੀ ਮੈਨੂੰ ਬੁਲਾਇਆ ਜਾਵੇਗਾ, ਮੈਂ ਜਾਵਾਂਗਾ ਅਤੇ ਜਾਂਚ ਵਿਚ ਗੁਰਦੁਆਰਾ ਪਰਮੇਸ਼ਵਰ ਦੁਆਰ ਦਾ ਸਮੂਹ ਜੱਥਾ ਵੀ ਸਹਿਯੋਗ ਦੇਵੇਗਾ।

ਭਾਈ ਰਣਜੀਤ ਸਿੰਘ ਨੇ ਦਾਅਵਾ ਕੀਤਾ ਕਿ ਇਸ ਮਾਮਲੇ ਵਿਚ ਉਨ੍ਹਾਂ ਦਾ ਰੱਤੀ ਭਰ ਵੀ ਕਸੂਰ ਨਹੀਂ ਨਿਕਲੇਗਾ। ਉਨ੍ਹਾਂ ਕਿਹਾ ਕਿ ਪੋਸਟ ਮਾਰਟਮ ਰਿਪੋਰਟ ਵਿਚ ਕੋਈ ਵੀ ਬਲਾਤਕਾਰ ਸਬੰਧੀ ਗੱਲ ਨਹੀਂ ਆਈ ਸੀ, ਪਰ ਪਰਿਵਾਰ ਦੇ ਮਨ ਅੰਦਰ ਸ਼ੱਕ ਹੈ ਕਿ ਕਿਤੇ ਉਨ੍ਹਾਂ ਦੀ ਬੱਚੀ ਨਾਲ ਅਜਿਹੀ ਕੋਈ ਘਿਨੌਣੀ ਵਾਰਦਾਤ ਤਾਂ ਨਹੀਂ ਵਾਪਰੀ। ਉਨ੍ਹਾਂ ਕਿਹਾ ਕਿ ਚੰਗੀ ਗੱਲ ਹੈ ਕਿ ਇਸ ਮਾਮਲੇ ਦੀ ਜਾਂਚ ਹੋਵੇ, ਪਰ ਹੈਰਾਨੀ ਜ਼ਰੂਰ ਹੈ ਕਿ ਉਨ੍ਹਾਂ 'ਤੇ ਇੱਕਦਮ ਪਰਚਾ ਦਰਜ ਕਰ ਦਿੱਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਮਾਮਲੇ ਸਬੰਧੀ ਕੁਝ ਦਿਨ ਜਾਂ ਕੁਝ ਮਹੀਨੇ ਇੰਤਜ਼ਾਰ ਕਰਨਾ ਪੈ ਸਕਦਾ ਹੈ, ਪਰ ਸੱਚ ਆਪਣੇ-ਆਪ ਸਾਹਮਣੇ ਆ ਜਾਵੇਗਾ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਮਾਣਯੋਗ ਅਦਾਲਤ ਤੇ ਪੁਲਿਸ 'ਤੇ ਪੂਰਾ ਭਰੋਸਾ ਹੈ ਅਤੇ ਗੁਰੂ ਸਾਹਿਬ ਦੀ ਕ੍ਰਿਪਾ ਸਦਕਾ ਸੱਚਾਈ ਸਾਹਮਣੇ ਆਵੇਗੀ ਅਤੇ ਅਸੀਂ ਬੇਕਸੂਰ ਸਾਬਿਤ ਹੋਵਾਂਗੇ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਉਹ ਬਿਲਕੁਲ ਜ਼ਾਬਤੇ 'ਚ ਰਹਿਣ ਤੇ ਆਪਣਾ ਮਨ ਬਿਲਕੁਲ ਸ਼ਾਂਤ ਰੱਖਣ ਅਤੇ ਕੁਝ ਦਿਨ ਬਾਅਦ ਸੱਚਾਈ ਸਾਹਮਣੇ ਆ ਜਾਵੇਗੀ।

ਜ਼ਿਕਰਯੋਗ ਹੈ ਕਿ ਗੁਰਦੁਆਰਾ ਪਰਮੇਸ਼ਰ ਦੁਆਰ ਵਿਖੇ 12 ਸਾਲ ਪਹਿਲਾਂ ਲੜਕੀ ਦੀ ਭੇਤ-ਭਰੀ ਹਾਲਤ 'ਚ ਮੌਤ ਸਬੰਧੀ ਧਾਰਮਿਕ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂ ਖ਼ਿਲਾਫ਼ ਪਟਿਆਲਾ ਦੇ ਥਾਣਾ ਪਸਿਆਣਾ 'ਚ ਕਤਲ ਅਤੇ ਜਬਰ ਜਨਾਹ ਦੇ ਦੋਸ਼ਾਂ ਹੇਠ ਕੇਸ ਦਰਜ ਕੀਤਾ ਗਿਆ ਹੈ। ਇਹ ਕੇਸ ਹਰਿਆਣਾ ਦੇ ਕੈਥਲ ਵਾਸੀ ਸਾਹਿਬ ਸਿੰਘ ਨੇ ਬਿਆਨ 'ਤੇ ਦਰਜ ਕੀਤਾ ਗਿਆ ਹੈ। ਉਸ ਨੇ ਬਿਆਨ 'ਚ ਕਿਹਾ ਕਿ ਉਸ ਦੀ ਭੈਣ, ਮਾਂ ਨਾਲ ਗੁਰਦੁਆਰਾ ਪਰਮੇਸ਼ਰ ਦੁਆਰ ਜਾਂਦੀ ਸੀ ਤੇ ਕਈ ਵਾਰ ਉਥੇ ਹੀ ਰਹਿ ਜਾਂਦੀ ਸੀ। ਉਸ ਨੇ ਕਿਹਾ ਕਿ ਇਸ ਦੌਰਾਨ ਹੀ ਉਸ ਦੇ ਬਾਬੇ ਨਾਲ ਕਥਿਤ ਸਬੰਧ ਬਣ ਗਏ। ਉਹ ਜਦੋਂ ਕਥਿਤ ਤੌਰ 'ਤੇ ਗਰਭਵਤੀ ਹੋ ਗਈ ਸੀ, ਤਾਂ ਉਸ ਨੇ ਬਾਬੇ ਨਾਲ ਗੱਲ ਕੀਤੀ ਪਰ ਉਸ ਨੂੰ ਕਥਿਤ ਤੌਰ 'ਤੇ ਜ਼ਹਿਰ ਦੇ ਕੇ ਮਾਰ ਦਿੱਤਾ ਗਿਆ।

# ਐੱਮ.ਐੱਸ.ਪੀ. ਦਾ ਫਾਇਦਾ ਸਾਰੇ ਪੰਜਾਬੀਆਂ ਨੂੰ

ਡਾ. ਅਮਨਪ੍ਰੀਤ ਸਿੰਘ ਬਰਾੜ
96537-90000
ਪੰਜਾਬ ਮੇਲ USA



ਜਦੋਂ ਵੀ ਕਿਤੇ ਕਿਸਾਨ ਸੰਗਠਨਾਂ ਨੇ ਐੱਮ.ਐੱਸ.ਪੀ. ਦਾ ਮੁੱਦਾ ਚੱਕਿਆ ਹੈ, ਸਾਡੇ ਕੁੱਝ ਅਰਥ ਸ਼ਾਸਤਰੀਆਂ ਨੇ ਕਿਸਾਨਾਂ ਦੇ ਉਲਟ ਭੁਗਤਣ ਤੋਂ ਗੁਰੇਜ਼ ਨਹੀਂ ਕੀਤਾ ਅਤੇ ਸੰਗਠਨਾਂ ਨੂੰ ਛੋਟੇ-ਵੱਡੇ ਕਿਸਾਨਾਂ ਵਿਚ ਵੰਡਣ ਦਾ ਯਤਨ ਕੀਤਾ ਹੈ। ਤਰਕ ਇਹ ਦਿੱਤਾ ਜਾਂਦਾ ਹੈ ਕਿ ਸੂਬੇ (ਪੰਜਾਬ) ਵਿਚ 86 ਫੀਸਦੀ ਕਿਸਾਨ ਬਹੁਤ ਛੋਟੇ ਹਨ, ਜਿਨ੍ਹਾਂ ਦਾ ਆਪਣਾ ਹੀ ਗੁਜ਼ਾਰਾ ਨਹੀਂ ਹੁੰਦਾ ਅਤੇ ਉਨ੍ਹਾਂ ਕੋਲ ਮੰਡੀ ਵਿਚ ਵੇਚਣ ਲਈ ਕੁਝ ਵੀ ਨਹੀਂ। ਇਸੇ ਤਰ੍ਹਾਂ ਸਬਸਿਡੀ ਦੀ ਗੱਲ ਆਉਂਦੀ ਹੈ, ਤਾਂ ਉਦੋਂ ਵੀ ਇਹੋ ਤਰਕ ਦਿੱਤਾ ਜਾਂਦਾ ਹੈ ਕਿ ਸਬਸਿਡੀ ਤਾਂ ਵੱਡੇ ਕਿਸਾਨ ਹੀ ਖਾਈ ਜਾਂਦੇ ਹਨ, ਛੋਟਿਆਂ ਨੂੰ ਇਸ ਦਾ ਲਾਭ ਨਹੀਂ ਹੁੰਦਾ, ਸ਼ਹਿਰੀ ਅਰਥ ਸ਼ਾਸਤਰੀ ਜਿਨ੍ਹਾਂ ਨੂੰ ਪਿੰਡਾਂ ਵਿਚਲੀ ਅਸਲ ਸਥਿਤੀ ਦਾ ਪਤਾ ਨਹੀਂ ਹੁੰਦਾ, ਉਨ੍ਹਾਂ ਨੇ ਤਾਂ ਕਾਰਪੋਰੇਟ ਅਤੇ ਸਰਕਾਰ ਦਾ ਪੱਖ ਪੂਰਨ ਲਈ ਇਹੋ ਜਿਹਾ ਪ੍ਰਚਾਰ ਕਰਨਾ ਹੀ ਹੈ ਪਰ ਅਫਸੋਸ ਉਦੋਂ ਹੁੰਦਾ ਹੈ ਕਿ ਜਦੋਂ ਕਿਸਾਨ ਪਰਿਵਾਰਾਂ ਅਤੇ ਪਿੰਡਾਂ ਵਿਚੋਂ ਉੱਠ ਕੇ ਆਏ ਆਪਣੇ ਆਪ ਨੂੰ ਕਿਸਾਨ ਹਿਤੈਸ਼ੀ ਕਹਾਉਣ ਵਾਲੇ ਅਰਥ ਸ਼ਾਸਤਰੀ ਵੀ ਇਹੋ ਜਿਹੀਆਂ ਹੈਰਾਨ ਕਰਨ ਵਾਲੀਆਂ ਗੱਲਾਂ ਕਰਦੇ ਹਨ।

ਜਿਥੋਂ ਤੱਕ ਵੱਡੇ ਕਿਸਾਨਾਂ ਦੀ ਗੱਲ ਹੈ ਕਾਨੂੰਨ ਦੇ ਹਿਸਾਬ ਨਾਲ ਪੰਜਾਬ ਵਿਚ ਕੋਈ ਵੱਡਾ ਕਿਸਾਨ ਹੈ ਹੀ ਨਹੀਂ ਕਿਉਂਕਿ ਪੰਜਾਬ ਵਿਚ ਦੋ ਵਾਰ ਲੈਂਡ ਸੀਲਿੰਗ ਐਕਟ ਬਣਾਇਆ ਗਿਆ ਅਤੇ ਲਾਗੂ ਕੀਤਾ ਗਿਆ। ਪਹਿਲਾ ਲੈਂਡ ਸੀਲਿੰਗ ਐਕਟ ਸੰਨ 1953 ਵਿਚ ਬਣਾਇਆ ਗਿਆ, ਜਿਸ ਮੁਤਾਬਕ ਕੋਈ ਵੀ ਕਿਸਾਨ ਸਾਲ ਵਿਚ ਦੋ ਫਸਲਾਂ ਉਗਾਉਣ ਵਾਲੀ ਜ਼ਮੀਨ 12 ਹੈਕਟੇਅਰ ਤੋਂ ਵੱਧ ਨਹੀਂ ਰੱਖ ਸਕਦਾ। ਫਿਰ ਜਦੋਂ 1965-66 ਵਿਚ ਪੰਜਾਬ ਵਿਚ ਹਰੀ ਕ੍ਰਾਂਤੀ ਨੇ ਜਨਮ ਲਿਆ ਅਤੇ ਜਵਾਨੀ ਵੱਲ ਵੱਧਣ ਲੱਗੀ, ਤਾਂ 1972 ਵਿਚ ਫਿਰ ਇਕ ਕਾਨੂੰਨ ਲਿਆਂਦਾ, ਜਿਸ ਮੁਤਾਬਕ ਜ਼ਮੀਨ ਦੀ ਹੱਦ 12 ਹੈਕਟੇਅਰ ਤੋਂ ਘਟਾ ਕਿ 7 ਹੈਕਟੇਅਰ ਪ੍ਰਤੀ ਪਰਿਵਾਰ ਮਿੱਥ ਦਿੱਤੀ ਗਈ। ਅੱਜ ਉਹ ਕਾਨੂੰਨ ਲਾਗੂ ਹੋਏ ਨੂੰ 51 ਸਾਲ ਹੋ ਗਏ ਹਨ, ਭਾਵ ਦੋ ਪੀੜ੍ਹੀਆਂ ਲੰਘ ਗਈਆਂ ਹਨ। ਇਹੋ ਜਿਹੇ ਹਾਲਾਤਾਂ ਵਿਚ ਵੱਡੇ ਕਿਸਾਨ ਕਿੰਨੇ ਅਤੇ ਕਿੱਥੇ ਰਹਿ ਗਏ। ਜਿਹੜੇ ਨਜ਼ਰ ਆਉਂਦੇ ਹਨ, ਉਹ ਕਿਸਾਨ ਨਹੀਂ ਸਿਆਸਤਦਾਨ ਅਤੇ ਕਾਰੋਬਾਰੀ ਹਨ।

ਹੁਣ ਗੱਲ ਕਰਦੇ ਹਾਂ, ਛੋਟੇ-ਵੱਡੇ ਕਿਸਾਨ ਕਿਹਨਾਂ ਅੰਕੜਿਆਂ ਅਨੁਸਾਰ ਵੰਡੇ ਜਾਂਦੇ ਹਨ, 1.0 ਹੈਕਟੇਅਰ ਤੋਂ ਘੱਟ ਬਹੁਤ ਛੋਟਾ ਜੋ ਕਿਸਾਨ ਹਾਸ਼ੀਏ 'ਤੇ ਹੈ। ਇੱਕ ਤੋਂ 2 ਹੈਕਟੇਅਰ ਵਾਲੇ ਛੋਟਾ ਕਿਸਾਨ; 2-4 ਹੈਕ: ਛੋਟਾ ਮੱਧ ਵਰਗ, 4 ਤੋਂ 10 ਹੈਕ: ਮੱਧ ਵਰਗ ਅਤੇ 10 ਹੈਕਟੇਅਰ ਤੋਂ ਵੱਧ ਵਾਲਾ ਵੱਡਾ ਕਿਸਾਨ। ਇਹ ਵੰਡ ਪ੍ਰਤੀ ਜੋਤਾਂ ਦੀ ਹੈ ਯਾਨੀ ਤਕਰੀਬਨ ਐਨੇ ਪਰਿਵਾਰ ਸਾਂਝੀ ਵਾਹੀ ਕਰਦੇ ਹਨ। ਇਕ ਫਾਰਮ ਦੇ ਕਈ ਹਿੱਸੇਦਾਰ ਵੀ ਹੋ ਸਕਦੇ ਹਨ। ਮੇਰਾ ਕਹਿਣ ਦਾ ਭਾਵ ਹੈ, ਜਿਹੜਾ 10 ਹੈਕਟੇਅਰ ਤੋਂ ਵੱਧ ਵਾਲਾ ਫਾਰਮ ਹੈ, ਉਸ ਦੇ ਹਿੱਸੇਦਾਰ ਇਕ ਤੋਂ ਵੱਧ ਵੀ ਹੋ ਸਕਦੇ ਹਨ। ਹੁਣ ਗੱਲ ਆਉਂਦੀ ਹੈ, ਉਪਰੋਕਤ ਵੰਡ ਦੇ ਹਿਸਾਬ ਨਾਲ ਕਿੰਨੇ ਪ੍ਰਤੀਸ਼ਤ ਕਿਸਾਨ ਕਿਸ ਸ਼੍ਰੇਣੀ ਵਿਚ ਆਉਂਦੇ ਹਨ ਅਤੇ ਉਸ ਸ਼੍ਰੇਣੀ ਵਿਚ ਕਿੰਨੇ ਪ੍ਰਤੀਸ਼ਤ ਜ਼ਮੀਨ ਆਉਂਦੀ ਹੈ।

ਸਾਰਣੀ ਵਿਚ ਜੋ ਅੰਕੜੇ ਦਿੱਤੇ ਗਏ ਹਨ, ਉਨ੍ਹਾਂ ਮੁਤਾਬਕ ਇਕ ਲੱਖ ਚਰਵੰਜਾ ਹਜ਼ਾਰ ਕਿਸਾਨ ਉਹ ਹਨ, ਜਿਨ੍ਹਾਂ ਕੋਲ ਜ਼ਮੀਨ ਢਾਈ ਏਕੜ ਤੋਂ ਘੱਟ ਹੈ, ਜੋ ਹਰੇਕ ਕਿਸਾਨ ਕੋਲ ਔਸਤ ਸਵਾ ਏਕੜ ਆਉਂਦੀ ਹੈ। ਆਪਾਂ ਇਹ ਮੰਨ ਸਕਦੇ ਹਾਂ ਕਿ ਇਹ ਕਿਸਾਨ ਜੋ ਵੀ ਬੀਜਦਾ ਹੈ, ਉਹ ਉੱਪਜ ਘਰ ਵਿਚ ਹੀ ਖਪਤ ਹੋ ਜਾਂਦੀ ਹੈ ਪਰ ਅਕਸਰ ਅਮਲੀ ਤੌਰ 'ਤੇ ਇਸ ਤਰ੍ਹਾਂ ਹੁੰਦਾ ਨਹੀਂ। ਕਿਸਾਨ ਆਪਣੀ ਆਮਦਨ ਵਧਾਉਣ ਲਈ ਜਾਂ ਡੇਅਰੀ ਦਾ ਧੰਦਾ ਸ਼ੁਰੂ ਕਰੇਗਾ ਜਾਂ ਸਬਜ਼ੀਆਂ ਬੀਜੇਗਾ, ਦੋਨੋਂ ਪਾਸੇ ਹੀ ਉਸ ਨੂੰ ਘਰੇਲੂ ਜ਼ਰੂਰਤਾਂ ਪੂਰੀਆਂ ਕਰਨ ਲਈ ਮੰਡੀ ਵਿਚ ਕੁਝ ਨਾ ਕੁਝ ਵੇਚਣਾ ਹੀ ਪੈਣਾ ਹੈ, ਭਾਵੇਂ ਦੁੱਧ ਵੇਚੇ ਭਾਵੇਂ ਸਬਜ਼ੀ/ ਸ਼ਹਿਦ ਆਦਿ। ਹਰ ਵਸਤੂ ਲਈ ਵਾਜਬ ਭਾਅ ਮਿਲਣਾ ਚਾਹੀਦਾ ਹੈ, ਜਿਸਨੂੰ ਐੱਮ.ਐੱਸ.ਪੀ. ਕਹਿੰਦੇ ਹਨ। ਪੰਜਾਬ ਵਿਚ ਤਕਰੀਬਨ 74 ਲੱਖ ਬਿਜਲੀ ਦੇ ਕੁਨੈਕਸ਼ਨ ਹਨ ਅਤੇ 40.68 ਲੱਖ ਪਰਿਵਾਰਾਂ ਨੂੰ ਸਸਤਾ/ ਮੁਫਤ ਰਾਸ਼ਨ ਮਿਲਦਾ ਹੈ, ਜਿਸ ਵਿਚ ਉਪਰੋਕਤ ਪਰਿਵਾਰ ਵੀ ਆਉਂਦੇ ਹਨ। ਜੇ ਖਾਣ ਨੂੰ ਅਨਾਜ ਮੁਫਤ ਜਾਂ ਸਸਤਾ ਮਿਲ ਗਿਆ, ਤਾਂ ਜੋ ਖੇਤ ਵਿਚੋਂ ਪੈਦਾ ਕੀਤਾ, ਉਸ ਦਾ ਬਹੁਤਾ ਹਿੱਸਾ ਮੰਡੀ ਵਿਚ ਹੀ ਵੇਚਿਆ ਜਾਵੇਗਾ।

ਇਸ ਤੋਂ ਉਪਰ ਦੋ ਲੱਖ ਸੱਤ ਹਜ਼ਾਰ ਪਰਿਵਾਰ ਇਹੋ ਜਿਹੇ ਹਨ, ਜਿਹੜੇ 2.5 ਏਕੜ ਤੋਂ 5 ਏਕੜ ਤੱਕ ਜ਼ਮੀਨ ਦੀ ਵਾਹੀ ਕਰਦੇ ਹਨ। ਇਨ੍ਹਾਂ ਵਿਚੋਂ ਹੀ ਕੁਝ ਪਰਿਵਾਰ ਇਹੋ ਜਿਹੇ ਹਨ, ਜਿਹੜੇ ਕੁੱਝ ਜ਼ਮੀਨ ਹਿੱਸੇ-ਠੇਕੇ ਤੋਂ ਲੈ ਕੇ ਵਾਹੁੰਦੇ ਹਨ। ਇਨ੍ਹਾਂ ਵਿਚੋਂ ਬਹੁਤਿਆਂ ਕੋਲ ਮੰਡੀ ਵਿਚ ਵੇਚਣ ਲਈ ਕਣਕ-ਝੋਨਾ ਵੀ ਹੈ, ਜਿਸ ਦਾ ਪ੍ਰਮਾਣ ਇਸ ਗੱਲ ਤੋਂ ਮਿਲਦਾ ਹੈ ਕਿ ਕੇਂਦਰ ਸਰਕਾਰ ਦੀ ਕਿਸਾਨ ਸਮਾਨ ਨਿੱਧੀ ਸਕੀਮ ਜਿਸ ਤਹਿਤ ਹਰ ਚਾਰ ਮਹੀਨੇ ਬਾਦ ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨ ਦੇ ਖਾਤੇ ਵਿਚ 2000 ਰੁਪਏ ਪਾਏ ਜਾਂਦੇ ਹਨ। ਜਿਹੜੀ ਪਹਿਲੀ ਕਿਸ਼ਤ ਪੰਜਾਬ ਵਿਚ ਦਿੱਤੀ ਗਈ ਸੀ, ਉਹ 17.07 ਲੱਖ ਕਿਸਾਨਾਂ ਨੂੰ ਦਿੱਤੀ ਗਈ। ਜਿਸਦਾ ਮਤਲਬ ਇਹ ਹੋਇਆ ਕਿ ਪੰਜਾਬ ਵਿਚ 17.07 ਲੱਖ ਵਿਅਕਤੀਆਂ ਕੋਲ ਪੰਜ ਏਕੜ ਜਾਂ ਉਸ ਤੋਂ ਘੱਟ ਜ਼ਮੀਨ ਹੈ। ਜਦੋਂ ਤੋਂ ਸਰਕਾਰੀ ਖਰੀਦ ਦੀ ਪੇਮੈਂਟ ਕਿਸਾਨ ਦੇ ਖਾਤੇ ਵਿਚ ਸਿੱਧੀ ਜਾਣੀ ਸ਼ੁਰੂ ਹੋਈ ਹੈ, ਉਦੋਂ ਤੋਂ ਇਹ ਸੰਖਿਆ ਘੱਟ ਕੇ 9.33 ਲੱਖ ਰਹਿ ਗਈ।

ਇਸ ਤੋਂ ਅੱਗੇ 3,67,938 (33.7%) ਪਰਿਵਾਰ 2-4 ਹੈਕਟੇਅਰ ਭਾਵ 5 ਤੋਂ 10 ਏਕੜ ਵਿਚਕਾਰ ਆਉਂਦੇ ਹਨ। 28 ਪ੍ਰਤੀਸ਼ਤ 4 ਤੋਂ 10 ਹੈਕਟੇਅਰ ਭਾਵ 10 ਤੋਂ 25 ਏਕੜ ਅਤੇ 5.3 ਫੀਸਦੀ 10 ਹੈਕਟੇਅਰ ਭਾਵ 25 ਏਕੜ ਤੋਂ ਉਪਰ ਵਾਲੇ। ਪੰਜਾਬ ਵਿਚ ਮਾਲ ਵਿਭਾਗ ਦੇ ਰਿਕਾਰਡ ਦੇ ਵਿਚ ਕੁੱਲ ਕਿੰਨੇ ਕਿਸਾਨ ਹਨ, ਇਸ ਦਾ ਅੰਕੜਾ ਸਰਕਾਰ ਦੀ ਕਿਸੇ ਸਾਈਟ ਤੋਂ ਮਿਲ ਨਹੀਂ ਰਿਹਾ ਕਿਉਂਕਿ 5 ਏਕੜ ਤੋਂ ਹੇਠਾਂ ਵਾਲੇ ਕਿਸਾਨ 17 ਲੱਖ ਹਨ, ਜਦਕਿ 2 ਹੈਕਟੇਅਰ ਤੋਂ ਘੱਟ ਵਾਲੇ ਖੇਤੀ ਪਰਿਵਾਰਾਂ (ਜੋਤਾਂ) ਦੀ ਗਿਣਤੀ 3.88 ਲੱਖ ਬਣਦੀ ਹੈ, ਇਸ ਦਾ ਮਤਲਬ ਕੁੱਲ ਕਿਸਾਨਾਂ ਦੀ ਗਿਣਤੀ ਘੱਟੋ-ਘੱਟ 22 ਲੱਖ ਤੋਂ ਵੱਧ ਹੋਵੇਗੀ (10.91 ਲੱਖ ਜੋਤਾਂ)। ਉਧਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਸਾਲ 2000 ਦੇ ਆਸ-ਪਾਸ ਇਕ ਅੰਕੜਾ ਦਿੱਤਾ ਸੀ ਕਿ ਚਾਰ ਹੈਕਟੇਅਰ ਜ਼ਮੀਨ ਵਿਚੋਂ ਆਮਦਨ ਸਰਕਾਰ ਦੇ ਦਰਜਾ ਚਾਰ ਮੁਲਾਜ਼ਮ ਦੀ ਤਨਖਾਹ ਦੇ ਬਰਾਬਰ ਹੀ ਨਿੱਕਲਦੀ ਹੈ, ਭਾਵ ਜਿਹੜੇ ਪਰਿਵਾਰਾਂ/ਕਿਸਾਨਾਂ ਕੋਲ 10 ਏਕੜ ਤੋਂ ਘੱਟ ਜ਼ਮੀਨ ਹੈ, ਉਨ੍ਹਾਂ ਦੀ ਆਮਦਨ ਦਰਜਾ ਚਾਰ ਮੁਲਾਜ਼ਮ ਦੀ ਸਾਲਾਨਾ ਤਨਖਾਹ ਤੋਂ ਘੱਟ ਹੈ। ਇਸ ਦਾ ਮਤਲਬ ਸਾਡੇ 67 ਫੀਸਦੀ ਕਿਸਾਨਾਂ ਦੀ ਆਮਦਨ ਖੇਤੀ ਵਿਚੋਂ ਦਰਜਾ ਚਾਰ ਕਰਮਚਾਰੀਆਂ ਦੇ ਬਰਾਬਰ ਜਾਂ ਉਨ੍ਹਾਂ ਨਾਲੋਂ ਘੱਟ ਹੈ।

**ਮੁੱਦੇ ਦੀ ਗੱਲ:** ਹੁਣ ਗੱਲ ਕਰਦੇ ਹਾਂ ਅਸਲੀ ਮੁੱਦੇ ਦੀ ਕਿ ਛੋਟੇ ਕਿਸਾਨਾਂ ਕੋਲ ਵੇਚਣ ਨੂੰ ਕੁਝ ਨਹੀਂ, ਇਸ ਲਈ ਉਨ੍ਹਾਂ ਨੂੰ ਐੱਮ.ਐੱਸ.ਪੀ. ਦਾ ਕੋਈ ਫਾਇਦਾ ਨਹੀਂ ਪਰ ਜਿਸ ਤਰ੍ਹਾਂ ਆਪਾਂ ਉੱਪਰ ਵੇਖਿਆ ਹੈ ਕਿ ਸਿਰਫ 14% ਕਿਸਾਨ (ਇਕ ਹੈਕਟੇਅਰ ਤੋਂ ਘੱਟ) ਹੀ ਹਨ, ਜਿਹੜੇ ਕਣਕ, ਝੋਨਾ ਨਾਂ ਬੀਜਦੇ ਹੋਣ। ਇਹ ਹੀ ਦੋ ਮੁੱਖ ਫਸਲਾਂ ਹਨ ਜਿਹੜੀਆਂ ਐੱਮ.ਐੱਸ.ਪੀ. ਤੇ ਸਰਕਾਰ ਖਰੀਦਦੀ ਹੈ। 86 ਪ੍ਰਤੀਸ਼ਤ ਕਿਸਾਨ ਇਹ ਦੋਨੋਂ ਮੁੱਖ ਫਸਲਾਂ ਬੀਜਦੇ ਅਤੇ ਵੇਚਦੇ ਹਨ ਕਿਉਂਕਿ ਕੁੱਲ ਪੈਦਾਵਾਰ ਦੀ 81 ਫੀਸਦੀ ਕਣਕ ਅਤੇ 94 ਫੀਸਦੀ ਧਾਨ ਮੰਡੀਆਂ ਵਿਚ ਵਿਕਦੇ ਹਨ। ਇਸ ਲਈ ਕਿਸਾਨਾਂ ਵਿਚ ਇਹ ਭਰਮ ਜਾਣਬੁੱਝ ਕੇ ਪੈਦਾ ਕੀਤਾ ਜਾ ਰਿਹਾ ਹੈ। ਐੱਮ.ਐੱਸ.ਪੀ. ਸਿਰਫ ਵੱਡੇ ਕਿਸਾਨਾਂ ਨੂੰ ਹੀ ਫਾਇਦਾ ਹੁੰਦਾ ਹੈ। ਛੋਟੇ ਕਿਸਾਨਾਂ ਨੂੰ ਫਾਇਦਾ ਨਹੀਂ, ਲਾਭ ਜ਼ਮੀਨ ਅਤੇ ਪੈਦਾਵਾਰ ਦੇ ਹਿਸਾਬ ਨਾਲ ਹੋਣਾ ਹੈ, ਜੇ ਛੋਟੇ ਕਿਸਾਨ ਨੂੰ ਫਾਇਦਾ ਘੱਟ ਹੈ, ਤਾਂ ਇਸ ਦਾ ਮਤਲਬ ਇਹ ਤਾਂ ਨਹੀਂ ਕੱਢਿਆ ਜਾਣਾ ਚਾਹੀਦਾ ਕਿ ਐੱਮ.ਐੱਸ.ਪੀ. ਨਾ ਦਿਓ। ਉਦਾਹਰਣ ਦੇ ਤੌਰ 'ਤੇ ਪੰਜਾਬ ਵਿਚ ਕਣਕ ਦਾ ਔਸਤ ਝਾੜ 20 ਕੁਇੰਟਲ ਪ੍ਰਤੀ ਏਕੜ ਹੈ ਅਤੇ 2275 ਰੁਪਏ ਦੇ ਹਿਸਾਬ ਨਾਲ ਇਕ ਏਕੜ ਦੀ ਕਣਕ 45500 ਦੀ ਵਿਕੀ ਜੇ ਇਹੋ ਐੱਮ.ਐੱਸ.ਪੀ. (ਸੀ2+ਐੱਫ.ਐੱਲ.) ਨਾਲ ਭਾਅ ਹੁੰਦਾ, ਤਾਂ ਤਤਕਰੀਬਨ 60000 ਦੀ ਵਿਕਦੀ ਮਤਲਬ ਉਸ ਨੂੰ 14500 ਰੁਪਏ ਵੱਧ ਮਿਲਦੇ, ਜਿਸ ਨਾਲ ਉਸਦੀਆਂ ਕਈ ਗਰਜਾਂ ਸਰਨੀਆਂ ਸਨ, ਜੇ ਉਹ ਇਹੋ ਸੋਚੀ ਜਾਵੇ ਗੁਆਂਢੀ ਨੇ ਤਾਂ 100 ਕੁਇੰਟਲ ਵੇਚਣੀ ਇਸ ਹਿਸਾਬ ਨਾਲ ਉਸ ਨੂੰ 72500 ਰੁਪਏ ਦਾ ਫਾਇਦਾ ਹੋ ਜਾਊ, ਇਸ ਕਰਕੇ ਭਾਅ ਵੱਧ ਨਹੀਂ ਮਿਲਣਾ ਚਾਹੀਦਾ। ਆਪਣੀ ਸਮਰੱਥਾ ਅਨੁਸਾਰ ਹਰ ਇਕ ਨੂੰ ਫਾਇਦਾ ਹੋਵੇਗਾ। ਕਿਸਾਨ ਦੀ ਜੇਬ ਵਿਚ ਪੈਸਾ ਆਉਣ ਨਾਲ ਹਰ ਪੰਜਾਬੀ ਨੂੰ ਫਾਇਦਾ ਹੋਵੇਗਾ। ਕਿਸਾਨ ਨੇ ਪੈਸੇ ਏਥੋਂ ਬਾਹਰ ਨਹੀਂ ਲੈ ਕੇ ਜਾਣੇ ਉਸ ਨੇ ਏਥੇ ਹੀ ਆਪਣੀ ਜ਼ਰੂਰਤ ਦੀਆਂ ਚੀਜ਼ਾਂ ਲੈਣੀਆਂ ਹਨ। ਕਿਸਾਨ ਨੂੰ ਵੱਧ ਪੈਸੇ ਮਿਲਣਗੇ, ਤਾਂ ਲੇਬਰ ਨੂੰ ਵੱਧ ਮਿਲਣਗੇ, ਵਪਾਰ ਵਧੇਗਾ। ਵਪਾਰ ਵਧੇਗਾ ਤਾਂ ਇੰਡਸਟਰੀ ਵਧੇਗੀ। ਸਰਕਾਰ ਨੂੰ ਟੈਕਸ ਵੱਧ ਮਿਲੇਗਾ, ਜਿਸ ਨਾਲ ਉਹ ਮੁਲਾਜ਼ਮ ਭਰਤੀ ਕਰ ਸਕੇਗੀ ਜਾਂ ਲੋਕਾਂ ਲਈ ਸਹੂਲਤਾਂ ਮੁਹੱਈਆ ਕਰਵਾ ਸਕੇਗੀ। ਪੈਸੇ ਨਾਲ ਹੀ ਦੁਨੀਆਂ ਚਲਦੀ ਹੈ, ਜੇ ਬਾਕੀ ਸਭ ਨੂੰ ਪੈਸਾ ਚਾਹੀਦਾ ਹੈ, ਤਾਂ ਥੋੜਾ ਕਿਸਾਨਾਂ ਨੂੰ ਵੀ ਦੇ ਦਿਓ। ਇਨ੍ਹਾਂ ਦੀ ਉੱਪਜ ਨੂੰ ਵੀ "ਪਰਾਈਸ ਇੰਡੈਕਸ" ਨਾਲ ਜੋੜ ਦਿਓ। ਕੋਈ ਸਾਲ ਮਿਥ ਲਓ, 1980 ਲੈ ਲਓ 2000 ਲੈ ਲਓ। ਮੈਂ ਇਕ ਵਾਰ ਫਿਰ ਪੰਜਾਬ ਦੇ ਅਰਥ ਸ਼ਾਸਤਰੀਆਂ ਨੂੰ ਬੇਨਤੀ ਕਰਦਾ ਹਾਂ ਕਿ ਸਭ ਤੋਂ ਔਖਾ ਕੰਮ ਕਰਨ ਵਾਲੇ ਭਰਾਵਾਂ ਦੀ ਜਿੰਨੀ ਮਦਦ ਹੋ ਸਕਦੀ ਹੈ, ਕਰੋ। ਮੇਰੀ ਕਿਸਾਨ ਯੂਨੀਅਨਾਂ ਨੂੰ ਵੀ ਬੇਨਤੀ ਹੈ ਕਿ ਜੋ ਮੁੱਦਾ ਉਠਾਉਣਾ ਹੈ, ਸਾਰੇ ਇਕੱਠੇ ਹੋ ਕੇ ਸਲਾਹ ਨਾਲ ਚੁਕੋ, ਇਕੱਲੇ-ਇਕੱਲੇ ਮਸਲੇ ਹੱਲ ਨਹੀਂ ਹੋਣੇ।




**ਸਾਰਣੀ: ਜਮੀਨ ਅਨੁਸਾਰ ਜੋਤਾਂ (ਹੋਲਡਿੰਗ) ਦੀ ਵੰਡ**

| ਰਕਬਾ (ਹੈਕ:) | ਔਸਤ ਜ਼ਮੀਨ | ਕਿਸਾਨਾਂ ਦੀ ਗਿਣਤੀ (ਨੰਬਰ) | (ਪ੍ਰਤੀਸ਼ਤ) | ਕੁੱਲ ਜਮੀਨ ਦਾ (ਪ੍ਰਤੀਸ਼ਤ) |
|---|---|---|---|---|
| < 1.0 | 0.5 | 154412 | 14.14 | 2.0 |
| 1.0-2.0 | 1.5 | 207436 | 19.00 | 7.7 |
| 2.0-4.0 | 3.0 | 367938 | 33.70 | 27 |
| 4.0-10.0 | 7.0 | 305220 | 27.90 | 50 |
| >10.0 | 12.0 | 57707 | 5.28 | 13.3 |
| | | **1091713** | **100.00** | **100** |



# ਬਾਲ ਅਦਾਕਾਰੀ 'ਚ ਨਵੀਆਂ ਪੁਲਾਘਾਂ ਪੁੱਟ ਰਿਹਾ 'ਗੁਰਬਾਜ਼ ਸੰਧੂ'

-ਸੁਰਜੀਤ ਜੱਸਲ
98146-07737
ਪੰਜਾਬ ਮੇਲ USA





ਅਦਾਕਾਰੀ ਇੱਕ ਬਹੁਤ ਹੀ ਗੰਭੀਰ ਕਾਰਜ ਹੁੰਦਾ ਹੈ। ਹਰ ਤਰ੍ਹਾਂ ਦੀ ਪ੍ਰਸਥਿਤੀ ਵਿਚ ਅੰਦਰ ਚੱਲ ਰਹੇ ਕਿਸੇ ਵੀ ਹਾਵ-ਭਾਵ ਦੀ ਸਹੀ ਮਾਤਰਾ ਆਪਣੇ ਉਚਾਰਨ ਦੇ ਲਹਿਜ਼ੇ ਰਾਹੀਂ ਅਤੇ ਰੱਬ ਵੱਲੋਂ ਦਿੱਤੇ ਇਸ ਮੁਖੜੇ ਦੀ ਹਿਲ-ਜੁਲ ਰਾਹੀਂ, ਅੱਖਾਂ ਰਾਹੀਂ ਅਤੇ ਸੰਪੂਰਨ ਸਰੀਰਕ ਵਿਊਂਤ ਰਾਹੀਂ ਬਿਆਨਣ ਦੀ ਕਲਾ ਇੱਕ ਨਿਪੁੰਨ ਅਦਾਕਾਰ ਕੋਲ ਹੀ ਹੁੰਦੀ ਹੈ, ਜੋ ਇਸ ਦੁਨੀਆਂ ਵਿਚ ਹਰ ਕਿਸਮ ਦੇ ਇਨਸਾਨ ਨਾਲ ਵਿਚਰਣ ਤੋਂ ਬਾਅਦ ਆਪਣੀ ਇਸ ਕਲਾ ਨੂੰ ਨਿਖਾਰਦਾ ਹੈ। ਪਰੰਤੂ ਕਈ ਵਾਰ ਇਹ ਅਨੋਖੀ ਕਲਾ ਰੱਬ ਵੱਲੋਂ ਚੁਣੇ ਅਨਮੋਲ ਹੀਰਿਆਂ ਨੂੰ ਆਪਣੇ ਖ਼ੂਨ ਵਿਚ ਹੀ ਮਿਲ ਜਾਂਦੀ ਹੈ। ਉਨ੍ਹਾਂ ਹੀ ਖ਼ਾਸ ਹੀਰਿਆਂ ਵਿਚੋਂ ਇੱਕ ਗੁਰਬਾਜ਼ ਸੰਧੂ, ਜੋ ਬਾਲ ਕਲਾਕਾਰ ਵਜੋਂ ਪੰਜਾਬੀ ਫ਼ਿਲਮਾਂ ਵਿਚ ਆਪਣੀ ਅਦਾਕਾਰੀ ਦਾ ਜੌਹਰ ਵਿਖਾ ਰਿਹਾ ਹੈ।

ਗੀਤਾਂ ਵਿਚਲੀ ਅਦਾਕਾਰੀ ਤੋਂ ਲੈ ਕੇ ਪੰਜਾਬੀ ਫ਼ਿਲਮਾਂ ਤੱਕ ਦਾ ਅਸਾਨ ਸਫ਼ਰ, ਉਸਦਾ ਆਪਣੀ ਕਲਾ ਵਿਚ ਮਾਹਰ ਹੋਣ ਦਾ ਸਬੂਤ ਦਿੰਦਾ ਹੈ। ਕੈਨੇਡਾ ਵਿਚ ਜੰਮਪਲ ਗੁਰਬਾਜ਼ ਦਾ ਪੰਜਾਬ ਅਤੇ ਉਸਦੀ ਵਿਰਾਸਤ ਨਾਲ ਮੋਹ ਇਕ ਹੈਰਾਨਗੀ ਵਾਲਾ ਤੱਤ ਜਾਪਦਾ ਹੈ, ਕਿਉਂਕਿ ਜਿੱਥੇ ਬਹੁਤੇ ਲੋਕ ਬੈਗਾਨੇ ਮੁਲਕ ਵਿਚ ਆਪਣੇ ਬੱਚਿਆਂ ਨੂੰ ਆਪਣੀ ਮੁੱਢਲੀ ਵਿਰਾਸਤ ਨਾਲ ਨਹੀਂ ਜੋੜ ਪਾਉਂਦੇ, ਉੱਥੇ ਗੁਰਬਾਜ਼ ਦੀ ਭੰਗੜੇ ਵਿਚ ਦਿਲਚਸਪੀ, ਲਗਨ ਵਾਲੇ ਅਭਿਆਸ ਸਦਕਾ ਜਿੱਤੇ 50 ਤੋਂ ਵੱਧ ਵੱਡੀਆਂ ਸਟੇਜਾਂ ਦੇ ਸਨਮਾਨ ਉਸਦੇ ਰਗਾਂ ਵਿਚ ਵਗ ਰਹੇ ਪੰਜਾਬੀਅਤ ਖ਼ੂਨ ਦਾ ਸਬੂਤ ਦਿੰਦੇ ਹਨ।

ਪੰਜਾਬੀ ਫ਼ਿਲਮ 'ਸਟੇਟ ਆਊਟਾ ਪੰਜਾਬ' ਵਿਚ ਉਸਦੀ ਅਦਾਕਾਰੀ ਹਰ ਦਰਸ਼ਕ ਵੱਲੋਂ ਪਸੰਦ ਕੀਤੀ ਗਈ। ਪਿਤਾ ਲਵਪ੍ਰੀਤ ਸਿੰਘ ਸੰਧੂ (ਲੱਕੀ) ਮੁਤਾਬਕ 2020 ਦੇ ਆਏ ਕੋਰੋਨਾ ਦੀ ਮਾਰ ਉਸਦੇ ਬੇਟੇ ਗੁਰਬਾਜ਼ ਦੇ ਕਲਾ ਪ੍ਰਦਰਸ਼ਨ ਨੂੰ ਵੀ ਪਈ, ਪਰੰਤੂ ਫਿਰ ਵੀ ਉਨ੍ਹਾਂ ਨੇ ਉਸਨੂੰ ਆਪਣੇ ਅਦਾਕਾਰੀ, ਭੰਗੜੇ ਪ੍ਰਤੀ ਦਿਲਚਸਪੀ ਨੂੰ ਘੱਟ ਹੁੰਦਾ ਨਹੀਂ ਵੇਖਿਆ। ਪੜ੍ਹਾਈ ਵਜੋਂ ਵੀ ਉਸਨੇ ਆਪਣੀ ਜਮਾਤ 'ਚ ਸਭ ਤੋਂ ਉੱਪਰ ਰਹਿ ਕੇ ਕੋਈ ਸਮਝੌਤਾ ਨਹੀਂ ਕੀਤਾ। ਅਦਾਕਾਰੀ ਦੇ ਇਲਾਵਾ ਉਸਨੂੰ ਖੇਡਾਂ ਨਾਲ ਵੀ ਇਸ਼ਕ ਹੈ। ਇਸ ਸਭ ਪਿੱਛੇ ਉਸਦੇ ਪਿਤਾ ਲਵਪ੍ਰੀਤ ਲੱਕੀ ਸੰਧੂ ਦੀ ਮਿਹਨਤ ਅਤੇ ਪੰਜਾਬ ਅਤੇ ਪੰਜਾਬੀਅਤ ਨਾਲ ਜੁੜਿਆ ਉਸਦਾ ਪਰਿਵਾਰਕ ਮਾਹੌਲ ਹੈ। ਜ਼ਿਕਰਯੋਗ ਹੈ ਕਿ ਬਰਨਾਲਾ ਜ਼ਿਲ੍ਹੇ ਦੇ ਪਿੰਡ ਟਿੱਬਾ ਦੇ ਜੰਮਪਲ ਤੇ ਕੈਨੇਡਾ ਵਾਸੀ ਲਵਪ੍ਰੀਤ ਲੱਕੀ ਸੰਧੂ ਇਕ ਨਾਮੀ ਨਿਰਮਾਤਾ ਅਤੇ ਫਿਲਮ ਡਿਸਟ੍ਰੀਬਿਊਟਰ ਹਨ। ਉਹ ਨਵਰੋਜ ਗੁਰਬਾਜ਼ ਇੰਟਰਟੇਨਮੈਂਟ ਕੰਪਨੀ ਰਾਹੀਂ ਵਿਦੇਸ਼ਾਂ ਵਿਚ ਫਿਲਮਾਂ ਰਿਲੀਜ਼ ਕਰਨ ਸਦਕਾ ਸਿਨਮਾ ਜਗਤ ਵਿਚ ਇਕ ਖ਼ਾਸ ਪਛਾਣ ਰੱਖਦੇ ਹਨ। ਬਤੌਰ ਨਿਰਮਾਤਾ ਉਨ੍ਹਾਂ ਨੇ ਇੱਕ ਬਹੁਤ ਹੀ ਸਾਫ਼-ਸੁਥਰੀ, ਪਰਿਵਾਰਕ ਫਿਲਮ 'ਅਸੀਸ' ਦਾ ਨਿਰਮਾਣ ਵੀ ਕੀਤਾ। ਪਿਤਾ ਲਵਪ੍ਰੀਤ ਲੱਕੀ ਸੰਧੂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਸਿਨਮਾ ਜਗਤ ਦੀਆਂ ਨਾਮੀ ਕਲਾਕਾਰ ਹਸਤੀਆਂ ਸਰਦਾਰ ਸੋਹੀ, ਬੀਨੂ ਢਿੱਲੋਂ ਸਰਬਜੀਤ ਚੀਮਾ, ਸਰਗੁਣ ਮਹਿਤਾ, ਨਿਮਰਤ ਖਹਿਰਾ ਆਦਿ ਕਲਕਾਰਾਂ ਦਾ ਉਨ੍ਹਾਂ ਦੇ ਘਰ ਆਉਣ-ਜਾਣ ਹੋਣ ਕਰਕੇ ਬੇਟੇ ਗੁਰਬਾਜ ਨੂੰ ਕਲਾ ਰੂਪੀ ਪਿਆਰ ਤੇ ਆਸ਼ੀਰਵਾਦ ਮਿਲਿਆ। ਮਹਿਜ ਪੰਜ ਸਾਲ ਦੀ ਉਮਰ ਵਿਚ ਗੁਰਬਾਜ਼ ਨੇ ਭੰਗੜਾ ਪਾਉਣ 'ਚ ਮੁਹਾਰਤ ਹਾਸਲ ਕੀਤੀ ਅਤੇ ਅਨੇਕਾਂ ਐਵਾਰਡ ਜਿੱਤੇ। ਬਚਪਨ ਤੋਂ ਹੀ ਫ਼ਿਲਮਾਂ ਦੇ ਸੈੱਟ 'ਤੇ ਜਾਣ ਦਾ ਸ਼ੌਂਕ ਸੀ। 'ਗੋਰਿਆਂ ਨੂੰ ਦਫ਼ਾ ਕਰੋ, ਜਮਰੌਦ, ਅਸੀਸ, ਫ਼ਿਲਮਾਂ ਦੇ ਸੈੱਟ 'ਤੇ ਰਹਿੰਦਿਆਂ ਉਸਨੂੰ ਕਲਾ ਦੀ ਚੇਟਕ ਲੱਗੀ। ਪਹਿਲੀ ਫਿਲਮ 'ਸਟੇਟ ਆਊਟ ਆਫ਼ ਪੰਜਾਬ' ਵਿਚ ਉਸ ਵਲੋਂ ਨਿਭਾਏ ਕਿਰਦਾਰ ਦੀ ਤਾਰੀਫ਼ ਹੋਈ, ਤਾਂ ਉਸਦਾ ਹੌਂਸਲਾ ਦੁੱਗਣਾ ਹੋ ਗਿਆ। ਜਲਦ ਆ ਰਹੀ ਫ਼ਿਲਮ 'ਵੱਡਾ ਘਰ' ਵਿਚ ਵੀ ਉਹ ਆਪਣੀ ਅਦਾਕਾਰੀ ਦਾ ਪ੍ਰਦਰਸ਼ਨ ਕਰ ਦਰਸ਼ਕਾਂ ਲਈ ਇੱਕ ਜ਼ਰੂਰੀ ਸੁਨੇਹਾ ਘੱਲਣ ਵਿਚ ਆਪਣਾ ਅਹਿਮ ਯੋਗਦਾਨ ਪਾਵੇਗਾ।






ਕਮਲਜੀਤ ਸਿੰਘ ਅਤੇ ਗੋਲਡੀ ਢਿੱਲੋਂ ਵਲੋਂ ਨਿਰਦੇਸ਼ਿਤ ਕੀਤੀ ਫ਼ਿਲਮ 'ਵੱਡਾ ਘਰ' ਇਸਦੇ ਸਿਰਲੇਖ ਵਾਂਗ ਹੀ ਵੱਡੇ ਘਰ-ਪਰਿਵਾਰ ਦੇ ਗੂੜੇ ਰਿਸ਼ਤਿਆਂ ਦੀ ਅਹਿਮੀਅਤ ਇਸ ਵਿਚਲੀ ਅਣ-ਬਣ, ਫ਼ਿਕਰ, ਸੰਘਰਸ਼ ਅਤੇ ਵਿਚਾਰ-ਧਾਰਾਵਾਂ ਦੇ ਫ਼ਰਕ ਅਤੇ ਪੰਜਾਬ ਦੇ ਮੁੱਖ ਮੁੱਦੇ ਵਿਖਾ ਕੇ ਪੇਸ਼ ਕਰੇਗੀ। ਰੋਬੀ ਐਂਡ ਲਾਡੀ ਫਿਲਮ ਪ੍ਰੋਡਕਸ਼ਨ ਲਿਮਿਟਡ ਅਤੇ ਜਸਵੀਰ ਗੁਣਾਚੌਰੀਆ ਪ੍ਰੋਡਕਸ਼ਨ ਲਿਮਿਟਡ ਦੀ ਪੇਸ਼ਕਸ਼ ਇਸ ਫ਼ਿਲਮ 'ਚ ਜੋਬਨ ਪ੍ਰੀਤ, ਮੈਂਡੀ ਤੱਖਰ, ਭਿੰਦਾ ਔਜਲਾ, ਸਰਦਾਰ ਸੋਹੀ, ਨਿਰਮਲ ਰਿਸ਼ੀ, ਅਮਰ ਨੂਰੀ, ਰਵਿੰਦਰ ਮੰਡ, ਕਵਲੀਨ, ਸਤਵੰਤ ਕੌਰ, ਤਰਸੇਮ ਪੌਲ, ਬਲਵੀਰ ਬੋਪਾਰਾਏ, ਹਰਪ ਨਾਜ਼, ਜੋਤੀ ਅਰੋੜਾ, ਸੁਖਵਿੰਦਰ ਰੋਡੇ ਅਤੇ ਬਾਲ ਕਲਾਕਾਰ ਗੁਰਬਾਜ਼ ਸੰਧੂ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦੇ ਨਿਰਮਾਤਾ ਸੰਦੀਪ ਸਿੰਘ ਧੰਜਲ (ਲਾਡੀ), ਮਨਿੰਦਰ ਸਿੰਘ ਕੰਵਲ (ਰੌਬੀ) ਅਤੇ ਜਸਵੀਰ ਗੁਣਾਚੌਰੀਆ ਹਨ। ਫ਼ਿਲਮ ਦੀ ਕਹਾਣੀ, ਡਾਇਲਾਗ ਅਤੇ ਸਕਰੀਨ ਪਲੇਅ ਜਸਬੀਰ ਗੁਣਾਚੌਰੀਆ ਨੇ ਲਿਖਿਆ ਹੈ। ਜਸਬੀਰ ਗੁਣਾਚੌਰੀਆ ਦੇ ਹੀ ਲਿਖੇ ਗੀਤਾਂ ਨੂੰ ਨਛੱਤਰ ਗਿੱਲ, ਸੋਨੂੰ ਕੱਕੜ, ਮਾਸਟਰ ਸਲੀਮ, ਕੰਵਰ ਗਰੇਵਾਲ, ਗੁਰਸ਼ਬਦ, ਸੁਨਿਧੀ ਚੌਹਾਨ, ਜੀ ਖਾਨ ਅਤੇ ਅਫ਼ਸਾਨਾ ਖਾਨ ਨੇ ਪਲੇਅ ਬੈਕ ਗਾਇਆ ਹੈ। ਸੰਗੀਤ ਜਤਿੰਦਰ ਸ਼ਾਹ ਨੇ ਤਿਆਰ ਕੀਤਾ ਹੈ। ਡਿਸਟ੍ਰੀਬਿਊਟਰ ਲਵਪ੍ਰੀਤ ਸੰਧੂ ਲੱਕੀ ਦੀ ਕੰਪਨੀ ਨਵਰੋਜ਼ ਗੁਰਬਾਜ਼ ਐਂਟਰਟੇਨਮੈਂਟ ਵਲੋਂ ਸੰਸਾਰ ਭਰ 'ਚ 13 ਦਸੰਬਰ ਨੂੰ ਰਿਲੀਜ਼ ਕੀਤੀ ਜਾ ਰਹੀ ਇਹ ਫ਼ਿਲਮ 'ਵੱਡਾ ਘਰ' ਮੁੱਖ ਤੌਰ 'ਤੇ ਆਪਣੇ ਜੱਦੀ ਘਰ ਦੀ ਅਹਿਮੀਅਤ ਨੌਜਵਾਨੀ ਪੀੜ੍ਹੀ ਦੀ ਦੋ ਅੰਤਰ-ਮੁਖੀ ਵਿਚਾਰ-ਧਾਰਾਵਾਂ ਅਤੇ ਚਰਿੱਤਰ ਦੇ ਫ਼ਰਕ ਨਾਲ ਆਪਣੇ ਮੁਲਕ ਦੇ ਮੁੱਦੇ 'ਸੁਲਝਾਉਣਾ' ਅਤੇ ਇਸ ਤੋਂ 'ਦੂਰ ਭੱਜਣਾ' ਨੂੰ ਪੇਸ਼ ਕਰਦੀ ਇਕ ਪਰਿਵਾਰਕ ਤੇ ਸਮਾਜਿਕ ਵਿਸ਼ੇ ਦੀ ਮਨੋਰੰਜਨ ਭਰਪੂਰ ਫ਼ਿਲਮ ਹੈ।

# ਬੇਸ਼ਰਮੀ ਦੀ ਹੱਦ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA



ਸੰਨ 1999 ਦੀ ਗੱਲ ਹੈ ਕਿ ਮੈਂ ਖੰਨਾ ਪੁਲਿਸ ਜ਼ਿਲ੍ਹੇ ਦੀ ਪਾਇਲ ਸਬ ਡਵੀਜ਼ਨ ਵਿਖੇ ਬਤੌਰ ਡੀ.ਐੱਸ.ਪੀ. ਤਾਇਨਾਤ ਸੀ। ਇੱਕ ਦਿਨ ਮੈਂ ਦਫਤਰ ਬੈਠਾ ਸੀ ਕਿ ਰਾਜ ਕੁਮਾਰ (ਕਾਲਪਨਿਕ ਨਾਮ) ਨਾਮਕ ਇੱਕ ਨੌਜਵਾਨ ਆਪਣੇ ਸਹੁਰੇ ਸ਼ੰਕਰ ਲਾਲ (ਕਾਲਪਨਿਕ ਨਾਮ) ਸਮੇਤ ਮੇਰੇ ਦਫਤਰ ਆਇਆ ਤੇ ਦੱਸਿਆ ਕਿ ਉਸ ਦੀ ਪਤਨੀ ਕਲਪਨਾ (ਕਾਲਪਨਿਕ ਨਾਮ) ਆਪਣੇ 6 ਕੁ ਮਹੀਨੇ ਦੇ ਬੱਚੇ ਸਮੇਤ ਗੁਆਂਢ ਰਹਿੰਦੇ ਇੱਕ ਵਿਅਕਤੀ ਹਰੀ ਸਿੰਘ (ਕਾਲਪਨਿਕ ਨਾਮ) ਨਾਲ ਫਰਾਰ ਹੋ ਗਈ ਹੈ। ਜਦੋਂ ਮੈਂ ਵਿਸਥਾਰ ਨਾਲ ਗੱਲ ਪੁੱਛੀ, ਤਾਂ ਬਹੁਤ ਹੈਰਾਨੀਜਨਕ ਕਹਾਣੀ ਸਾਹਮਣੇ ਆਈ, ਜਿਸ 'ਤੇ ਹਿੰਦੀ ਦਾ ਮੁਹਾਵਰਾ, 'ਗਧੀ ਪੇ ਦਿਲ ਆਇਆ ਤੋ ਪਰੀ ਕਿਆ ਚੀਜ ਹੈ', ਪੂਰੀ ਤਰ੍ਹਾਂ ਨਾਲ ਢੁੱਕਦਾ ਸੀ। ਰਾਜ ਕੁਮਾਰ ਨੇ ਦੱਸਿਆ ਕਿ ਉਹ ਤੇ ਕਲਪਨਾ ਪਾਇਲ ਦੇ ਨਜ਼ਦੀਕ ਇੱਕ ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਚ ਬਤੌਰ ਲੈਕਚਰਾਰ ਨੌਕਰੀ ਕਰ ਰਹੇ ਹਨ, ਕਲਪਨਾ ਮੈਥ ਦੀ ਲੈਕਚਰਾਰ ਸੀ ਤੇ ਰਾਜ ਕੁਮਾਰ ਇੰਗਲਿਸ਼ ਦਾ। ਪਿੱਛੋਂ ਉਹ ਸਮਰਾਲੇ ਦੇ ਹਨ ਪਰ ਰੋਜ਼ਾਨਾ ਦੇ ਸਫਰ ਤੋਂ ਬਚਣ ਲਈ ਉਨ੍ਹਾਂ ਨੇ ਪਾਇਲ ਹੀ ਇੱਕ ਮਕਾਨ ਕਿਰਾਏ 'ਤੇ ਲਿਆ ਹੋਇਆ ਹੈ। ਐਨੀ ਪੜ੍ਹੀ-ਲਿਖੀ ਲੈਕਚਰਾਰ ਜਿਸ ਵਿਅਕਤੀ ਨਾਲ ਭੱਜੀ ਸੀ, ਉਹ ਕੋਰਾ ਅਨਪੜ੍ਹ ਸੀ ਤੇ ਦਾਣਾ ਮੰਡੀ ਵਿਚ ਪੱਲੇਦਾਰੀ ਕਰਦਾ ਸੀ। ਰਾਜ ਕੁਮਾਰ ਨੇ ਦੱਸਿਆ ਕਿ ਉਹ ਕਸਰਤ ਦਾ ਬਹੁਤ ਸ਼ੌਕੀਨ ਹੈ ਤੇ ਰੋਜ਼ਾਨਾ ਸਵੇਰੇ 8-10 ਕਿ.ਮੀ. ਦੌੜ ਲਗਾਉਂਦਾ ਹੈ। ਕੱਲ੍ਹ ਜਦੋਂ ਉਹ ਦੌੜ ਲਾਉਣ ਲਈ ਗਿਆ, ਤਾਂ ਪਿੱਛੋਂ ਕਲਪਨਾ ਵੀ ਦੌੜ ਗਈ।

ਰਾਜ ਕੁਮਾਰ ਦੇ ਨਾਲ ਆਇਆ ਉਸ ਦਾ ਸਹੁਰਾ ਵੇਖਣ ਨੂੰ ਹੀ ਸਿਰੇ ਦਾ ਬੇਸ਼ਰਮ ਬੰਦਾ ਲੱਗਦਾ ਸੀ। ਉਸ ਦੇ ਚਿਹਰੇ 'ਤੇ ਕੋਈ ਸ਼ਰਮ ਹਯਾ ਨਹੀਂ ਸੀ ਤੇ ਇਸ ਤਰ੍ਹਾਂ ਆਰਾਮ ਨਾਲ ਗੱਲਾਂ ਕਰ ਰਿਹਾ ਸੀ, ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਵੈਸੇ ਤਾਂ ਇਸ ਕੇਸ ਵਿਚ ਕੋਈ ਪੁਲਿਸ ਕਾਰਵਾਈ ਨਹੀਂ ਸੀ ਬਣਦੀ ਕਿਉਂਕਿ ਕਲਪਨਾ ਬਾਲਗ ਸੀ ਤੇ ਆਪਣੀ ਮਰਜ਼ੀ ਨਾਲ ਗਈ ਸੀ। ਪਰ ਕਿਉਂਕਿ ਉਹ ਆਪਣਾ ਬੱਚਾ ਵੀ ਨਾਲ ਲੈ ਗਈ ਸੀ, ਇਸ ਲਈ ਮੈਂ ਐੱਸ.ਐੱਚ.ਉ. ਨੂੰ ਬੁਲਾ ਕੇ ਹਰੀ ਸਿੰਘ ਦੇ ਖਿਲਾਫ ਅਗਵਾ ਆਦਿ ਦੀਆਂ ਧਾਰਾਵਾਂ ਅਧੀਨ ਮੁਕੱਦਮਾ ਦਰਜ਼ ਕਰਨ ਲਈ ਕਹਿ ਦਿੱਤਾ, ਤਾਂ ਜੋ ਕੱਲ੍ਹ ਨੂੰ ਕੋਈ ਪਵਾੜਾ ਨਾ ਪੈ ਜਾਵੇ। ਇਸ ਤੋਂ ਬਾਅਦ ਪੁਲਿਸ ਤਫਤੀਸ਼ ਸ਼ੁਰੂ ਹੋ ਗਈ, ਰਾਜ ਕੁਮਾਰ ਅਤੇ ਉਸ ਦੇ ਸਹੁਰੇ ਸ਼ੰਕਰ ਲਾਲ (ਕਾਲਪਨਿਕ ਨਾਮ) ਨੇ ਹਰੀ ਸਿੰਘ ਦੇ ਜਿਹੜੇ ਵੀ ਟਿਕਾਣੇ ਦੱਸੇ, ਸਭ ਜਗ੍ਹਾ 'ਤੇ ਛਾਪੇ ਮਾਰੇ ਗਏ ਪਰ ਪ੍ਰੇਮੀ ਜੋੜਾ ਗਧੇ ਦੇ ਸਿਰ ਤੋਂ ਸਿੰਗਾਂ ਵਾਂਗ ਗਾਇਬ ਹੋ ਚੁੱਕਿਆ ਸੀ। ਅਖੀਰ ਮਹੀਨੇ ਕੁ ਬਾਅਦ ਪੁਲਿਸ ਕਾਰਵਾਈ ਕੁਝ ਢਿੱਲੀ ਪੈ ਗਈ ਤੇ ਸਭ ਨੇ ਸਮਝ ਲਿਆ, ਉਹ ਪੰਜਾਬ ਛੱਡ ਕੇ ਕਿਤੇ ਦੂਰ ਨਿਕਲ ਗਏ ਹਨ। ਰਾਜ ਕੁਮਾਰ ਤੇ ਸ਼ੰਕਰ ਲਾਲ ਹਫਤੇ ਦਸਾਂ ਦਿਨਾਂ ਬਾਅਦ ਕੇਸ ਬਾਰ ਪੁੱਛਗਿੱਛ ਕਰਨ ਲਈ ਗੇੜਾ ਮਾਰ ਲੈਂਦੇ ਸਨ। ਰਾਜ ਕੁਮਾਰ ਨੂੰ ਆਪਣੇ ਬੱਚੇ ਦਾ ਫਿਕਰ ਸੀ ਤੇ ਸ਼ੰਕਰ ਲਾਲ ਨੂੰ ਆਪਣੀ ਧੀ ਦਾ। ਤਿੰਨ ਕੁ ਮਹੀਨਿਆਂ ਬਾਅਦ ਸ਼ੰਕਰ ਮੇਰੇ ਕੋਲ ਆਇਆ ਤੇ ਕਹਿਣ ਲੱਗਾ ਕਿ ਕਲਪਨਾ ਦਾ ਪਤਾ ਲੱਗ ਗਿਆ ਹੈ।

ਮੈਂ ਉਸੇ ਵੇਲੇ ਇੱਕ ਥਾਣੇਦਾਰ ਤੇ ਤਿੰਨ-ਚਾਰ ਜਵਾਨ ਉਸ ਨਾਲ ਭੇਜ ਦਿੱਤੇ ਤੇ ਉਹ ਸ਼ਾਮ ਤੱਕ ਕਲਪਨਾ ਅਤੇ ਹਰੀ ਸਿੰਘ ਨੂੰ ਪਕੜ ਕੇ ਥਾਣੇ ਲੈ ਆਏ। ਰਾਜ ਕੁਮਾਰ ਨੇ ਕਲਪਨਾ ਨੂੰ ਨਾਲ ਲਿਜਾਣ ਤੋਂ ਸਾਫ ਮਨ੍ਹਾਂ ਕਰ ਦਿੱਤਾ ਤੇ ਉਹ ਆਪਣੇ ਪਿਉ ਨਾਲ ਚਲੀ ਗਈ। ਹਰੀ ਸਿੰਘ ਨੂੰ ਗ੍ਰਿਫਤਾਰ ਕਰਕੇ ਤਿੰਨ ਦਿਨ ਦਾ ਰਿਮਾਂਡ ਹਾਸਲ ਕਰ ਲਿਆ ਗਿਆ। ਉਸ ਦੀ ਪੁੱਛਗਿੱਛ ਤੋਂ ਇਹ ਗੱਲ ਸਾਹਮਣੇ ਆਈ ਕਿ ਭੱਜਣ ਸਮੇਂ ਕਲਪਨਾ 50-60 ਹਜ਼ਾਰ ਰੁਪਏ ਨਾਲ ਲੈ ਗਈ ਸੀ। ਹਰੀ ਸਿੰਘ ਸਿਰੇ ਦਾ ਮਲੰਗ ਸੀ ਤੇ ਸਾਰਾ ਖਰਚਾ ਕਲਪਨਾ ਹੀ ਕਰਦੀ ਰਹੀ ਸੀ। ਉਹ ਪਾਇਲ ਤੋਂ ਬੱਸ ਰਾਹੀਂ ਅੰਮ੍ਰਿਤਸਰ ਪਹੁੰਚੇ ਸਨ ਤੇ ਉਥੇ ਇੱਕ ਗੰਦੀ ਜਿਹੀ ਕਲੋਨੀ ਵਿਚ ਕਿਰਾਏ ਦੇ ਕਮਰੇ ਵਿਚ ਰਹਿਣ ਲੱਗ ਪਏ ਸਨ। ਜਦੋਂ ਕਲਪਨਾ ਦੇ ਪੈਸੇ ਖਤਮ ਹੋ ਗਏ, ਤਾਂ ਹਰੀ ਸਿੰਘ ਦਿਹਾੜੀ-ਦੱਪਾ ਕਰ ਕੇ ਘਰ ਦਾ ਖਰਚਾ ਚਲਾਉਣ ਲੱਗ ਪਿਆ ਸੀ। ਜਦੋਂ ਪੈਸੇ ਖਤਮ ਹੋ ਗਏ, ਤਾਂ ਕਲਪਨਾ ਦੇ ਸਿਰ ਤੋਂ ਇਸ਼ਕ ਦਾ ਭੂਤ ਵੀ ਉੱਤਰ ਗਿਆ। ਉਸ ਨੇ ਹਰੀ ਸਿੰਘ ਨੂੰ ਦੱਸੇ ਬਿਨਾਂ ਹੀ ਆਪਣੇ ਪਿਉ ਨੂੰ ਫੋਨ ਕਰ ਦਿੱਤਾ ਸੀ, ਜਿਸ ਕਾਰਨ ਹਰੀ ਸਿੰਘ ਨੂੰ ਫਰਾਰ ਹੋਣ ਦਾ ਮੌਕਾ ਨਹੀਂ ਸੀ ਮਿਲਿਆ।

ਅਸੀਂ ਸੁੱਖ ਦਾ ਸਾਹ ਲਿਆ ਕਿਉਂਕਿ ਹਰ ਕਰਾਈਮ ਮੀਟਿੰਗ ਵਿਚ ਇਸ ਕੇਸ ਕਾਰਨ ਐੱਸ.ਐੱਸ.ਪੀ. ਕੋਲੋਂ ਝਿੜਕਾਂ ਖਾਣੀਆਂ ਪੈਂਦੀਆਂ ਸਨ। ਪਰ ਕਲਾਈਮੈਕਸ ਅਜੇ ਬਾਕੀ ਸੀ। ਜਿਸ ਦਿਨ ਹਰੀ ਸਿੰਘ ਦਾ ਰਿਮਾਂਡ ਖਤਮ ਹੋਣਾ ਸੀ, ਉਸ ਦਿਨ ਸਵੇਰੇ ਦਸ ਕੁ ਵਜੇ ਕਲਪਨਾ ਤੇ ਉਸ ਦਾ ਪਿਉ ਮੇਰੇ ਦਫਤਰ ਆ ਗਏ। ਸ਼ੰਕਰ ਲਾਲ ਨੇ ਮੈਨੂੰ ਦੱਸਿਆ ਕਿ ਅਸਲ ਵਿਚ ਇਹ ਸਾਰਾ ਕਾਂਡ ਰਾਜ ਕੁਮਾਰ ਨੇ ਕਰਵਾਇਆ ਹੈ ਤੇ ਉਸ ਨੂੰ ਵੀ ਇਸ ਕੇਸ ਵਿਚ ਨਾਮਜ਼ਦ ਕੀਤਾ ਜਾਵੇ। ਇਹ ਸੁਣ ਕੇ ਮੇਰਾ ਦਿਮਾਗ ਘੁੰਮ ਗਿਆ ਤੇ ਮੈਂ ਕਾਰਨ ਪੁੱਛਿਆ। ਇਸ ਦਾ ਜਵਾਬ ਕਲਪਨਾ ਨੇ ਦਿੱਤਾ, ਜੋ ਕੁਝ ਦਿਨ ਪਹਿਲਾਂ ਰੁਲੀ-ਖੁਲੀ ਜਿਹੀ ਸੀ ਪਰ ਹੁਣ ਕਾੜ੍ਹ-ਕਾੜ੍ਹ ਬੋਲ ਰਹੀ ਸੀ। ਉਸ ਨੇ ਕਿਹਾ ਕਿ ਅਸਲ ਵਿਚ ਹਰੀ ਸਿੰਘ ਨਾਲ ਭੱਜਣ ਲਈ ਉਸ ਨੂੰ ਰਾਜ ਕੁਮਾਰ ਨੇ ਮਜਬੂਰ ਕੀਤਾ ਸੀ, ਉਹ ਤਾਂ ਹਰੀ ਸਿੰਘ ਨੂੰ ਜਾਣਦੀ ਵੀ ਨਹੀਂ ਸੀ। ਰਾਜ ਕੁਮਾਰ ਦੇ ਕਿਸੇ ਹੋਰ ਲੜਕੀ ਨਾਲ ਸਬੰਧ ਹਨ ਤੇ ਉਹ ਚਾਹੁੰਦਾ ਸੀ ਕਿ ਮੈਂ ਹਰੀ ਸਿੰਘ ਨਾਲ ਭੱਜ ਕੇ ਬਦਨਾਮ ਹੋ ਜਾਵਾਂ, ਤਾਂ ਜੋ ਉਹ ਮੈਨੂੰ ਤਲਾਕ ਦੇ ਸਕੇ। ਉਸ ਨੇ ਮੈਨੂੰ ਕਿਹਾ ਸੀ ਕਿ ਜੇ ਮੈਂ ਨਾ ਭੱਜੀ, ਤਾਂ ਉਹ ਮੇਰੇ ਬੇਟੇ ਨੂੰ ਕਤਲ ਕਰ ਦੇਵੇਗਾ।

ਮੈਂ ਸੋਚਿਆ ਸ਼ਾਇਦ ਕਲਪਨਾ ਦੀ ਇਹ ਦੂਸਰੀ ਸ਼ਾਦੀ ਹੋਵੇ। ਪਰ ਉਸ ਨੇ ਜਵਾਬ ਦਿੱਤਾ ਕਿ ਇਹ ਉਸ ਦੀ ਪਹਿਲੀ ਸ਼ਾਦੀ ਹੈ ਤੇ ਬੱਚਾ ਰਾਜ ਕੁਮਾਰ ਦਾ ਹੀ ਹੈ। ਮੈਨੂੰ ਖਿਝ ਚੜ੍ਹ ਗਈ, ਮੈਂ ਕਿਹਾ ਕਿ ਤੂੰ ਪਾਇਲ ਤੋਂ ਲੈ ਕੇ ਅੰਮ੍ਰਿਤਸਰ ਤੱਕ 5-6 ਘੰਟੇ ਬੱਸ ਦਾ ਸਫਰ ਕੀਤਾ ਤੇ ਫਿਰ ਤਿੰਨ ਮਹੀਨੇ ਉਥੇ ਰਹੀ। ਇਸ ਸਮੇਂ ਦੌਰਾਨ ਤੈਨੂੰ ਕੋਈ ਪੁਲਿਸ ਵਾਲਾ ਨਾ ਦਿਸਿਆ? ਕਲਪਨਾ ਨੇ ਫਿਰ ਕੁਫਰ ਤੋਲਿਆ ਕਿ ਮੈਂ ਬਹੁਤ ਡਰ ਗਈ ਸੀ ਕਿ ਕਿਤੇ ਮੇਰੇ ਬੇਟੇ ਨੂੰ ਕਤਲ ਨਾ ਕਰ ਦਿੱਤਾ ਜਾਵੇ। ਮੈਂ ਸਮਝ ਗਿਆ ਕਿ ਇਹ ਦੋਵੇਂ ਪਿਉ ਧੀ ਰਾਜ ਕੁਮਾਰ ਨੂੰ ਫਸਾਉਣ ਲਈ ਝੂਠੀ ਕਹਾਣੀ ਘੜ ਕੇ ਆਏ ਹਨ ਕਿਉਂਕਿ ਉਸ ਨੇ ਕਲਪਨਾ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਮੈਂ ਥਾਣੇ ਤੋਂ ਹਰੀ ਸਿੰਘ ਨੂੰ ਬੁਲਾ ਲਿਆ ਤੇ ਉਸ ਨੂੰ ਕਲਪਨਾ ਦੇ ਨਵੇਂ ਬਿਆਨ ਬਾਰੇ ਪੁੱਛਿਆ। ਉਹ ਹੈਰਾਨ ਰਹਿ ਗਿਆ, "ਸਰ ਜੀ ਮੇਰੀ ਕਲਪਨਾ ਨਾਲ ਯਾਰੀ ਤਾਂ ਡੇਢ ਦੋ ਸਾਲ ਤੋਂ ਚੱਲ ਰਹੀ ਹੈ। ਮਾਸਟਰ ਤੜਕੇ 4-5 ਵਜੇ ਦੌੜ ਲਗਾਉਣ ਲਈ ਚਲਾ ਜਾਂਦਾ ਸੀ ਤੇ ਇਹ ਮੈਨੂੰ ਘਰ ਬੁਲਾ ਲੈਂਦੀ ਸੀ ਕਿਉਂਕਿ ਉਸ ਵੇਲੇ ਗਲ੍ਹੀ ਸੁੰਨਸਾਨ ਹੁੰਦੀ ਸੀ। ਜੇ ਮਾਸਟਰ ਨੂੰ ਇਸ ਗੱਲ ਦਾ ਪਤਾ ਲੱਗ ਜਾਂਦਾ, ਤਾਂ ਉਹ ਮੇਰੀਆਂ ਲੱਤਾਂ ਨਾ ਤੋੜ ਦਿੰਦਾ।"

ਪਰ ਉਹ ਦੋਵੇਂ ਪਿਉ-ਧੀ ਐਨੇ ਬੇਸ਼ਰਮ ਸਨ ਕਿ ਹਰੀ ਸਿੰਘ ਵੱਲੋਂ ਖੋਲ੍ਹੇ ਗਏ ਗੁਪਤ ਭੇਤਾਂ ਦੇ ਬਾਵਜੂਦ ਕਹਿਣ ਲੱਗੇ ਕਿ ਇਹ ਤਾਂ ਰਾਜ ਕੁਮਾਰ ਨਾਲ ਰਲਿਆ ਹੋਇਆ ਹੈ। ਜਦੋਂ ਉਹ ਨਾ ਹਟੇ, ਤਾਂ ਮੈਂ ਦੋਵਾਂ ਨੂੰ ਦਫਤਰ ਵਿਚੋਂ ਬਾਹਰ ਕੱਢ ਦਿੱਤਾ ਤੇ ਸ਼ੰਕਰ ਲਾਲ ਨੂੰ ਕਿਹਾ, "ਮੈਂ ਆਪਣੀ ਨੌਕਰੀ ਦੌਰਾਨ ਬੜੇ ਵੱਡੇ-ਵੱਡੇ ਬੇਅਣਖੇ ਬੰਦੇ ਵੇਖੇ ਹਨ, ਪਰ ਤੇਰੇ ਵਰਗਾ ਘਟੀਆ ਬੰਦਾ ਅੱਜ ਤੱਕ ਨਹੀਂ ਵੇਖਿਆ। ਕੋਈ ਹੋਰ ਹੁੰਦਾ ਤਾਂ ਹਰੀ ਸਿੰਘ ਵੱਲੋਂ ਕਹੀਆਂ ਗੱਲਾਂ ਸੁਣ ਕੇ ਚੱਪਣੀ ਵਿਚ ਨੱਕ ਡੋਬ ਕੇ ਮਰ ਜਾਂਦਾ।" ਪਰ ਉਹ ਢੀਠ ਬੰਦਾ ਉੱਚ ਅਫਸਰਾਂ ਦੇ ਪੇਸ਼ ਹੋਣ ਦੀਆਂ ਧਮਕੀਆਂ ਦਿੰਦਾ ਹੋਇਆ ਉਥੋਂ ਚਲਾ ਗਿਆ।

# ਇੱਕ ਔਰਤ ਦੇ ਕਈ ਰੂਪਾਂ ਅਤੇ ਵੱਖੋ-ਵੱਖ ਚਰਿੱਤਰਾਂ ਦਾ ਵਰਨਣ ਕਰਦਾ ਨਾਵਲ "ਕਰਮਾਂ ਵਾਲ਼ੀ ਧੀ"

## ਪੁਸਤਕ ਸਮੀਖਿਆ




-ਸ਼ਿਵਚਰਨ ਜੱਗੀ ਕੁੱਸਾ
jaggikussa@yahoo.de
ਪੰਜਾਬ ਮੇਲ USA



ਨਾਵਲਾਂ ਦੀ ਨਿਰਪੱਖ ਸਮੀਖਿਆ ਕਰਦਿਆਂ ਮੈਂ ਕਈ ਵਾਰ ਉਨ੍ਹਾਂ 'ਮਹਾਂਰਥੀਆਂ' ਦੇ ਨਜ਼ਲੇ ਦਾ ਸ਼ਿਕਾਰ ਹੋਇਆ ਹਾਂ, ਜੋ ਹਰਨਾਕਸ਼ ਵਾਂਗ ਆਪਣੀ ਹਾਉਮੈ ਨੂੰ ਪੱਠੇ ਪਾਉਣ ਲਈ "ਤੁਮ ਖ਼ੁਦਾ - ਤੁਮ ਖ਼ੁਦਾ" ਹੀ ਸੁਣਨਾ ਚਾਹੁੰਦੇ ਹਨ। ਸ਼ਾਇਦ ਮੇਰੀ ਬਗੈਰ ਕਿਸੇ ਸੁਆਰਥ, ਜਾਂ ਲੋਭਲਾਲਚ ਦੇ ਕੀਤੀ ਸਮੀਖਿਆ ਨਾਲ਼ ਉਨ੍ਹਾਂ ਦੀ 'ਹੈਂਕੜ' ਨੂੰ 'ਠੇਸ' ਪਹੁੰਚਦੀ ਹੋਵੇ ਕਿ ਸਾਡੇ ਸਮੁੰਦਰ ਵਿਚ ਆ ਕੇ, ਅਤੇ ਸਾਨੂੰ ਮਗਰਮੱਛਾਂ ਨੂੰ ਤਿਲਾਂਜਲੀ ਦੇ ਕੇ, ਇਹ 'ਕਾਫ਼ਰ' "ਗ਼ੈਰ ਕਬੀਲੇ" ਦੇ ਮਾਨਵ ਦੀ ਉਸਤਿਤ ਕਰ ਰਿਹਾ ਹੈ...? ਹੋ ਸਕਦਾ ਹੈ ਕਿ ਕੋਈ ਆਪਣਾ ਵਿਰੋਧ ਦਰਜ਼ ਕਰਵਾਉਣ ਲਈ 'ਖਣਪੱਟੀ' ਲੈ ਕੇ ਵੀ ਪੈ ਜਾਵੇ...??

ਮੈਨੂੰ ਇੱਥੇ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਗੁਰਚਰਨ ਸੱਗੂ ਦਾ ਹੱਥਲਾ ਨਾਵਲ "ਕਰਮਾਂ ਵਾਲ਼ੀ ਧੀ" ਇਸ ਦਹਾਕੇ ਦਾ ਇੱਕ ਬਿਹਤਰੀਨ, ਅਲੌਕਿਕ ਅਤੇ ਵਿਲੱਖਣ ਨਾਵਲਾਂ ਵਿਚ ਗਿਣਿਆਂ ਜਾਣ ਵਾਲ਼ਾ ਨਾਵਲ ਹੈ। ਮੈਂ ਇਹੀ ਲਫ਼ਜ਼ ਕਦੇ ਸਵਰਗੀ ਬਾਪੂ ਜਸਵੰਤ ਸਿੰਘ ਕੰਵਲ ਦੇ ਨਾਵਲ "ਤੌਸ਼ਾਲੀ ਦੀ ਹੰਸੋ" ਅਤੇ ਮਰਹੂਮ ਗੁਰਦਿਆਲ ਸਿੰਘ ਦੇ ਨਾਵਲ "ਪਰਸਾ" ਲਈ ਵੀ ਵਰਤੇ ਸਨ। ਕਈ ਸ਼ਾਇਦ ਹੁਣ ਵੀ ਸਿੰਗ ਮਿੱਟੀ ਚੁੱਕਣ, ਕਿ ਜਸਵੰਤ ਸਿੰਘ ਕੰਵਲ ਅਤੇ ਗੁਰਦਿਆਲ ਸਿੰਘ ਵਰਗੇ ਪ੍ਰੌੜ ਨਾਵਲਕਾਰਾਂ ਨਾਲ਼ ਇਸ ਲੇਖਕ ਦੀ ਬਰਾਬਰੀ ਕਿਉਂ...? ਉਹ ਇਸ ਲਈ, ਕਿ ਤੁਸੀਂ ਮੁਰਦਿਆਂ ਨੂੰ ਪੂਜਣ ਵਾਲ਼ੇ ਹੋ, ਅਤੇ ਮੈਂ ਜਿਉਂਦੇ ਜੀਆਂ ਦੀ ਕਦਰ ਕਰਨਾ ਆਪਣਾ ਫ਼ਰਜ਼ ਸਮਝਦਾ ਅਤੇ ਫ਼ਰਜ਼ ਮੰਨਦਾ ਹਾਂ। ਤੁਸੀਂ ਕਦੇ ਪੱਖਪਾਤ, ਨਫ਼ਰਤ, ਠਿੱਬੀ ਲਾਉਣ ਅਤੇ ਇੱਕ-ਦੂਜੇ ਦਾ ਝੱਗਾ ਪਾੜ ਕੇ ਅੱਗੇ ਲੰਘਣ ਦੀ ਦੌੜ ਵਾਲ਼ੀ ਪੰਜਾਲ਼ੀ ਵਿਚੋਂ ਆਪਣੀ 'ਸਿਰੀ' ਬਾਹਰ ਕੱਢ ਕੇ ਤਾਂ ਦੇਖੋ, ਕਿ ਦੁਨੀਆਂ ਕਿੰਨੀ ਹੁਸੀਨ ਅਤੇ ਪਰ੍ਹੇ ਤੋਂ ਪਰ੍ਹੇ ਪਈ ਹੈ। ਜੇ ਦੁੱਖਾਂ ਤਕਲੀਫ਼ਾਂ ਤੋਂ ਲੈ ਕੇ ਪ੍ਰਮਾਰਥ ਤੱਕ ਦਾ ਸਫ਼ਰ ਕਰਨਾ ਹੈ, ਤਾਂ ਤੁਹਾਨੂੰ ਗੁਰਚਰਨ ਸੱਗੂ ਦਾ ਇਹ ਨਾਵਲ ਪੜ੍ਹਨਾ ਪਵੇਗਾ। ਉੱਤਰ ਤੁਹਾਨੂੰ ਆਪਣੇ ਆਪ ਹੀ ਮਿਲ਼ ਜਾਵੇਗਾ।

ਇਹ ਨਾਵਲ ਇੱਕ ਬਦਕਿਸਮਤ ਲੜਕੀ 'ਕਰਮੀ' ਦੇ ਦੁਆਲ਼ੇ ਘੁੰਮਦਾ ਹੈ, ਜਿਸ ਦਾ ਪਤੀ ਇੱਕ ਬਹੁਤ ਹੀ ਖ਼ਤਰਨਾਕ ਅਤੇ ਘਾਤਕ ਬਿਮਾਰੀ "ਬਾਈਪੋਲਰ ਡਿਸਔਰਡਰ" ਨਾਲ਼ ਪੀੜਤ ਹੈ ਅਤੇ ਆਪਣੀ ਪਤਨੀ ਕਰਮੀ ਉੱਪਰ ਅਥਾਹ ਸਰੀਰਕ ਅਤੇ ਮਾਨਸਿਕ ਜ਼ੁਲਮ ਕਰਦਾ ਹੈ। "ਕਰਮਾਂ ਵਾਲ਼ੀ ਧੀ" ਨਾਮ ਉਸ ਦੇ ਬਾਪ ਨੇ ਹੀ ਰੱਖਿਆ ਸੀ, ਜਦ ਉਸ ਦੇ ਜਨਮ ਤੋਂ ਬਾਅਦ ਘਰ ਵਿਚ ਪੈਸਾ ਹੀ ਪੈਸਾ 'ਵਰ੍ਹਨਾਂ' ਸ਼ੁਰੂ ਹੋ ਗਿਆ ਸੀ। ਪਰ ਬਾਅਦ ਵਿਚ ਉਹ ਇਸ ਨਾਮ ਬਾਰੇ ਆਪਣੇ ਬਾਪ ਨੂੰ ਸੁਆਲ ਕਰਦੀ ਹੈ, "ਕਿਉਂ ਮੇਰਾ ਨਾਂ ਕਰਮਾਂ ਵਾਲ਼ੀ ਰੱਖਿਆ...? ਮੈਂ ਤਾਂ ਨਿਕਰਮਣ ਹਾਂ...! .. ਨਿਕਰਮਣ...!!" ਗੁਰਚਰਨ ਸੱਗੂ ਦਾ ਨਾਵਲ ਪੜ੍ਹਦਿਆਂ ਮੈਨੂੰ ਕਿਸੇ ਬੁੱਧੀਜੀਵੀ ਦਾ ਕਥਨ ਯਾਦ ਆਉਂਦੈ, "ਇੱਕ ਮਜਬੂਤ ਔਰਤ ਬਣਨ ਲਈ ਤੁਹਾਨੂੰ ਮਰਦਾਨਾ ਕਿਰਦਾਰ ਨਿਭਾਉਣ ਦੀ ਲੋੜ ਨਹੀਂ ਹੈ। ਔਰਤਾਂ ਜਦ ਆਪਣੀਆਂ ਕਮਜ਼ੋਰੀਆਂ ਨਾਲ਼ 'ਲੈੱਸ' ਹੁੰਦੀਆਂ ਨੇ, ਤਾਂ ਉਹ ਕਦੇ ਵੀ ਤਾਕਤਵਰ ਨਹੀਂ ਹੁੰਦੀਆਂ।"

ਇਹ ਨਾਵਲ ਇੱਕ ਦੁਖਿਆਰੀ ਕੁੜੀ ਕਰਮੀ ਦੀ ਤ੍ਰਾਸਦੀ ਅਤੇ ਦੁੱਖਾਂ ਦੀ ਕਹਾਣੀ ਉੱਪਰ ਆਧਾਰਿਤ ਹੈ, ਜਿਸ ਨੂੰ ਨਾ ਆਪਣਿਆਂ ਨੇ, ਤੇ ਨਾ ਕਦੇ ਕਿਸਮਤ ਨੇ ਹੀ ਵਫ਼ਾ ਕੀਤਾ। ਉਸ ਦੇ ਦੁੱਖਾਂ ਦੀ ਚਰਮ ਸੀਮਾਂ ਤਾਂ ਉਸ ਵੇਲ਼ੇ ਅਸਮਾਨ ਛੂਹ ਜਾਂਦੀ ਹੈ, ਜਦ ਲੰਡਨ ਰਵਾਨਗੀ ਸਮੇਂ ਉਸ ਦੇ ਆਪਣੇ ਹੀ ਉਸ ਦਾ ਬੱਚਾ ਖੋਹ ਲੈਂਦੇ ਹਨ ਅਤੇ ਉਸ ਬੱਚੇ ਦਾ ਵਿਛੋੜਾ ਉਸ ਨੂੰ ਸਾਰੀ ਉਮਰ ਕੌਡੀਆਂ ਵਾਲ਼ੇ ਸੱਪ ਵਾਂਗ ਡੰਗਦਾ ਰਹਿੰਦਾ ਹੈ। ਇਸ ਦੁਖਿਆਰੀ ਔਰਤ ਕਰਮੀ ਨੂੰ ਥਾਂ-ਥਾਂ ਧੱਕੇ ਨਸੀਬ ਹੁੰਦੇ ਹਨ, ਪੈਰ-ਪੈਰ 'ਤੇ ਹਾਦਸਾ ਇੱਟ ਵਾਂਗ ਮੱਥੇ ਵੱਜਦੈ, ਪਰ ਉਸ ਦਾ ਹੌਸਲਾ ਹੀ ਇਤਨਾ ਫ਼ੌਲਾਦੀ ਹੈ, ਕਿ ਉਹ ਫ਼ਿਰ ਵੀ ਜ਼ਿੰਦਗੀ ਦਾ ਪੰਧ ਮਾਰਨ ਲਈ ਲਹੂ-ਲੁਹਾਣ ਆਤਮਾ ਨੂੰ ਸਬਰ ਅਤੇ ਆਸ ਦੇ ਪੱਲੇ ਨਾਲ਼ ਸਾਫ਼ ਕਰ ਕੇ ਅੱਗੇ ਤੁਰ ਪੈਂਦੀ ਹੈ।

ਗੁਰਚਰਨ ਸੱਗੂ ਦੀ ਲਿਖਣ ਕਲਾ ਵਿਚ ਰਵਾਨਗੀ ਹੈ, ਸਹਿਜ ਹੈ, ਜੋ ਬਹੁਤ ਘੱਟ ਲੇਖਕਾਂ ਦੇ ਹਿੱਸੇ ਆਉਂਦਾ ਹੈ। ਉਹ ਕਰਮੀ ਦੇ ਬਦ ਤੋਂ ਬਦਤਰ ਹਾਲਾਤਾਂ ਨਾਲ਼ ਗੁੱਥਮ-ਗੁੱਥਾ ਹੁੰਦਾ ਹੋਇਆ ਵੀ ਆਪਣਾ ਜਾਬਤਾ ਬਣਾਈ ਰੱਖਦਾ ਹੈ, ਖ਼ੁਦ ਕਿਤੇ ਉਲਾਰ ਨਹੀਂ ਹੁੰਦਾ ਅਤੇ ਨਾ ਹੀ ਆਪਣੀਆਂ ਖ਼ੂਨੋਂ-ਖ਼ੂਨ ਭਾਵਨਾਵਾਂ ਦੀ ਪਟਾਰੀ ਖਿਲਰਨ ਦਿੰਦੈ, ਸਗੋਂ ਕਹਾਣੀ ਅਤੇ ਜਜ਼ਬਾਤਾਂ ਦੇ ਵਹਿਣ ਦਾ ਸੰਤੁਲਨ ਬਰਕਰਾਰ ਰੱਖਦਾ ਹੈ। ਇਸ ਦਾ ਪ੍ਰਤੱਖ ਸਬੂਤ ਇਹ ਹੈ ਕਿ ਇੱਕ ਅਖ਼ਬਾਰੀ ਇਸ਼ਤਿਹਾਰ ਦੀ ਪੌੜੀ ਚੜ੍ਹ ਕਰਮੀ ਇੱਕ ਅਮਰਜੀਤ ਨਾਂ ਦੇ ਵਿਅਕਤੀ ਨਾਲ਼ 'ਨੇੜਤਾ' ਗੰਢਦੀ ਹੈ, ਪਰ ਕਿਸਮਤ ਫ਼ਿਰ ਵੀ ਉਸ ਨੂੰ ਡਾਹ ਨਹੀਂ ਦਿੰਦੀ ਅਤੇ ਅਮਰਜੀਤ ਇੱਕ ਘਾਤਕ ਬਿਮਾਰੀ ਦਾ ਸ਼ਿਕਾਰ ਹੋਣ ਕਾਰਨ ਕਰਮੀ ਦੇ ਬੁਣੇ ਹੁਸੀਨ ਸੁਪਨਿਆਂ ਦਾ ਭੋਗ ਪੈ ਜਾਂਦਾ ਹੈ। ਚਾਹੇ ਕਰਮੀ ਦੀ ਜ਼ਿੰਦਗੀ ਦੇ ਰਸਤੇ ਵਿਚ ਹਰ ਮੋੜ 'ਤੇ ਔਕੜਾਂ ਆਉਂਦੀਆਂ ਹਨ, ਪਰ ਉਹ ਹੌਂਸਲਾ ਨਹੀਂ ਹਾਰਦੀ ਅਤੇ ਹਰ ਔਕੜ ਨੂੰ ਠੁੱਡ ਮਾਰ ਕੇ ਅਗਲੀ ਔਕੜ ਦਾ ਹੰਕਾਰ ਤੋੜਨ ਲਈ ਸਾਹਸ ਨਾਲ਼ ਅੱਗੇ ਵਧਦੀ ਹੈ। ਪਰ ਇੱਕ ਗੱਲ ਉਸ ਨੂੰ ਘਰੇਲੂ ਹਿੰਸਾ ਨਾਲ਼ੋਂ ਵੀ ਜ਼ਿਆਦਾ ਅਵਾਜ਼ਾਰ ਕਰਦੀ ਹੈ, ਜਦ ਸਾਹਮਣੇ ਰਹਿੰਦੀ ਇੱਕ ਚਤਰ ਜਿਹੀ ਆਂਟੀ ਉਸ ਦਾ ਰਿਸ਼ਤਾ ਆਪਣੇ ਉਮਰ ਹੰਢਾਈ ਬੈਠੇ ਬੇਟੇ ਨਾਲ਼ ਕਰਨਾ ਚਾਹੁੰਦੀ ਹੈ, ਜੋ ਇੰਡੀਆ ਬੈਠਾ ਹੈ। ਉਥੇ ਕਰਮੀ ਅੰਦਰੇ-ਅੰਦਰ ਆਪਣੀ ਕਿਸਮਤ 'ਤੇ ਝੂਰਦੀ ਅਤੇ ਇਨ੍ਹਾਂ ਸੁਆਰਥੀ ਲੋਕਾਂ ਉੱਪਰ ਮੁਸਕਰਾਉਂਦੀ ਕਿਸੇ ਚਿਖ਼ਾ ਵਾਂਗ ਹਾਉਕਾ ਭਰਦੀ ਹੈ। ਜਿਵੇਂ ਇੱਕ ਪਸ਼ੂ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜਦਾ, ਮੌਤ ਨਾਲ਼ ਜੂਝਦਾ ਹੁੰਦਾ ਹੈ, ਅਤੇ ਹੱਡਾਰੋੜੀ ਵਾਲ਼ੇ ਰੰਬੀਆਂ ਚੁੱਕੀ ਉਸ ਦੇ ਮਰਨ ਦੀ ਉਡੀਕ ਕਰ ਰਹੇ ਹੁੰਦੇ ਨੇ, ਕਿ ਕਦ ਮਰੇ, ਅਤੇ ਕਦੋਂ ਇਸ ਦੀ ਖੱਲ ਲਾਹ ਕੇ ਵੇਚੀਏ। ਇਹ ਦੁਨੀਆਂ ਵੀ ਇਨ੍ਹਾਂ ਨਕਸ਼ੇ ਕਦਮਾਂ 'ਤੇ ਚੱਲਦੀ ਹੈ, ਕਿਸੇ ਦੇ ਦੁਖ-ਸੁਖ ਦੀ ਦਿਲੋਂ ਭਾਈਵਾਲ਼ ਨਹੀਂ। ਬੱਸ ਲਾਹਾ ਲੈਣ ਦੀ 'ਤਾਕ' ਵਿਚ ਹੀ ਰਹਿੰਦੀ ਹੈ। ਉਸ ਦਾ ਧੱਕੇ ਨਾਲ਼ ਕੀਤਾ 'ਨਰੜ' ਅਤੇ ਆਪਣੇ ਸੁਆਰਥ ਨੂੰ ਮੁੱਖ ਰੱਖ ਕੇ ਪੱਲੇ ਪਾਇਆ ਮਾਨਸਿਕ ਰੋਗੀ ਪਤੀ ਕਿਵੇਂ ਉਸ ਨੂੰ ਨਿੱਕੀ-ਨਿੱਕੀ ਗੱਲ ਤੋਂ ਕੁੱਟ ਕੇ ਮੱਛੀਓਂ ਮਾਸ ਕਰਦਾ ਅਤੇ ਮਾਨਸਿਕ ਤਸ਼ੱਦਦ ਦੀ ਅੱਗ ਵਿਚ ਝੋਕਦਾ ਹੈ, ਪੜ੍ਹ ਕੇ ਬੰਦੇ ਦੀ ਰੂਹ ਕੰਬ ਉਠਦੀ ਹੈ। ਚਾਹੇ ਇਹ ਨਾਵਲ 'ਘਰੇਲੂ ਕਲੇਸ਼' ਦੁਆਲ਼ੇ ਘੁੰਮਦਾ ਹੈ, ਇਸ ਨੂੰ ਪੜ੍ਹ ਕੇ ਬੰਦਾ ਕਈ ਜਗਾਹ ਅਸ਼ਾਂਤ ਅਤੇ ਬੇਚੈਨ ਵੀ ਹੁੰਦਾ ਹੈ, ਪਰ ਜਦ ਰਾਣੀ, ਗੀਟਾ ਅਤੇ ਅਨੀਤਾ ਜਿਹੀਆਂ ਸਤਿਯੁਗੀ ਅਤੇ ਹਮਦਰਦ ਔਰਤਾਂ ਦੀ ਹਾਜ਼ਰੀ ਲੱਗਦੀ ਹੈ, ਤਾਂ ਪਾਠਕ ਕਾਫ਼ੀ ਹੱਦ ਤੱਕ 'ਸਾਂਅਵਾਂ' ਅਤੇ ਸੁਖ਼ਾਲ਼ਾ ਹੋ ਕੇ ਸੋਚਦਾ ਹੈ ਕਿ ਜੇ ਪੰਜ ਉਂਗਲ਼ਾਂ ਇੱਕੋ ਜਿਹੀਆਂ ਨਹੀਂ, ਤਾਂ ਸਾਰੀ ਦੁਨੀਆਂ ਵੀ ਲਹੂ ਪੀਣੀ, ਕਮੀਨੀ ਅਤੇ ਮਤਲਬੀ ਨਹੀਂ।

ਜਿਵੇਂ ਪਵਿੱਤਰ ਗੁਰਬਾਣੀ ਦਾ ਫ਼ੁਰਮਾਨ ਹੈ; ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ॥ ਉਸ ਹਿਸਾਬ ਨਾਲ਼ ਸੁਖ ਅਤੇ ਦੁੱਖ ਕੱਪੜਿਆਂ ਦੀ ਤਰ੍ਹਾਂ ਹਨ ਅਤੇ ਮਨੁੱਖ ਪਹਿਨਦਾ ਰਹਿੰਦਾ ਹੈ। ਪਰ ਇਸ ਸਰੀਰ ਦਾ ਅੰਤ ਉਸ 'ਅਟੱਲ' ਮੌਤ ਨਾਲ਼ ਹੀ ਹੁੰਦਾ ਹੈ, ਜੋ ਰਾਜੇ ਅਤੇ ਰੰਕ, ਸਭ ਨੂੰ ਆਉਣੀ ਹੈ। ਸੱਗੂ ਇਸ ਨਾਵਲ ਦੇ ਅਖੀਰ ਵਿਚ ਇੱਕ ਅਧਿਆਤਮਕ ਨਿਚੋੜ ਕੱਢਦਾ ਹੈ; ਇਨਸਾਨ ਦੇ ਹਰ ਦੁੱਖ ਦਾ ਕੋਈ ਨਾ ਕੋਈ ਕਾਰਨ ਹੁੰਦਾ ਹੈ, ਅਤੇ ਹਰ ਦੁੱਖ ਤੋਂ ਛੁਟਕਾਰਾ ਪਾਉਣ ਲਈ ਕੋਈ ਨਾ ਕੋਈ ਰਸਤਾ ਵੀ ਬਣ ਜਾਂਦਾ ਹੈ...। ਅੱਗੇ ਜਾ ਕੇ ਉਹ ਲਿਖਦਾ ਹੈ; ਇਨਸਾਨ ਦੀ ਸਿਰਫ਼ ਸਰੀਰਕ ਪੱਖੋਂ ਮੌਤ ਹੁੰਦੀ ਹੈ, ਆਤਮਾ ਕਦੇ ਮਰਦੀ ਨਹੀਂ...।

ਨਾਵਲ ਦੀ ਸਿਖਰ ਉਪਲੱਬਧੀ ਇਹ ਹੈ, ਜਦੋਂ ਨਾਵਲ ਦੇ ਅਖੀਰ ਵਿਚ ਮ੍ਰਿਤਕ ਪਾਤਰ ਅਮਰਜੀਤ, ਕਰਮੀ ਨੂੰ, ਜਾਂ ਕਹੋ ਕਰਮੀ ਦੀ 'ਰੂਹ' ਨੂੰ ਬ੍ਰਹਿਮੰਡ ਵਿਚ ਲੈ ਜਾਂਦਾ ਹੈ ਅਤੇ ਉਸ ਨੂੰ ਸੂਫ਼ੀ, ਸੰਤ, ਫ਼ਕੀਰਾਂ, ਔਲੀਆਂ ਅਤੇ ਹੋਰ ਰੱਬੀ ਰੂਹਾਂ ਦੇ ਦਰਸ਼ਣ ਕਰਵਾਉਂਦਾ ਹੈ। ...ਪਰ ਜਦ ਅਚਨਚੇਤ ਉਸ ਦੀ ਅੱਖ ਖੁੱਲ੍ਹਦੀ ਹੈ, ਤਾਂ ਉਹ ਮੁੜ ਆਪਣੇ ਆਪ ਨੂੰ ਧਰਤੀ 'ਤੇ ਮਹਿਸੂਸ ਕਰਦੀ ਹੈ। ਹੁਣ ਜਿਵੇਂ ਉਸ ਕੋਲ਼ੋਂ ਬਹੁਤ ਕੁਝ 'ਖੁੱਸ' ਗਿਆ ਸੀ। ਨਾ ਉਸ ਨਾਲ਼ ਅਮਰਜੀਤ ਸੀ, ਅਤੇ ਨਾ ਹੀ ਉਹ ਰੱਬੀ ਰੂਹਾਂ, ਜਿਨ੍ਹਾਂ ਦੇ ਉਹ ਥੋੜ੍ਹੀ ਦੇਰ ਪਹਿਲਾਂ ਦਰਸ਼ਣ ਕਰ ਕੇ ਨਿਹਾਲ ਹੋ ਰਹੀ ਸੀ। ਦੁੱਖ ਦੇ ਸਮੇਂ ਰੱਬ ਦੀ ਹੋਂਦ ਤੋਂ ਮੁਨੱਕਰ ਕਰਮੀ ਹੁਣ ਰੱਬ ਨੂੰ, ਬ੍ਰਹਿਮੰਡ ਨੂੰ 'ਆਪਣਾ' ਮਹਿਸੂਸ ਕਰ ਰਹੀ ਸੀ। ਦੁਨਿਆਵੀ ਨਰਕਾਂ ਤੋਂ ਪ੍ਰਮਾਰਥ ਦੇ ਸਵਰਗ ਤੱਕ ਦੇ ਸਫ਼ਰ ਦੀ ਕਹਾਣੀ ਦਾ ਬਿਰਤਾਂਤ ਸਿਰਜਦਾ ਇਹ ਨਾਵਲ "ਕਰਮਾਂ ਵਾਲ਼ੀ ਧੀ" ਇੱਕ ਸਫ਼ਲ ਅਤੇ ਬੇਹੱਦ ਭਾਵੁਕ ਨਾਵਲ ਹੈ, ਜਿਸ ਦੀਆਂ ਸਾਹਿਤਕ ਸੱਥਾਂ ਵਿਚ ਦੇਰ ਤੱਕ ਗੱਲਾਂ ਹੁੰਦੀਆਂ ਰਹਿਣਗੀਆਂ। ਕਈ ਵਿਧਾਵਾਂ ਵਿਚ ਢਾਲ਼ੇ ਇਸ ਰੌਚਿਕ ਨਾਵਲ ਲਈ ਮੈਂ ਗੁਰਚਰਨ ਸੱਗੂ ਨੂੰ ਹਾਰਦਿਕ ਵਧਾਈ ਪੇਸ਼ ਕਰਦਾ ਹਾਂ। ਆਸ ਹੈ ਸਾਡੇ ਸਾਹਿਤਕ 'ਮਹਾਂਰਥੀ' ਆਪਣੀਆਂ ਅੱਖਾਂ ਤੋਂ ਪੱਖਪਾਤੀ ਅਤੇ ਧੜ੍ਹੇਬੰਦੀ ਦੀ ਕਾਲ਼ੀ ਪੱਟੀ ਉਤਾਰ ਕੇ ਅਜਿਹੇ ਨਾਵਲਾਂ ਉੱਪਰ ਵੀ ਆਪਣੀ ਦ੍ਰਿਸ਼ਟੀ ਪਾਉਣਗੇ।

# ਦ ਦੁਬਈ ਮਾਲ ਬਣਿਆ ਅੰਤਰਰਾਸ਼ਟਰੀ ਮਸ਼ਹੂਰ ਹਸਤੀਆਂ ਦੀ ਸ਼ਾਪਿੰਗ ਦਾ ਕੇਂਦਰ

## ਟੋਰਾਂਟੋ ਤੋਂ ਦੁਬਈ ਦੂਰ

ਅਨਿਲ ਧੀਰ
ਬਰੈਂਪਟਨ, ਕੈਨੇਡਾ
647-853-5800
ਪੰਜਾਬ ਮੇਲ USA

ਦੁਨੀਆਂ ਭਰ 'ਚ ਮਸ਼ਹੂਰ ਅੰਤਰਰਾਸ਼ਟਰੀ ਰਿਟੇਲ ਸਟੋਰਾਂ ਦਾ ਗੜ੍ਹ "ਦ ਦੁਬਈ ਮਾਲ" ਜਾਣ ਦਾ ਮੌਕਾ ਮਿਲਿਆ। ਰਿਟੇਲ ਦੁਨੀਆਂ 'ਚ ਰਿਟੇਲ ਅਤੇ ਜੀਵਨ ਸ਼ੈਲੀ ਲਈ ਮਸ਼ਹੂਰ ਦੁਬਈ ਮਾਲ, ਡਾਊਨਟਾਊਨ ਦੁਬਈ 'ਚ ਸਥਿਤ ਹੈ, ਜੋ ਹਰ ਸਾਲ 100 ਮਿਲੀਅਨ ਤੋਂ ਵੱਧ ਲੋਕਾਂ ਦਾ ਵੈਲਕਮ ਕਰਦਾ ਹੈ। ਇਸ ਦੁਬਈ ਮਾਲ 'ਚ 1200 ਤੋਂ ਵੱਧ ਰਿਟੇਲ ਆਊਟਲੇਟ ਹਨ, ਜਿਸ 'ਚ 2 ਐਂਕਰ ਡਿਪਾਰਟਮੈਂਟ ਸਟੋਰ, ਗੈਲਰੀਜ਼ ਲਾਫੇਏਟ ਅਤੇ ਬਲੂਮਿੰਗਡੇਲਜ਼, 200 ਤੋਂ ਵੱਧ ਅੰਤਰਰਾਸ਼ਟਰੀ ਖਾਣੇ ਦੇ ਅਨੁਭਵਾਂ ਦੇ ਨਾਲ-ਨਾਲ ਫੈਮਿਲੀ ਲਈ ਮਨੋਰੰਜਨ ਅਤੇ ਬਹੁਤ ਸਾਰੇ ਆਕਰਸ਼ਣ ਸ਼ਾਮਲ ਹਨ। ਇਹ 1,124,000 ਵਰਗ ਮੀਟਰ ਦੇ ਕੁੱਲ ਖੇਤਰ ਨੂੰ ਕਵਰ ਕਰਨ ਵਾਲੇ ਦੁਨੀਆਂ ਦੇ ਸਭ ਤੋਂ ਵੱਡੇ ਮਾਲ ਵਜੋਂ ਜਾਣਿਆ ਜਾਂਦਾ ਹੈ। ਇੱਕਲੇ ਫੈਸ਼ਨ ਐਵੇਨਿਊ 'ਚ 150 ਤੋਂ ਵੱਧ ਚੋਟੀ ਦੇ ਅੰਤਰਰਾਸ਼ਟਰੀ ਅਤੇ ਲੋਕਲ ਬ੍ਰਾਂਡ ਹਨ, ਜਦੋਂ ਕਿ ਨਵੇਂ ਜ਼ਬੀਲ ਐਕਸਟੈਂਸ਼ਨ ਨੇ ਮਾਲ ਦੀ ਵਸਤੂ ਸੂਚੀ 'ਚ ਇੱਕ ਨਵਾਂ ਮਾਪ ਅਤੇ ਸਟੋਰ ਗਿਣਤੀ ਸ਼ਾਮਲ ਕੀਤੀ ਹੈ।

ਮਿੱਠੇ ਦੰਦਾਂ ਵਾਲੇ ਲੋਕਾਂ ਲਈ, ਦੁਬਈ ਮਾਲ ਤੁਹਾਨੂੰ ਸੰਤੁਸ਼ਟ ਕਰੇਗਾ। ਇਹ ਸੁਆਦੀ ਕੈਂਡੀ ਨਾਲ ਭਰਿਆ ਸਭ ਤੋਂ ਵੱਡਾ ਕੈਂਡੀ ਸਟੋਰ ਹੋਣ ਲਈ ਜਾਣਿਆ ਜਾਂਦਾ ਹੈ। ਇਹ ਸਟੋਰ 10,000 ਫੁੱਟ ਤੱਕ ਫੈਲਿਆ ਹੋਇਆ ਹੈ। ਆਖਰੀ ਪਰ ਘੱਟੋ-ਘੱਟ ਨਹੀਂ, ਤੁਸੀਂ ਦੁਬਈ ਮਾਲ 'ਚ 22 ਸਕ੍ਰੀਨ ਫਲੈਗਸ਼ਿਪ ਰੀਅਲ ਸਿਨੇਮਾ ਦਾ ਕਦੇ ਨਾ ਭੱਲਣ ਵਾਲਾ ਅਨੁਭਵ ਕਰ ਸਕਦੇ ਹੋ। ਦੁਬਈ ਮਾਲ ਹਰ ਕਿਸੇ ਨੂੰ ਖਰੀਦਦਾਰੀ, ਮਨੋਰੰਜਨ, ਫੈਸ਼ਨ ਅਤੇ ਖਾਣੇ ਦਾ ਸੰਪੂਰਨ ਮਿਸ਼ਰਣ ਪ੍ਰਦਾਨ ਕਰਦਾ ਹੈ।

### ਜਾਣਕਾਰੀ ਲਵੋ:

- ਦੁਬਈ ਮਾਲ, 4 ਨਵੰਬਰ 2008 'ਚ ਲਗਭਗ 1000 ਮਸ਼ਹੂਰ ਰਿਟੇਲ ਸਟੋਰਾਂ ਨਾਲ ਪਬਲਿਕ ਲਈ ਖੋਲ੍ਹਿਆ ਗਿਆ ਸੀ।
- ਦ ਦੁਬਈ ਮਾਲ ਲਈ ਮਸ਼ਹੂਰ ਹੈ ਕਿ ਇੱਕੋ ਛੱਤ ਹੇਠ ਅੰਤਰਰਾਸ਼ਟਰੀ ਤੇ ਸਥਾਨਕ ਸਟੋਰਾਂ ਤੋਂ ਸ਼ਾਪਿੰਗ ਦੇ ਨਾਲ-ਨਾਲ ਹਰ ਕਿਸਮ ਦੇ ਕੈਫੇ ਅਤੇ ਰੇਸਤਰਾ, ਅਮਰੀਕੀ, ਬ੍ਰਿਟਿਸ਼, ਫ੍ਰੈਂਚ, ਚੀਨੀ, ਭਾਰਤੀ ਅਤੇ ਮੱਧ ਪੂਰਵੀ ਪਕਵਾਨਾਂ ਦਾ, ਤੁਸੀਂ ਹਰ ਕਿਸਮ ਦਾ ਸੁਆਦ ਵੀ ਲੈ ਸਕਦੇ ਹੋ। ਮਾਲ ਅੰਦਰ ਮਸ਼ਹੂਰ ਬੇਕਰੀਆਂ ਦੇ ਸੁਆਦੀ ਸਨੈਕਸ ਦਾ ਅਨੰਦ ਲੈ ਸਕਦੇ ਹੋ। ਖਾਣ-ਪੀਣ ਦੇ ਸਥਾਨ, ਐਂਜਲੀਨਾ, ਈਟਾਲੀ, ਗੈਲਰੀਜ਼ ਲੇਫਾਈਟੀ ਲੀ ਗੋਰਮੇਟ (10 ਵੱਖ-ਵੱਖ ਕਿਚਨ ਦੇ ਸੁਆਦੀ ਪਕਵਾਨ) ਅਤੇ ਮੈਗਨੋਲੀਆ ਬੇਕਰੀ ਦੇ ਲਾਈਟ ਸਨੈਕਸ ਦਾ ਅਲੱਗ ਹੀ ਸੁਆਦ ਹੈ।
- ਦੁਬਈ ਮਾਲ 'ਚ ਪਾਰਕਿੰਗ ਦੀ ਕਦੇ ਵੀ ਮੁਸ਼ਕਲ ਨਹੀਂ ਆਉਂਦੀ, ਕਿਉਂਕਿ ਇੱਕੋ ਸਮੇਂ 'ਚ ਕਰੀਬਨ 14,000 ਕਾਰਾਂ ਪਾਰਕ ਹੋ ਸਕਦੀਆਂ ਹਨ।
- ਦੁਬਈ ਮਾਲ 'ਚ ਫ੍ਰੀ ਵਾਈਫਾਈ, ਮੋਬਾਈਲ ਚਾਰਜਿੰਗ ਸਟੇਸ਼ਨ ਅਤੇ ਏ.ਟੀ.ਐੱਮ. ਉਪਲਬਧ ਹਨ।
- ਵਿਸ਼ਵ ਪ੍ਰਸਿੱਧ ਬ੍ਰਾਂਡਾਂ ਦੇ ਸਟੋਰ ਅਰਮਾਨੀ, ਚੈਨਲ, ਡਾਇਓਰ, ਡੋਲਸ ਐਂਡ ਗਬਾਨਾ, ਫੈਂਡੀ, ਗੁੱਕੀ, ਹਰਮੀਸ, ਰੈਲਫ ਲਾਰੇਨ ਅਤੇ ਵਰਸੇਸ, ਫੈਸ਼ਨ ਐਵੇਨਿਊ ਵਿਖੇ ਆਪਣੇ ਨਵੇਂ-ਨਵੇਂ ਪ੍ਰਾਡਕਟ ਖਰੀਦੇ ਜਾ ਸਕਦੇ ਹਨ।
- ਦੁਬਈ ਮਾਲ ਅੰਦਰ ਇੱਕ ਸੁੰਦਰ ਝਰਨੇ ਨੇ ਮਨ ਨੂੰ ਮੋਹ ਲਿਆ। ਇੱਸ ਸਿੱਧੇ ਝਰਨੇ 'ਚ ਕੁੱਝ ਚਾਂਦੀ ਦੀਆਂ ਮੂਰਤੀਆਂ ਹਨ, ਜੋ ਝਰਨੇ ਦੇ ਵਹਾਅ ਨਾਲ ਡੁਬਕੀ ਮਾਰਦੀਆਂ ਹਨ। ਇਹ ਕੈਚ ਹੈ, ਜੇ ਤੁਸੀਂ ਇੱਕ ਗੋਤਾਖੋਰ ਨੂੰ ਦੇਖਦੇ ਹੋ, ਤਾਂ ਬਾਕੀ ਅਲੋਪ ਹੋ ਜਾਂਦੇ ਹਨ। ਜਾਦੂਈ, ਠੀਕ ਹੈ? ਕੈਸਕੇਡ ਦੇ ਉਲਟ ਇੱਕ ਕੈਫੇ 'ਚ ਸੀਟ ਲੈ ਕੇ ਅਤੇ ਨਾ ਭੁੱਲਣ ਵਾਲਾ ਅਨੁਭਵ ਮਹਿਸੂਸ ਕਰ ਸਕਦੇ ਹੋ।
- ਦੁਬਈ ਮਾਲ ਓਲੰਪਿਕ ਆਕਾਰ ਦਾ ਇੱਕ ਆਈਸ ਰਿੰਕ-ਆਈਸ ਸਕੇਟਿੰਗ ਦੁਬਈ ਮਾਲ 'ਚ ਇੱਕ ਪ੍ਰਸਿੱਧ ਗਤੀਵਿਧੀ ਹੈ। ਜਦੋਂ ਦੁਬਈ 'ਚ ਆਈਸ ਰਿੰਕ ਦੀ ਗੱਲ ਆਉਂਦੀ ਹੈ, ਤਾਂ ਦੁਬਈ ਮਾਲ ਆਈਸ ਰਿੰਕ ਇਸਦੇ ਆਕਾਰ ਅਤੇ ਕੱਦ ਦੇ ਨਾਲ ਵੱਖਰਾ ਹੈ। ਇਹ ਆਈਸ ਰਿੰਕ, ਜੋ ਕਿ ਓਲੰਪਿਕ ਸਮਾਗਮਾਂ ਦੇ ਅਨੁਕੂਲ ਹੋਣ ਲਈ ਵੱਢਾ ਹੈ, ਇੱਕ ਬਰਫ ਦਾ ਬਿਸਤਰਾ ਹੈ, ਜੋ 1.5 ਇੰਚ ਮੋਟਾ ਹੈ, ਜੋ ਕਿ ਐੱਨ.ਐੱਚ.ਐੱਲ. ਮਾਪਦੰਡਾਂ ਤੋਂ ਵੱਧ ਹੈ। ਅਮੀਰਾਤ ਹਾਕੀ ਲੀਗ ਦੀਆਂ ਸਾਰੀਆਂ ਕਾਰਵਾਈਆਂ ਵੀ ਉਸੇ ਸਥਾਨ 'ਤੇ ਹੁੰਦੀਆਂ ਹਨ।
- ਇਸ ਮਾਲ ਅੰਦਰ ਇੱਕ ਗੋਲਡ ਏ.ਟੀ.ਐੱਮ. ਵੀ ਹੈ, ਜਿੱਥੇ ਗੋਲਡ ਬਾਰ, ਅਤੇ ਗੋਲਡ ਸਿੱਕੇ ਵੀ ਖਰੀਦ ਸਕਦੇ ਹੋ। ਦੁਬਈ ਮਾਲ ਘੁੰਮਣ ਦਾ ਇੱਕ ਅੱਲਗ ਹੀ ਨਜ਼ਾਰਾ ਸੀ।










## ਡੇਰਾਵਾਦ

ਡੇਰਿਆਂ ਦੇ ਵਿਚ ਧਰਮ ਦੀ ਥਾਂ 'ਤੇ, ਦੇਖੋ ਕੀ ਸਰਕਾਰ ਹੋ ਰਿਹਾ।
ਪੰਥ ਦੇ ਧੀਆਂ ਪੁੱਤਰਾਂ ਦੇ ਨਾਲ ਤੌਬਾ ਜੋ ਵਿਭਚਾਰ ਹੋ ਰਿਹਾ।

ਗੁਰਾਂ ਦੀ ਸੀ ਗ੍ਰਿਹਸਥੀ ਸਿੱਖੀ, ਪਰ ਬਿਹੰਗਮ ਹੋ ਗਏ ਬਾਬੇ,
ਕੁਦਰਤ ਦੇ ਵਿਰੋਧੀ ਹੋ ਕੇ, ਦਾਗੀ ਹਰ ਕਿਰਦਾਰ ਹੋ ਰਿਹਾ।

ਕਿਰਤ ਕਰਨੀ, ਨਾਮ ਜਪਣਾ, ਤੇ ਵੰਡ ਛਕਣਾ ਸਿੱਖੀ ਹੈ,
ਵਿਹਲੜਾਂ ਦਾ ਸਿੱਖੀ 'ਤੇ ਕਬਜ਼ਾ, ਪਰ ਹੁਣ ਮਾਰੋ ਮਾਰ ਹੋ ਰਿਹਾ।

ਪੰਥ ਦੇ ਚੌਕੀਦਾਰ ਹੀ ਪੰਥਕ ਵੈਰੀਆਂ ਦੇ ਨਾਲ ਜਾ ਰਲੇ ਜੋ,
ਖਾਲਸਾਈ ਤਖਤਾਂ ਦੇ ਉੱਤੇ, ਬਿਪਰ ਦਾ ਅਧਿਕਾਰ ਹੋ ਰਿਹਾ।

ਮੰਨ ਕੇ ਦੋਸ਼ ਅਕਾਲੀ ਦਲੀਏ, ਜ਼ੁਰਮ ਫੇਰ ਵੀ ਕਰਦੇ ਰਹਿੰਦੇ,
ਮੀਰੀ ਪੀਰੀ ਦੋਹਾਂ ਦਾ ਹੀ ਰੁਤਬਾ ਤਾਰੋ ਤਾਰ ਹੋ ਰਿਹਾ।


ਵਿਹਲੜ ਸਾਧਾਂ ਨੂੰ ਹੁਣ ਦੇਖੋ, ਅੰਗ ਰਾਖੇ ਦੇਵਣ ਸਰਕਾਰਾਂ,
ਸਿੱਖੀ ਦੀ ਇਜਾਰੇਦਾਰੀ ਦਾ ਬੜਾ ਹੰਕਾਰ ਹੋ ਰਿਹਾ।

ਬਾਣੀ ਗੁਰੂ ਗੁਰੂ ਹੈ ਬਾਣੀ 'ਤੇ ਹੀ ਪਹਿਰਾ ਦੇਣਾ ਸੀ,
ਬੂਬਨਿਆਂ ਦੇ ਪੈਰੀਂ ਪੈ ਕੇ ਮਿੱਟੀ ਪਰ ਕਿਰਦਾਰ ਹੋ ਰਿਹਾ।

ਕਾਰ ਸੇਵਾ ਦੇ ਬਾਬਿਆਂ ਨੇ ਕੁਝ ਐਸੀ ਕਾਰ ਸੇਵਾ ਹੈ ਕੀਤੀ,
ਸੰਗਮਰਮਰ ਹੀ ਸਿੱਖ ਵਿਰਾਸਤ ਦੇ ਉੱਤੇ ਸਰਦਾਰ ਹੋ ਰਿਹਾ।

ਗੁਰਸਿੱਖਾਂ ਦੀ ਚਰਨ ਧੂੜ ਤਾਂ ਮੱਥੇ ਲਈ ਮੁਬਾਰਕ ਹੈ,
ਵਿਅਕਤੀਵਾਦੀ ਪੂਜਾ ਤੋਂ ਪਰ 'ਢੇਸੀ' ਨੂੰ ਇਨਕਾਰ ਹੋ ਰਿਹਾ।

-ਕੁਲਵੰਤ ਸਿੰਘ 'ਢੇਸੀ'



ਪੰਜਾਬ ਮੇਲ USA

## ਤਿਲਕ ਜੰਞੂ ਦਾ ਰਾਖਾ

ਸਿੱਖ ਧਰਮ ਦੇ ਨੌਵੇਂ ਸਤਿਗੁਰ, ਨਾਮ ਹੈ ਤੇਗ਼ ਬਹਾਦਰ
ਦੀਨ-ਦੁਖੀ ਨੂੰ ਦਿੱਤਾ ਆਸਰਾ, ਬਣੇ ਹਿੰਦ ਦੀ ਚਾਦਰ।

ਮੁੱਢ ਤੋਂ ਸਨ ਉਹ ਪਰਉਪਕਾਰੀ, ਦੁਖ ਨਾ ਕਿਸੇ ਦਾ ਸਹਿੰਦੇ
ਦੂਜੇ ਦੀ ਬਿਪਤਾ ਨੂੰ ਜਰਦੇ, ਸਿਮਰਨ ਦੇ ਵਿਚ ਰਹਿੰਦੇ।

ਆਪਣੇ ਗੁਰੂ-ਪਿਤਾ ਨਾਲ ਉਨ੍ਹਾਂ, ਜੰਗ ਵਿਚ ਜੌਹਰ ਵਿਖਾਏ
ਮੱਖਣ ਸ਼ਾਹ ਦੇ ਡੁੱਬਦੇ ਬੇੜੇ, ਮੋਢਾ ਲਾਇ ਤਰਾਏ।

ਗੁਰੂ ਤਪੱਸਿਆ ਕਰਦੇ ਭੋਰੇ, ਬਾਹਰ ਝੂਠ ਗੁਰ ਬਾਝੋਂ
ਮੱਖਣ ਸ਼ਾਹ ਚੜ੍ਹ ਉੱਚੇ ਆਖਿਆ: 'ਗੁਰ ਸੱਚਾ ਮੈਂ ਲਾਧੋ'।

ਗੁਰੂ ਨਾਨਕ ਤੋਂ ਪਿੱਛੋਂ ਸਤਿਗੁਰ, ਲੰਮੀ ਯਾਤਰਾ ਕੀਤੀ
ਨਾ ਭੈਅ ਦੇਣਾ, ਨਾ ਭੈਅ ਮੰਨਣਾ- ਇਹ ਸੀ ਆਪਦੀ ਨੀਤੀ।

ਨੌਂ ਸਾਲ ਦਾ ਪੁੱਤਰ ਛੱਡ ਕੇ, ਦਿੱਲੀ ਚੱਲ ਕੇ ਆਏ
ਪੁੱਛ ਵੰਗਾਰ ਔਰੰਗੇ ਤਾਈਂ, ਇਹ ਕੀ ਜ਼ੁਲਮ ਕਮਾਏ?

ਚਾਂਦਨੀ ਚੌਂਕ 'ਚ ਬੈਠੇ ਸਤਿਗੁਰ, ਸ਼ਾਂਤ ਅਹਿਲ ਅਡੋਲ
ਲਿਖਣ ਵੇਲੇ ਕਾਨੀ ਰੁਕ ਜਾਂਦੀ, ਜੀਭ ਨਾ ਸਕਦੀ ਬੋਲ।

ਜੱਲਾਦਾਂ ਨੇ ਹੁਕਮ ਵਜਾਇਆ, ਪਲ ਦੇਰੀ ਨਾ ਲਾਈ
ਸੀਸ ਜੁਦਾ ਧੜ ਨਾਲੋਂ ਕੀਤਾ, ਰੋਵੇ ਕੁੱਲ ਲੋਕਾਈ।

ਤਿਲਕ-ਜੰਞੂ ਦੀ ਰੱਖਿਆ ਖਾਤਰ, ਦਿੱਤਾ ਗੁਰ ਬਲੀਦਾਨ
ਹਿੰਦੂ ਧਰਮ ਬਚਾਵਣ ਦੇ ਲਈ, ਕੀਤੀ ਜਿੰਦ ਕੁਰਬਾਨ।

ਗੁਰੂ ਸਾਹਿਬ ਦੇ ਸ਼ਬਦ ਉਨਾਹਟ, ਅਤੇ ਸ਼ਲੋਕ ਸਤਵੰਜਾ
ਭੈੜਿਓਂ ਚੰਗਾ ਬਣ ਜਾਵੇ, ਮਨ ਨਾਲ ਪੜ੍ਹੇ ਜੇ ਬੰਦਾ।

ਐਸੇ ਗੁਰੂ ਨੂੰ ਯਾਦ ਕਰਨ ਤੇ, ਮਿਲ ਜਾਵਣ ਨੌਂ ਨਿਧੀਆਂ
ਧੰਨ ਗੁਰੂ ਆਖੇ ਜਦ 'ਰੂਹੀ', ਪੁੱਠੀਆਂ ਹੋਵਣ ਸਿੱਧੀਆਂ।

-ਪ੍ਰੋ. ਨਵ ਸੰਗੀਤ ਸਿੰਘ, ਪਟਿਆਲਾ
94176-92015



ਪੰਜਾਬ ਮੇਲ USA

## ਨਕਲੀ ਚਿਹਰੇ

ਨਕਲੀ ਚਿਹਰੇ ਵਿੱਚੋਂ ਹੋਰ
ਠਿੱਬੀ ਲਾਉਣ ਨੂੰ ਲਾਉਂਦੇ ਜ਼ੋਰ
ਸਾਹਮਣੇ ਕਰਨ ਉਹ ਜੈ ਜੈਕਾਰ
ਪਿੱਛੋਂ ਕਰਨ ਹੋਰ ਦੀ ਹੋਰ

ਮੂੰਹ ਦੇ ਮਿੱਠੜੇ ਕਲਾਵੇ ਲੈਣ
ਦਿਲ ਦੇ ਵਿਚ ਕੋਈ ਖੋਟ ਹੋਰ
ਕਹਿਣ ਭਾਵੇਂ ਉਹ ਅਸੀਂ ਹਾਂ ਤੇਰੇ
ਅੰਦਰੋਂ ਨੇ ਉਹ ਵੱਡੇ ਚੋਰ

ਮੁਖੌਟਾ ਲਾ ਕੇ ਵਿਚਰਨ ਉਹ
ਕੀਤਾ ਨਾ ਕਦੇ ਇਸ 'ਤੇ ਗੌਰ
ਭੇਤ ਨ ਪਵੇ ਕਦੇ ਕਿਸੇ ਦਾ
ਲਾ ਲਓ ਭਾਵੇਂ ਜਿੰਨਾ ਜ਼ੋਰ
'ਰੰਧਾਵਾ' ਨਹੀਂ ਹੈ ਇੱਡਾ ਭੋਲਾ
ਰਹਿੰਦਾ ਹਰ ਦਮ ਆਪਣੀ ਟੋਰ
ਦੁਨੀਆਂ ਦੇਖੀ ਹੰਡੀ ਵਰਤੀ
ਤੂੰ ਨਹੀਂ ਤਾਂ ਬਥੇਰੇ ਹੋਰ

-ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
ਫੋਨ: +1 (916) 320-9444



ਪੰਜਾਬ ਮੇਲ USA

## ਠੰਡਾ ਬੁਰਜ ਤੇ ਠੰਡੀਆਂ ਰਾਤਾਂ

ਠੰਡਾ ਬੁਰਜ ਤੇ ਠੰਡੀਆਂ ਰਾਤਾਂ ਠੰਡੀ ਵਗੇ ਹਵਾ।
ਦਾਦੀ ਮਾਂ ਪੋਤਿਆਂ ਨੂੰ ਬੈਠੀ ਘੁੱਟ ਕਲੇਜੇ ਲਾ।

ਸਰਸਾ ਨਦੀ 'ਤੇ ਪਏ ਵਿਛੋੜੇ
ਪ੍ਰੀਵਾਰ ਵਿਛੜ ਗਿਆ ਸਾਰਾ
ਗੰਗੂ ਰਸੋਈਏ ਨੇ ਘਰ ਰੱਖਕੇ
ਦਗਾ ਕਮਾਇਆ ਭਾਰਾ
ਸਹਿਰ ਮੋਰਿੰਡੇ ਥਾਣੇ ਜਾਕੇ
ਲਿਆਇਆ ਪੁਲਿਸ ਚੜ੍ਹਾਅ।
ਠੰਡਾ ਬੁਰਜ ਤੇ ਠੰਡੀਆਂ ਰਾਤਾਂ...।

ਜੋਰਾਵਰ ਤੇ ਫਤਹਿ ਸਿੰਘ ਦੋ
ਤੀਜੀ ਮਾਤ ਸੀ ਗੁਜਰੀ
ਪੋਹ ਦੀਆਂ ਰਾਤਾਂ ਬਿਨਾਂ ਰਜਾਈਆਂ
ਕਿਵੇਂ ਰਾਤ ਸੀ ਗੁਜਰੀ
ਪਿਉ ਦਾਦੇ ਦੀਆਂ ਬੀਰਤਾ
ਭਰੀਆਂ ਬਾਤਾਂ ਰਹੀ ਸੁਣਾ।
ਠੰਡਾ ਬੁਰਜ ਤੇ ਠੰਡੀਆਂ ਰਾਤਾਂ ...।

ਮੋਤੀ ਮਹਿਰੇ ਪੁੰਨ ਕਮਾਇਆ
ਦੁੱਧ ਪਿਲਾਉਂਦਾ ਜਾਕੇ
ਤਿੰਨਾਂ ਦੇ ਨਾਲ ਦੁੱਖ-ਸੁੱਖ ਕਰਦਾ
ਠੰਡੇ ਬੁਰਜ 'ਚ ਆਕੇ
ਸਰਹੰਦ ਸਹਿਰ ਵਿਚ ਖਾਨ ਵਜੀਦਾ
ਰਿਹਾ ਜ਼ੁਲਮ ਸੀ ਢਾਹ।
ਠੰਡਾ ਬੁਰਜ ਤੇ ਠੰਡੀਆਂ ਰਾਤਾਂ ...।

ਹੱਥਕੜੀਆਂ ਲਾ ਬੱਚਿਆਂ ਤਾਈਂ
ਲੈਗੇ ਵਿੱਚ ਕਚਿਹਰੀ
ਇਸਲਾਮ ਕਬੂਲ ਕਰਨ ਲਈ ਕਹਿੰਦੇ
ਸਿੱਖ ਧਰਮ ਦੇ ਵੈਰੀ
ਸਾਹਿਬਜ਼ਾਦਿਆਂ ਜਾਕੇ
ਦਿੱਤੀ ਗੱਜਕੇ ਫਤਹਿ ਬੁਲਾ।
ਠੰਡਾ ਬੁਰਜ ਤੇ ਠੰਡੀਆਂ ਰਾਤਾਂ ...।

ਨਵਾਬ ਮਲੇਰਕੋਟਲੇ ਵਾਲੇ ਨੇ ਜਾ
ਮਾਰਿਆ ਹਾਅ ਦਾ ਨਾਅਰਾ
ਕਿਉਂ ਸੂਬਿਆ ਤੂੰ ਜ਼ੁਲਮ ਕਮਾਉਨੈਂ
ਬੱਚਿਆਂ ਉੱਤੇ ਭਾਰਾ
ਸੁੱਚਾ ਨੰਦ ਨੇ ਸੂਬੇ ਨੂੰ ਫਿਰ
ਦਿੱਤਾ ਸੀ ਭੜਕਾ।
ਠੰਡਾ ਬੁਰਜ ਤੇ ਠੰਡੀਆਂ ਰਾਤਾਂ...।

ਜਿਉਂਦੇ ਕੰਧ 'ਚ ਚਿਣੇ ਜਾਣ ਦਾ
ਕਾਜ਼ੀ ਫ਼ਤਵਾ ਲਾਇਆ
ਦਸਮੇਸ਼ ਪਿਤਾ ਦੇ ਲਾਲਾਂ ਨੇ ਅੱਜ
ਧਰਮ ਹੈ ਰੱਖ ਵਿਖਾਇਆ
ਨਿੱਕੀਆਂ ਜਿੰਦਾਂ ਵੱਡੇ ਸਾਕੇ
ਗਏ ਮਲਕੀਤ ਵਿਖਾ।
ਠੰਡਾ ਬੁਰਜ ਤੇ ਠੰਡੀਆਂ ਰਾਤਾਂ
ਠੰਡੀ ਵਗੇ ਹਵਾ।

ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 79865-28225
(Punjab Mail USA)



## ਵੋਟ

ਗੱਲ ਜ਼ਰੂਰੀ ਸਭਨਾਂ ਨੂੰ ਜਾ ਕੇ ਸਮਝਾਉਣੀ ਏ
ਇੱਕ ਜੂਨ ਨੂੰ ਸਭ ਤੋਂ ਪਹਿਲਾਂ ਵੋਟ ਹੀ ਪਾਉਣੀ ਏ

ਖ਼ਤਮ ਭ੍ਰਿਸ਼ਟਾਚਾਰ ਜੇ ਕਰਨਾ
ਪਾੜ ਅਮੀਰ ਗਰੀਬ ਦਾ ਭਰਨਾ
ਵੇਖੀਂ ਵੋਟ ਨੇ ਜਾਦੂ ਕਰਨਾ
ਫੇਰ ਨਾ ਕਿਧਰੇ ਲੱਗਣਾ ਧਰਨਾ
ਬੇਰੁਜ਼ਗਾਰੀ ਦੀ ਜੇ ਚਾਹੁੰਦੇ ਅਲਖ ਮਿਟਾਉਣੀ ਏ
ਤਾਂ ਇੱਕ ਜੂਨ ਨੂੰ ਸਭ ਤੋਂ ਪਹਿਲਾਂ ਵੋਟ ਹੀ ਪਾਉਣੀ ਏ

ਮਾਵਾਂ ਦੇ ਪੁੱਤ ਉਮਰ ਹੰਢਾਵਣ
ਉੱਦਮੀ ਬਣਨ ਭਵਿੱਖ ਸਜਾਵਣ
ਚਿੱਟੇ ਵਾਲੀ ਦਲਦਲ ਵਿਚੋਂ
ਹਿੰਮਤ ਕਰਕੇ ਬਾਹਰ ਆਵਣ
ਨਸ਼ਿਆਂ ਦੇ ਦਰਿਆ ਨੂੰ ਜੇਕਰ ਰੋਕ ਲਗਾਉਣੀ ਏ
ਤਾਂ ਇੱਕ ਜੂਨ ਨੂੰ ਸਭ ਤੋਂ ਪਹਿਲਾਂ ਵੋਟ ਹੀ ਪਾਉਣੀ ਏ

ਚਾਹੁੰਦੇ ਜੇ ਬਦਲਾਵ ਲਿਆਉਣਾ
ਸਹੀ ਨਿਜ਼ਾਮ ਅਸਾਂ ਜੇ ਪਾਉਣਾ
ਦੁਨੀਆਂ ਵਾਲੇ ਨਕਸ਼ੇ ਉੱਤੇ
ਭਾਰਤ ਦਾ ਜੇ ਨਾਂ ਚਮਕਾਉਣਾ
ਸ਼ਾਨ ਤਿਰੰਗੇ ਦੀ ਜੇ ਜੱਗ 'ਤੇ ਹੋਰ ਵਧਾਉਣੀ ਏ
ਤਾਂ ਇੱਕ ਜੂਨ ਨੂੰ ਸਭ ਤੋਂ ਪਹਿਲਾਂ ਵੋਟ ਹੀ ਪਾਉਣੀ ਏ

ਧਰਮ ਜਾਤ ਨੂੰ ਨਾ ਭੜਕਾਈਏ
ਦੇਸ਼ ਦੀ ਖਾਤਰ ਫਰਜ਼ ਨਿਭਾਈਏ
ਹਿੰਸਾ ਖੂਨ ਖਰਾਬੇ ਛੱਡ ਕੇ
ਸ਼ਾਂਤਮਈ ਚੋਣਾਂ ਕਰਵਾਈਏ
ਲੋਕਤੰਤਰੀ ਢੰਗ ਨਾਲ ਗੁੱਥੀ ਹਰ ਸੁਲਝਾਉਣੀ ਏ
ਤਾਂ ਇੱਕ ਜੂਨ ਨੂੰ ਸਭ ਤੋਂ ਪਹਿਲਾਂ ਵੋਟ ਹੀ ਪਾਉਣੀ ਏ

- ਨਿਰਮਲ ਸਿੰਘ ਰੱਤਾ।
84270-07623

ਪੰਜਾਬ ਮੇਲ USA

## ਦੁਨੀਆਂ ਬਹੁਰੰਗੀ

ਕੁੱਝ ਫੁੱਲ ਬਣੇ ਕੁੱਝ ਖਾਰ ਬਣੇ,
ਕੁੱਝ ਖੰਜਰ ਕੁੱਝ ਤਲਵਾਰ ਬਣੇ।

ਕੁੱਝ ਸੀਨੇ ਉੱਤੇ ਕਰ ਵਾਰ ਗਏ,
ਕੁੱਝ ਗਲੇ ਦੇ ਬਣ ਸ਼ਿੰਗਾਰ ਗਏ।

ਕੁੱਝ ਉਮਰ ਦੇ ਕਰ ਬਿਪਾਰ ਗਏ,
ਕੁੱਝ ਸਦਾ ਦੇ ਕਰ ਬਿਮਾਰ ਗਏ।

ਕੁੱਝ ਜਿਉਂਦੇ ਜੀਅ ਨੇ ਸਾੜ ਗਏ,
ਕੁੱਝ ਪੀੜਾਂ ਦੇਹ ਸੀਨਾ ਪਾੜ ਗਏ।

ਕੁੱਝ ਜ਼ਖਮਾਂ ਉੱਤੇ ਲੂਣ ਭੁੱਕ ਗਏ,
ਕੁੱਝ ਸਾਡਾ ਖਾ ਸਾਡੇ 'ਤੇ ਥੁੱਕ ਗਏ।

ਕੁੱਝ ਰੜਕਾਂ ਕੱਢ ਕੱਢ ਮੁੱਕ ਗਏ,
ਕੁੱਝ ਬੜਕਾਂ ਮਾਰ ਮਾਰ ਲੁਕ ਗਏ।

ਕੁੱਝ ਬਣ ਗਏ ਸਿਆਣੇ ਕਾਂ ਜਿਹੇ,
ਕੁੱਝ ਜਾਪਦੇ ਹਨ ਨਿਰੇ ਗਾਂ ਜਿਹੇ।

ਕੁੱਝ ਸਮਝ ਨਾ ਆਉਂਦਾ ਨੂਰਪੁਰੀ,
ਕਦੇ ਦੁਨੀਆਂ ਲੱਗਦੀ ਹੂਰ ਪਰੀ।

ਇਹ ਬਹੁ ਰੰਗ ਦੁਨੀਆਂ ਦੇ ਜਾਣੋ,
ਛੱਡ ਝੂਠੇ ਸੰਗ ਸੱਚ ਜੱਗ 'ਤੇ ਮਾਣੋ।

-ਸੇਵਾ ਸਿੰਘ ਨੂਰਪੁਰੀ



ਪੰਜਾਬ ਮੇਲ USA



RE/MAX

RE/MAX
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567



Gurjatinder S. Randhawa
REALTOR CA DRE licence # 01490567

## FOR SALE & PURCHASE OF ANY KIND OF PROPERTY

## ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

**Gurjatinder S. Randhawa**

**916-320-9444**

web: www.RealtorRandhawa.com

garysingh123@yahoo.com